Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-5, ਅੰਕ-9, ਅਕਤੂਬਰ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300




ਸੀਰੀਆ ਦੀ ਗਹਿਗੱਚ ਲੜਾਈ ਤੋਂ ਜਾਨ ਬਚਾਉਣ ਲਈ ਘਰੋਂ ਬੇਘਰ ਹੋਏ ਇਕ ਸੀਰੀਆਈ ਪਰਿਵਾਰ ਦੇ ਮਾਸੂਮ ਬੱਚੇ ਅਲਾਨ ਕੁਰਦੀ ਦੀਆਂ ਡੁੱਬ ਕੇ ਮਰਨ ਦੀਆਂ ਤਸਵੀਰਾਂ ਨੇ ਸਮੁੱਚੇ ਜਗਤ ਦੇ ਇਨਸਾਫ਼ ਪਸੰਦ ਲੋਕਾਂ ਦਾ ਦਿਲ ਹਲੂਣ ਕੇ ਰੱਖ ਦਿੱਤਾ ਹੈ। ਅਲਾਨ ਆਪਣੇ ਪਰਿਵਾਰ ਦੇ ਡੁੱਬ ਕੇ ਮਰਨ ਵਾਲੇ ਤਿੰਨ ਜੀਆਂ ਵਿਚੋਂ ਇਕ ਸੀ, ਜਿਹੜੇ ਤੁਰਕੀ ਦੇ ਸਮੁੰਦਰੀ ਕਿਨਾਰੇ ਦੇ ਸ਼ਹਿਰ ਬੋਦਰਸ ਤੋਂ ਗਰੀਕ ਦੇ ਕੋਸ ਟਾਪੂ ਨੂੰ ਸਮੁੰਦਰੀ ਰਸਤੇ ਪਾਰ ਕਰਨ ਦੀ ਕੋਸ਼ਿਸ਼ ਵਿਚ ਸਨ। ਇਸ ਮਾਸੂਮ ਜਿੰਦ ਦੀ ਮੌਤ ਤੋਂ ਬਾਅਦ ਤੁਰਕੀ ਦੇ ਸਮੁੰਦਰ ਕਿਨਾਰੇ ਤੈਰਦੀ ਲਾਸ਼ ਦੀ ਤਸਵੀਰ ਨੇ, ਯੂਰੋਪ ਅਤੇ ਹੋਰ ਮੁਲਕਾਂ ਵੱਲ ਜਾ ਰਹੇ ਸੀਰੀਆਈ ਸ਼ਰਨਾਰਥੀ ਸਮੱਸਿਆ ਦੀ ਭਿਆਨਕਤਾ ਨੂੰ ਉਜਾਗਰ ਕਰ ਦਿੱਤਾ ਹੈ।

ਅਲਾਨ ਦਾ ਪੰਜ ਸਾਲ ਦਾ ਭਰਾ, ਗਾਲਿਬ ਅਤੇ ਉਨ੍ਹਾਂ ਦੀ ਮਾਂ, ਰੇਹਾਨਾ ਵੀ ਇਸ ਘਟਨਾ ਵਿਚ ਮਰ ਗਏ ਹਨ। ਬੱਚਿਆਂ ਦਾ ਬਾਪ, ਅਬਦੁੱਲਾ ਇਸ ਘਟਨਾ ਵਿਚ ਬਚ ਗਿਆ ਅਤੇ ਆਪਣੇ ਪਰਿਵਾਰ ਦੀਆਂ ਲਾਸ਼ਾਂ ਲੈ ਕੇ ਦਫ਼ਨਾਉਣ ਲਈ ਆਪਣੇ ਸ਼ਹਿਰ ਕੋਬਾਨੀ ਪਰਤ ਗਿਆ।

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਕੋਕੁਇਟਲਾਮ ਵਿਖੇ ਰਹਿੰਦੀ ਬੱਚਿਆਂ ਦੀ ਭੂਆ ਟੀਮਾ ਕੁਰਦੀ ਨੇ ਸ਼ਰਨਾਰਥੀ ਸਮੱਸਿਆ ਦਾ ਸ਼ਿਕਾਰ ਲੋਕਾਂ ਦੀਆਂ ਮੁਸ਼ਕਿਲਾਂ ਲਈ ਲੜਨ ਅਤੇ ਹੱਲ ਦੀ ਮੰਗ ਕਰਨ ਦਾ ਬੀੜਾ ਆਪਣੇ ਸਿਰ ਲਿਆ ਹੈ। ਉਹ ਯੂਰੋਪ ਦੇਸ਼ਾਂ ਦੇ ਸਿਆਸਤਦਾਨਾਂ ਨੂੰ ਦੇਸ਼ਾਂ ਦੀਆਂ ਹੱਦਾਂ ਖੋਲ੍ਹਣ ਦੀ ਅਪੀਲ ਕਰ ਰਹੀ ਹੈ ਤਾਂ ਕਿ ਜਾਨ ਬਚਾਉਣ ਲਈ ਸ਼ਰਨ ਮੰਗ ਰਹੇ ਸ਼ਰਨਾਰਥੀਆਂ ਨੂੰ ਰਾਹਤ ਮਿਲ ਸਕੇ।

ਟੀਮਾ ਕੁਰਦੀ ਨੇ ਕਿਹਾ ਹੈ "ਸਾਰੇ ਸੰਸਾਰ ਲਈ ਇਹ ਮੇਰਾ ਸੁਨੇਹਾ ਹੈ ਕਿ ਮੇਰੇ ਭਰਾ ਦੇ ਪਰਿਵਾਰ ਨੂੰ ਬਚਾਉਣ ਲਈ ਇਹ ਬਹੁਤ ਦੇਰ ਸੀ ਪਰ ਲੱਖਾਂ ਹੀ ਹੋਰ ਬੱਚੇ ਨੂੰ ਮਦਦ ਦੀ ਸਖ਼ਤ ਜ਼ਰੂਰਤ ਹੈ।" ਉਸ ਨੇ ਵੈਨਕੂਵਰ ਵਿਖੇ ਬੋਲਦਿਆਂ ਕਿਹਾ ਕਿ "ਮੈਂ ਮਹਿਸੂਸ ਕਰਦੀ ਹਾਂ ਕਿ ਨੰਨ੍ਹਾਂ ਅਲਾਨ ਸੰਸਾਰ ਨੂੰ ਜਗਾਉਣ ਲਈ ਰੱਬ ਦਾ ਸੁਨੇਹਾ ਸੀ ਅਤੇ ਮੈਂ ਹੁਣ ਸੁਨੇਹਾ ਦੇਣ ਵਾਲੀ ਹਾਂ।

(ਬਾਕੀ ਸਫ਼ਾ 6 'ਤੇ)

# ਕੈਨੇਡਾ ਦੀਆਂ ਫੈਡਰਲ ਚੋਣਾਂ

ਮਾ. ਮਲਕੀਤ ਸਿੰਘ ਬਰਮੀ

ਕੈਨੇਡਾ ਦੀ 42ਵੀਂ ਫੈਡਰਲ ਪਾਰਲੀਮੈਂਟ ਵਾਸਤੇ 19 ਅਕਤੂਬਰ 2015 ਨੂੰ ਆਮ ਚੋਣਾਂ ਹੋ ਰਹੀਆਂ ਹਨ। ਇਨ੍ਹਾਂ ਵਿਚ ਕੌਣ ਕਿਥੇ ਹੈ ਅਤੇ ਚੋਣਾਂ ਦੇ ਮੁੱਦੇ ਕੀ ਹਨ ਜ਼ਰਾ ਇਸ 'ਤੇ ਝਾਤ ਮਾਰਦੇ ਹਾਂ।

ਕੈਨੇਡਾ ਦੀ 41ਵੀਂ ਚੋਣ ਜੋ 2011 ਫਰਵਰੀ ਵਿਚ ਹੋਈ ਉਸ ਵਿਚ :

ਕੈਨੇਡਾ ਦੀ ਕੁੱਲ ਵਸੋਂ 3,16,12,891

ਕੁੱਲ ਵੋਟਰ : 2,42,57,592

ਪਈ ਵੋਟ : 1,48,23,408=61.1% ਸੀ।

ਇਸ ਵਿਚੋਂ ਵੱਡੀਆਂ ਪਾਰਟੀਆਂ ਦੀ ਜੋ ਸਥਿਤੀ ਸੀ ਉਹ ਹੇਠ ਅਨੁਸਾਰ ਹੈ।

| ਲੜੀ ਨੰ. | ਪਾਰਟੀ | ਖੜ੍ਹੇ ਕੀਤੇ ਉਮੀਦਵਾਰ | ਜਿੱਤੇ | ਹਾਸਲ ਵੋਟ | ਪ੍ਰਤੀਸ਼ਤ |
|---|---|---|---|---|---|
| 1. | ਕੰਜਰਵੇਟਿਵ (ਸੱਤਾਧਾਰੀ) | 307 | 166 | 58,35,270 | 39.6% |
| 2. | ਐਨ.ਡੀ.ਪੀ. | 308 | 103 | 45,12,411 | 39.6% |
| 3. | ਲਿਬਰਲ | 308 | 34 | 27,83,076 | 18.9% |
| 4. | ਬਲਾਕ ਕਿਊਬਕੋ | 75 | 4 | 8,91,425 | 6.1% |
| 5. | ਗਰੀਨ | 304 | 1 | 5,72,095 | 39% |
| 6. | ਦੂਜੇ,ਹੋਰ ਸਾਰੇ | 285 | – | 1,29,703 | 1% |

ਦੂਜੇ ਹੋਰ ਸਾਰਿਆਂ ਵਿਚ 2 ਕਮਿਊਨਿਸਟ ਪਾਰਟੀਆਂ ਵੀ ਹਨ। ਮਾਰਕਲਿਸਟ ਲੈਨਿਨਿਸਟ ਅਤੇ ਕਮਿਊਨਿਸਟ ਪਾਰਟੀ ਕੈਨੇਡਾ ਜਿਨ੍ਹਾਂ ਦੋਵਾਂ ਨੂੰ ਅੰਦਾਜਨ 5000 ਵੋਟ ਪਏ ਅਤੇ ਬਲਾਕ ਕਿਊਬਕੋ ਦਾ ਆਧਾਰ ਸਿਰਫ਼ ਕਿਊਯੈਨ ਵਿਚ ਹੈ। ਉਪਰੋਕਤ ਪਾਰਟੀ ਤੋਂ ਬਿਨਾਂ ਦੂਜਿਆਂ ਵਿਚ ਕ੍ਰਿਸਚੀਅਨ ਹੈਰੀਟੇਜ, ਲਿਬਰਟੇਰੀਅਨ ਪ੍ਰੌਗਰੈਸਿਵ ਕੈਨੇਡੀਅਨ, ਰਹਿਨੋਸੀਰੋਸ, ਪਾਈਰੇਟ, ਕੈਨੇਡੀਅਨ ਐਕਸ਼ਨ, ਮੌਰਆਤਾ, ਐਨੀਮਲ ਅਲਾਇੰਸ, ਵੈਸਟਰਨ ਬਲਾਕ, ਯੂਨਾਈਟਿਡ ਅਤੇ ਫਸਟ ਪੀਪਲ ਨੈਸ਼ਨਲ ਪਾਰਟੀ ਹੈ। ਇਸ ਤਰ੍ਹਾਂ ਕੁਲ ਮਿਲਾ ਕੇ 20 ਪਾਰਟੀਆਂ ਚੋਣ ਮੈਦਾਨ ਵਿਚ ਹਨ।

**ਕੈਨੇਡਾ ਦਾ ਰਾਜਨੀਤਕ ਢਾਂਚਾ** : ਕੈਨੇਡਾ ਇਕ ਵਿਸ਼ਾਲ ਦੇਸ਼ ਹੈ। ਇਥੇ ਸੁੰਦਰ ਵਾਦੀਆਂ, ਪਹਾੜ, ਮੈਦਾਨ, ਝਰਨੇ ਅਤੇ ਝੀਲਾਂ ਹਨ। ਲੋਕ ਵੀ ਵਧੀਆ ਸੁਹਣੇ, ਅਮਨਪਸੰਦ, ਇਮਾਨਦਾਰ, ਸਹਿਣਸ਼ੀਲ, ਮਿੱਤਰਤਾ ਨਿਭਾਉਣ ਵਾਲੇ ਅਤੇ ਮਿਹਨਤੀ ਹਨ ਪਰ ਰਾਜਨੀਤਕਾਂ ਬਾਰੇ ਇਉਂ ਨਹੀਂ ਕਿਹਾ ਜਾ ਸਕਦਾ। ਪੂਰਬ ਤੋਂ ਨਿਊਟਾਉਂਡਲੈਂਡ ਅਤੇ ਲੈਬਰਾਂਡਰ, ਨਿਊਬਨਕਜ਼ਵਿਕ, ਨੋਵਾ ਸਕੋਸੀਆ ਅਤੇ ਪ੍ਰਿੰਸ ਐਡਵਰਡ ਆਈਲੈਂਡ, ਕਿਊਬੈਕ, ਓਂਟਾਰੀਓ, ਮੈਨੀਟੋਬਾ, ਸਸਕੈਚਵਨ ਅਲਬਰਟਾ ਅਤੇ ਬੀਸੀ ਦਸ ਸੂਬੇ ਹਨ। ਯੂਕੋਨ, ਨੂਨਾਵਤ ਅਤੇ ਉਤਰ ਪੱਛਮੀ ਖੇਤਰ ਤਿੰਨ ਕੇਂਦਰੀ ਸ਼ਾਸਤ ਪ੍ਰਦੇਸ਼ ਹਨ। ਇਨ੍ਹਾਂ ਸਾਰਿਆਂ ਨੂੰ ਫੈਡਰਲ ਪਾਰਲੀਮੈਂਟ ਦੀਆਂ 308 ਸੀਟਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਨੂੰ ਚੋਣ ਖੇਤਰ ਜਾਂ ਹਾਈਡਿੰਗ ਵੀ ਆਖਿਆ ਜਾਂਦਾ ਹੈ। ਸੀਟਾਂ ਦੀ ਵੰਡ ਆਬਾਦੀ ਦੇ ਹਿਸਾਬ ਨਾਲ ਕੀਤੀ ਜਾਂਦੀ ਹੈ ਪਰ ਖੇਤਰ ਜਾਂ ਇਲਾਕੇ ਨੂੰ ਵੀ ਧਿਆਨ ਵਿਚ ਰੱਖਿਆ ਜਾਂਦਾ ਹੈ। ਪਹਿਲਾਂ ਪਹਿਲਾਂ ਓਂਟਾਰੀਓ ਅਤੇ ਕਿਊਬੈਕ ਹੀ ਪ੍ਰਮੁੱਖ ਸਨ ਪਰ ਅਜੋਕੀ ਸੀਟ ਵੰਡ ਸਾਂਵੀ ਹੈ ਜਿਸ ਵਿਚ ਬੀ ਸੀ ਅਤੇ ਅਲਬਰਟਾ ਨੇ ਕਾਫ਼ੀ ਸੀਟਾਂ

(ਬਾਕੀ ਸਫ਼ਾ 26 'ਤੇ)




ਕੈਨੇਡਾ ਦੇ ਹਸਪਤਾਲ ਕਾਮਿਆਂ ਵਿਰੁੱਧ ਹਿੰਸਾ ਦਾ ਵਾਧਾ, ਓਨਟਾਰੀਓ ਸਰਕਾਰ ਹਰਕਤ 'ਚ




ਮੁਆਫ਼ੀ ਦੀ ਧਾਰਨਾ ਨਾਲ ਜੁੜਿਆ ਪੰਥਕ ਸੰਕਟ




ਗੁਲਾਮੀ ਨੂੰ ਸੱਦਾ ਦਿੰਦੀ ਸਮਾਰਟ ਸਿਟੀ ਪ੍ਰੋਜੈਕਟ




ਸਾਮਰਾਜ ਦੀ ਉਪਜ ਦਹਿਸ਼ਤਗਰਦੀ, ਦਹਿਸ਼ਤਗਰਦੀ ਦੀ ਉਪਜ ਰਫਿਊਜੀ ਸੰਕਟ

SUPER VISA INSURANCE



Sherjang Singh Rana
416.910.9000

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

## ਕੈਨੇਡਾ ਦਾ ਫੈਡਰਲ ਚੋਣ ਦੰਗਲ-ਆਪੋ-ਆਪਣੀ ਡਫਲੀ, ਆਪੋ-ਆਪਣਾ ਰਾਗ

# ਵੋਟਰੋ ਆਪਣਾ ਹੱਕ ਪਛਾਣੋ, ਵਰਤੋ ਆਪਣਾ ਚੋਣ ਅਧਿਕਾਰ

**ਡਾ ਬਲਜਿੰਦਰ ਸਿੰਘ ਸੇਖੋਂ**

ਕੁਝ ਹਫਤੇ ਪਹਿਲਾਂ ਕੈਨੇਡਾ ਦੀਆ ਆ ਰਹੀਆਂ ਚੋਣਾਂ ਦੇ ਮੱਦੇ ਨਜ਼ਰ ਇਥੋਂ ਦੀਆਂ ਮੁੱਖ ਪਾਰਟੀਆਂ ਅਤੇ ਉਨ੍ਹਾਂ ਦੇ ਇਤਿਹਾਸ ਅਤੇ ਵਰਤਮਾਨ ਬਾਰੇ ਵਿਚਾਰ ਦਿੱਤੇ ਗਏ ਸਨ। ਉਸ ਤੋਂ ਬਾਅਦ ਚੋਣ ਮੁਹਿੰਮ ਵਿਚ ਪ੍ਰਮੁੱਖ ਤਿੰਨ ਪਾਰਟੀਆਂ ਕੰਨਸਰਵਟਿਵ, ਲਿਬਰਲ ਅਤੇ ਐਨ ਡੀ ਪੀ ਦੇ ਲੀਡਰਾਂ ਵਲੋਂ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਵਿਦੇਸ਼ ਨੀਤੀ ਬਾਰੇ ਆਪੋ ਆਪਣੇ ਬਿਆਨ ਦਿੱਤੇ ਜਾਂਦੇ ਰਹੇ ਹਨ। ਇਨ੍ਹਾਂ ਦਿਨਾਂ ਵਿਚ ਆਏ ਵੱਖ ਵੱਖ ਸਰਵੇ ਦਸਦੇ ਰਹੇ ਕਿ ਕੈਨੇਡਾ ਦੇ ਲੋਕ ਪਾਰਟੀ ਲੀਡਰਾਂ ਦੀ ਹਰ ਗੱਲ ਵੱਲ ਧਿਆਨ ਦੇ ਰਹੇ ਹਨ ਅਤੇ ਨਾਲ ਨਾਲ ਹੀ, ਪਾਰਟੀਆਂ ਦਾ ਸਮੱਰਥਨ ਵੱਧਦਾ ਘਟਦਾ ਰਿਹਾ ਹੈ। ਵੀਰਵਾਰ 17 ਸਤੰਬਰ ਨੂੰ ਕੈਨੇਡਾ ਦੇ ਨੈਸ਼ਨਲ ਅਖਬਾਰ ਗਲੋਬ ਐਂਡ ਮੇਲ ਵਲੋਂ ਕਰਵਾਈ ਬਹਿਸ ਬਾਅਦ ਤਿੰਨੋ ਪਾਰਟੀਆਂ ਦੀਆਂ ਨੀਤੀਆਂ ਹੋਰ ਸਾਫ ਹੋ ਗਈਆਂ। ਜਿਸ ਤਰ੍ਹਾਂ ਪਹਿਲੇ ਲੇਖਾਂ ਵਿਚ ਵੀ ਇਨ੍ਹਾਂ ਪਾਰਟੀਆਂ ਬਾਰੇ ਨਿਚੋੜ ਵਿਚ ਇਹ ਕਿਹਾ ਗਿਆ ਸੀ ਕਿ ਕੰਸਰਵੇਟਿਵ ਪਾਰਟੀ ਦੀ ਵਿਚਾਰਧਾਰਾ, ਸਰਕਾਰੀ ਤੰਤਰ ਘਟਾ ਕੇ ਬੱਚਤ ਕਰਨ ਤੇ ਵੱਡੀਆਂ ਕੰਪਨੀਆਂ ਨੂੰ ਸਹੂਲਤਾਂ ਅਤੇ ਟੈਕਸਾਂ ਵਿਚ ਛੋਟ ਦੇ ਕੇ ਕੈਨੇਡਾ ਦੇ ਅਰਥਚਾਰੇ ਵਿਚ ਪ੍ਰਾਈਵੇਟ ਅਦਾਰਿਆਂ ਵਲੋਂ ਵੱਧ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਨੂੰ ਪਹਿਲ ਦਿੰਦੀ ਹੈ, ਦੂਸਰੀਆਂ ਦੋਨੋਂ ਪਾਰਟੀਆਂ ਇਨ੍ਹਾਂ ਵੱਡੇ ਘਰਾਣਿਆਂ ਅਤੇ ਕੰਪਨੀਆਂ ਤੇ ਵੱਧ ਟੈਕਸ ਲਾ ਕੇ ਸਰਕਾਰ ਦੇ ਕਲਿਆਣਕਾਰੀ ਕਾਰਜਾਂ ਵਿਚ ਵਾਧਾ ਕਰਨ ਤੇ ਮੱਧ ਵਰਗ ਦੇ ਟੈਕਸ ਘਟਾਉਣ ਅਤੇ ਗਰੀਬਾਂ ਨੂੰ ਹੋਰ ਸਹੂਲਤਾਂ ਦੇਣ ਦੀ ਗੱਲ ਕਰਦੀਆਂ ਹਨ। ਵੱਖ ਵੱਖ ਮੁੱਦਿਆਂ ਤੇ ਪਾਰਟੀਆਂ ਦੀ ਸਥਿਤੀ ਇਸ ਲੰਬੇ ਚੱਲ ਰਹੇ ਚੋਣ ਪ੍ਰਚਾਰ ਵਿਚ ਹੁਣ ਤੱਕ ਤਕਰੀਬਨ ਸਪੱਸ਼ਟ ਹੋ ਗਈ ਹੈ।

**ਆਰਥਿਕ ਨੀਤੀਆਂ** : ਦੇਸ਼ਾਂ ਦੀ ਅਜੋਕੀ ਆਰਥਿਕਤਾ, ਸਾਮਰਾਜਵਾਦੀ ਦੇਸ਼ਾਂ ਵਲੋਂ ਵੱਡੇ ਪੱਧਰ ਤੇ ਧਕੀਆਂ ਜਾ ਰਹੀਆਂ ਨਵਉਦਾਰਵਾਦੀ ਨੀਤੀਆਂ ਕਾਰਨ, ਦੁਨੀਆਂ ਭਰ ਦੀ ਮੰਡੀ ਨਾਲ ਇਸ ਤਰ੍ਹਾਂ ਜੁੜ ਗਈ ਹੈ, ਕਿ ਕਿਤੇ ਕਿਸੇ ਦੇਸ਼ ਵਿਚ ਛਿੱਕ ਵੀ ਵਜਦੀ ਹੈ ਤਾਂ ਸਾਰਾ ਤਾਣਾ ਬਾਣਾ ਹਿੱਲ ਜਾਂਦਾ ਹੈ, ਅਤੇ ਮੰਦਵਾੜਾ ਆ ਗਿਆ, ਮੰਦਵਾੜਾ ਆ ਗਿਆ ਦਾ ਰੌਲਾ ਪੈ ਜਾਂਦਾ ਹੈ। ਆਮ ਵਿਅਕਤੀ ਨੂੰ ਸਭ ਕੁਝ ਉਲਟਾ ਪੁਲਟਾ ਲਗਦਾ ਹੈ, ਪੁਰਾਣੇ ਫਾਰਮੂਲੇ ਨਵੀ ਦੁਨੀਆਂ ਵਿਚ ਫੇਲ੍ਹ ਹੁੰਦੇ ਨਜ਼ਰ ਆਉਂਦੇ ਹਨ। ਕਿਸੇ ਵੇਲੇ ਕਿਹਾ ਜਾਂਦਾ ਸੀ, ਛੋਟੀਆਂ ਬੱਚਤਾਂ ਕਰੋ, ਪੈਸੇ ਬੈਂਕਾਂ ਵਿਚ ਜਮ੍ਹਾਂ ਕਰਵਾਓ, ਪਰ ਦੁਨੀਆਂ ਦੇ ਕਈ ਮੁਲਕ ਅੱਜ ਕਲ੍ਹ ਅਜਿਹੇ ਹੋ ਗਏ ਹਨ, ਜਿਥੇ ਬੈਂਕਾਂ ਨੇ ਵਿਆਜ ਦਰ ਬਹੁਤ ਘਟਾ ਦਿੱਤੀ ਹੈ। ਕਈ ਥਾਂਈ ਪੈਸੇ ਜਮਾਂ ਰੱਖਣ ਤੇ ਵਿਆਜ ਮਿਲਦਾ ਨਹੀਂ ਸਗੋਂ, ਰਕਮ ਨੂੰ ਸਾਂਭਣ ਦੇ ਪੈਸੇ ਦੇਣੇ ਪੈਂਦੇ ਹਨ, ਇਨ੍ਹਾਂ ਵਿਚ ਯੂਰਪ ਦੇ ਕਈ ਦੇਸ਼ ਤੇ ਜਪਾਨ ਵੀ ਸ਼ਾਮਿਲ ਹਨ। ਅਮਰੀਕਾ ਵਿਚ ਲੋਕ ਆਮਦਨ ਤੋਂ ਵੱਧ ਖਰਚ ਕਰਦੇ ਹਨ, ਕਰਜ਼ੇ ਚੁੱਕ ਕੇ ਵੱਡੇ ਘਰ, ਕਾਰਾਂ ਖਰੀਦਦੇ ਹਨ, 2009 ਦੇ ਮੰਦਵਾੜੇ ਬਾਅਦ ਉੱਥੇ, ਇਨ੍ਹਾਂ ਖਰਚ ਕਰਨ ਵਾਲਿਆਂ ਕਾਰਨ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਆਰਥਿਕ ਹਾਲਤ ਸੁਧਰੇ ਹਨ। ਪਰ ਸਬ ਕੁਝ ਇਸ ਤਰ੍ਹਾਂ ਨਹੀਂ ਹੈ, ਮ੍ਰਿਗ-ਤ੍ਰਿਸ਼ਨਾ ਕਦੇ ਮਾਰੂਥਲ ਵਿੱਚ ਪਾਣੀ ਪੈਦਾ ਨਹੀਂ ਕਰ ਸਕਦੀ? ਅਮਰੀਕੀ ਨੀਤੀਆਂ ਦੀ ਅੰਨ੍ਹੇਵਾਹ ਨਕਲ ਕੈਨੇਡਾ ਦੀ ਆਰਥਿਕਤਾ ਲਈ ਸਿਹਤਮੰਦ ਨਹੀਂ ਹੋ ਸਕਦੀ ।

ਕੈਨੇਡਾ ਦੀ ਆਰਥਿਕਤਾ ਇਥੋਂ ਦੇ ਕੁਦਰਤੀ ਖਜ਼ਾਨੇ ਤੇ ਜਿਆਦਾ ਨਿਰਭਰ ਹੈ। ਕੱਚਾ ਤੇਲ, ਪੁਟਾਸ਼, ਯੁਰੇਨੀਅਮ, ਲੱਕੜ ਆਦਿ ਇਥੋਂ ਦੀਆਂ ਪ੍ਰਮੁੱਖ ਵਸਤਾਂ ਹਨ, ਜਿਨ੍ਹਾਂ ਦੇ ਬਰਾਮਦ ਤੋਂ ਵੱਡੀ ਆਮਦਨ ਹੁੰਦੀ ਹੈ। ਕੈਨੇਡਾ ਵਿਚਲਾ ਕੱਚਾ ਤੇਲ ਬਹੁਤ ਵੱਡੀ ਮਾਤਰਾ ਵਿਚ ਐਲਬਰਟਾ ਤੇ ਕੁਝ ਕੁ ਦੂਸਰੇ ਪ੍ਰਾਂਤਾਂ ਵਿਚ ਮਿਲਦਾ ਹੈ। ਇਹ ਤੇਲ ਦੇ ਭੰਡਾਰ ਤੇਲ ਰੇਤ ਦੀ ਸ਼ਕਲ ਵਿਚ ਹਨ, ਇਹ ਤਰਲ ਨਹੀਂ ਸਗੋਂ ਠੋਸ ਹੈ, ਜਿਸ ਵਿਚੋਂ ਤੇਲ ਸਾਫ ਕਰਨ ਤੇ ਵੱਧ ਖਰਚ ਆਉਂਦਾ ਹੈ, ਪਰ ਬੀਤੇ ਸਮੇਂ ਵਿਚ ਵੱਧੀਆਂ ਤੇਲ ਦੀਆਂ ਕੀਮਤਾਂ ਨੇ ਇਸ ਨੂੰ ਕੱਢਣ ਤੇ ਸਾਫ ਕਰਨ ਯੋਗ ਬਣਾ ਦਿੱਤਾ, ਪਰ ਮੰਦਵਾੜੇ ਤੋਂ ਬਾਅਦ ਡਿਗੀਆਂ ਤੇਲ ਦੀਆਂ ਕੀਮਤਾਂ ਨੇ, ਜੋ ਕਿਸੇ ਵੇਲੇ 147 ਡਾਲਰ ਪ੍ਰਤੀ ਢੋਲ ਤੇ ਪਹੁੰਚ ਗਈਆਂ ਸਨ, ਮਾਰਚ 2015 ਵਿਚ 43 ਡਾਲਰ ਤੋਂ ਵੀ ਹੇਠਾਂ ਡਿੱਗ ਪਈਆਂ, ਅਲਬਰਟਾ ਦੇ ਤੇਲ ਸੈਕਟਰ ਤੇ ਵਿਤੀ ਦਬਾਅ ਵੱਧਾ ਦਿੱਤਾ ਹੈ। ਕੁਝ ਲੋਕ ਲੰਮੇ ਸਮੇਂ ਤੋਂ ਡਿਗੀਆਂ ਇਨ੍ਹਾਂ ਕੀਮਤਾਂ ਨੂੰ ਅਮਰੀਕਾ ਅਤੇ ਸਾਊਦੀ ਅਰਬ ਦੀ ਇਰਾਨ ਅਤੇ ਰੂਸ ਦੀਆਂ ਸਰਕਾਰਾਂ ਨੂੰ ਡੇਗਣ ਲਈ ਕੀਤੀ ਜਾ ਰਹੀ ਇੱਕ ਸਾਜ਼ਿਸ ਦੱਸ ਰਹੇ ਹਨ। ਉਨ੍ਹਾਂ ਮੁਤਾਬਿਕ ਜਦ ਰੂਸ ਵਿਚ ਗੌਰਬਾਚੋਵ ਤੇ ਸਮਾਜਵਾਦ ਨਾਲੋਂ ਨਾਤਾ ਤੋੜਨ ਦਾ ਦਬਾਅ ਸੀ ਤੱਦ ਵੀ, ਤੇਲ ਦੀਆਂ ਕੀਮਤਾਂ ਡਿਗੀਆਂ ਜਾਂ ਡੇਗੀਆਂ ਗਈਆਂ। ਅੱਜ ਰੂਸ ਦੀ 70% ਬਰਾਮਦ ਤੋਂ ਆਮਦਨ, ਤੇਲ ਤੇ ਗੈਸ ਦੀ ਹੈ, ਅਤੇ ਕੱਚੇ ਤੇਲ ਦੀ ਕੀਮਤ ਇੱਕ ਡਾਲਰ ਡਿਗਣ ਨਾਲ ਰੂਸ ਨੂੰ ਸਲਾਨਾ 2 ਅਰਬ ਡਾਲਰ ਦਾ ਘਾਟਾ ਪੈਂਦਾ ਹੈ, ਜੋ ਉਹ ਪਿਛਲੇ ਦੋ ਤਿੰਨ ਸਾਲ ਤੋਂ ਝੱਲ ਰਿਹਾ ਹੈ। ਮਾਹਿਰਾਂ ਮੁਤਾਬਿਕ ਇਹ ਸਭ ਕੁਝ ਰੂਸ ਦੇ ਪ੍ਰਧਾਨ ਵਲਾਦੀਮੀਰ ਪੁਤਿਨ ਨੂੰ ਸਬਕ ਸਿਖਾਉਣ ਲਈ ਕੀਤਾ ਜਾ ਰਿਹਾ ਹੈ। ਇਸ ਤੰਗੀ ਨਾਲ ਨਿਪਟਣ ਲਈ, ਜਿਥੇ ਅਸੀਂ ਜਪਾਨ ਵਿਚ ਵਿਆਜ ਦਰ ਸਿਫਰ ਦੀ ਗੱਲ ਕੀਤੀ ਹੈ, ਰੂਸ ਵਿਚ ਉਥੋਂ ਦੇ ਸੈਂਟਰਲ ਬੈਂਕ ਦੀਆਂ ਵਿਆਜ ਦਰਾਂ ਦਸੰਬਰ ਵਿਚ 17% ਸਨ ਤੇ ਹੁਣ 11% ਹਨ। ਇਸੇ ਤਰ੍ਹਾਂ ਘੱਟ ਕੀਮਤਾਂ ਨਾਲ ਇਰਾਨ ਨੂੰ ਵੀ ਤੰਗੀ ਹੋ ਰਹੀ ਹੈ।

ਐਲਬਰਟਾ ਦੇ ਤੇਲ ਸੈਕਟਰ ਪ੍ਰਤੀ ਪਾਰਟੀਆਂ ਦਾ ਆਪੋ ਆਪਣਾ ਨਜ਼ਰੀਆ ਹੈ। ਹਾਰਪਰ ਸਰਕਾਰ ਇਸ ਖਿਤੇ ਨੂੰ ਲੋਕਾਂ ਦੇ ਵਾਤਾਵਰਨ ਪ੍ਰਤੀ ਇਤਰਾਜ਼ਾਂ ਨੂੰ ਪਰੇ ਕਰਦਿਆਂ, ਉਤਸ਼ਾਹਿਤ ਕਰਦੀ ਆਈ ਹੈ ਅਤੇ ਅੱਗੇ ਤੋਂ









ਵੀ ਇਸੇ ਨੀਤੀ ਤੇ ਚੱਲਣ ਲਈ ਵਚਨਬੱਧ ਹੈ। ਕੁਝ ਦਿਨ ਪਹਿਲਾਂ ਐਨ ਡੀ ਪੀ ਦੀ ਟੋਰਾਂਟੋ ਵਿਚ ਉਮੀਦਵਾਰ ਲਿੰਡਾ ਮੈੱਕਕਿਊਗ ਨੇ ਬਿਆਨ ਦੇ ਦਿੱਤਾ ਕਿ ਜੇਕਰ ਕੈਨੇਡਾਨੇ ਵਾਤਾਵਰਨ ਦੇ ਬਦਲਾਅ ਨੂੰ ਰੋਕਣ ਦੇ ਟੀਚੇ ਪ੍ਰਾਪਤ ਕਰਨੇ ਹਨ, ਤਾਂ ਬਹੁਤ ਸਾਰੇ ਅਲਬਰਟਾ ਦੇ ਤੇਲ ਨੂੰ ਧਰਤੀ ਹੇਠ ਹੀ ਰੱਖਣਾ ਪਵੇਗਾ। ਇਸ ਬਿਆਨ ਦੇ ਆਉਣ ਦੀ ਦੇਰ ਸੀ ਕਿ, ਪ੍ਰਧਾਨ ਮੰਤਰੀ ਹਾਰਪਰ ਨੇ ਓਟਵਾ ਵਿਚ ਕਿਹਾ ਕਿ ਇਸ ਬਿਆਨ ਨਾਲ ਐਨ ਡੀ ਪੀ ਦੇ ਕੈਨੇਡਾਦੇ ਕੁਦਰਤੀ ਸਰੋਤਾਂ ਦੇ ਵਿਕਾਸ ਨੂੰ ਰੋਕਣ ਦੇ ਮਨਸੂਬੇ ਸਾਹਮਣੇ ਆ ਗਏ ਹਨ। ਥੋਮਸ ਮੁਲਕਲੇਅਰ ਦਾ ਜਵਾਬ ਸੀ ਕਿ ਅਸੀਂ ਇਨ੍ਹਾਂ ਨੂੰ ਉਤਸ਼ਾਹਿਤ ਕਰਾਂਗੇ, ਪਰ ਨਾਲ ਹੀ ਵਾਤਾਵਰਨ ਦਾ ਖਿਆਲ ਰੱਖਾਂਗੇ, ਤਾਂ ਜੋ ਇਹ ਲੰਬੇ ਸਮੇਂ ਤੱਕ ਸਾਡੇ ਕੰਮ ਆ ਸਕਣ। ਉਨ੍ਹਾਂ ਕਿਹਾ ਕਿ ਲਿੰਡਾ ਦਾ ਇਹ ਬਿਆਨ ਪਾਰਟੀ ਦੀ ਧਾਰਨਾ ਨਹੀਂ, ਇਹ ਤਾਂ ਇਕ ਅੰਤਰ ਰਾਸ਼ਟਰੀ ਰਿਪੋਰਟ ਵਿਚ ਹੈ, ਜਿਸ ਮੁਤਾਬਿਕ, ਜੇਕਰ ਕੈਨੇਡਾਨੇ ਗਰੀਨ ਹਾਊਸ ਗੈਸਾਂ (ਜਿਨ੍ਹਾਂ ਕਾਰਨ ਧਰਤੀ ਤੇ ਗਰਮੀ ਵੱਧ ਰਹੀ ਹੈ) ਦੇ ਘੱਟ ਕਰਨ ਦੇ ਟੀਚੇ ਹਾਸਲ ਕਰਨੇ ਹਨ ਤਾਂ ਉਸ ਨੂੰ ਤੇਲ ਉਤਪਾਦਨ ਵਿਚ ਕਟੌਤੀ ਕਰਨੀ ਪਵੇਗੀ। ਇਸੇ ਬਿਆਨ ਨੂੰ ਲੈ ਕੇ ਜਸਟਨ ਟਰੂਡੋ ਦਾ ਕਹਿਣਾ ਸੀ ਕਿ ਦੋਨੋ ਪਾਰਟੀਆਂ ਦੀ ਸੋਚ ਬਿਲਕੁਲ ਸਿਰੇ ਵਾਲੀ ਹੈ। ਉਨ੍ਹਾਂ ਕਿਹਾ ਕਿ ਮਿਸਟਰ ਹਾਰਪਰ ਦੇ ਬੀਤੇ 10 ਸਾਲਾਂ ਵਿਚ ਇਸ ਮੁੱਦੇ ਤੇ ਕੋਈ ਨਿਰਣਾ ਨਾ ਲੈਣ ਤੇ, ਵਾਤਾਵਰਨ ਨੂੰ ਠੀਕ ਰੱਖਣ ਦੀ ਪਹਿਲ ਦੇਸ਼ ਦੇ ਚਾਰ ਵੱਡੇ ਸੂਬਿਆਂ ਦੇ ਪ੍ਰੀਮੀਅਰਾਂ (ਮੁੱਖ ਮੰਤਰੀਆਂ) ਨੂੰ ਕਰਨੀ ਪਈ ਜਿਨ੍ਹਾਂ ਕਾਰਬਨ ਛੱਡਣ ਤੇ ਟੈਕਸ ਲਾਉਣ ਦਾ ਫੈਸਲਾ ਲਿਆ।

**ਕੌਮੀ ਬੱਚਾ ਸੰਭਾਲ ਪ੍ਰੋਗਰਾਮ** : ਕੈਨੇਡਾ ਵਿਚ ਬਹੁਤ ਸਾਰੇ ਪ੍ਰੀਵਾਰ ਅਜਿਹੇ ਹਨ, ਜਿਨ੍ਹਾਂ ਵਿਚ ਸਿਰਫ ਪਤੀ ਪਤਨੀ ਤੇ ਬੱਚੇ ਹੁੰਦੇ ਹਨ, ਇਨ੍ਹਾਂ ਪ੍ਰੀਵਾਰਾਂ ਵਿਚ ਬਜ਼ੁਰਗ, ਦਾਦਾ-ਦਾਦੀ, ਨਾਨਾ-ਨਾਨੀ ਨਾ ਹੋਣ ਕਾਰਨ, ਬੱਚਿਆਂ ਦੀ ਸੰਭਾਲ ਲਈ, ਮਾਂ-ਬਾਪ ਵਿਚੋਂ ਇੱਕ ਜੀ ਨੂੰ ਬੱਚੇ ਸੰਭਾਲਣ ਲਈ ਘਰ ਰਹਿਣਾ ਪੈਂਦਾ ਹੈ। ਜੇਕਰ ਉਹ ਕੰਮ ਤੇ ਜਾਣ ਲਈ ਬੱਚਿਆਂ ਨੂੰ ਕਿਤੇ ਛਡਦੇ ਹਨ ਤਾਂ ਖਰਚ ਜਿਆਦਾ ਆਉਂਦਾ ਹੈ। ਬੀਤੇ 30 ਸਾਲਾਂ ਤੋਂ ਸਰਕਾਰਾਂ ਕਹਿੰਦੀਆਂ ਆ ਰਹੀਆਂ ਹਨ, ਕਿ ਬੱਚਿਆਂ ਨੂੰ ਘੱਟ ਖਰਚੇ ਤੇ ਸੰਭਾਲਣ ਦਾ ਪ੍ਰਬੰਧ ਕਰਨ ਲਈ ਸਰਕਾਰ ਸਹਾਇਤਾ ਦੇਵੇਗੀ। ਐਨ ਡੀ ਪੀ ਨੇਤਾ ਮੁਲਕਲੇਅਰ ਦਾ ਕਹਿਣਾ ਹੈ ਕਿ ਉਹ ਸੂਬਿਆਂ ਦੀਆਂ ਸਰਕਾਰਾਂ ਨਾਲ ਮਿਲ ਕੇ ਪ੍ਰਵਾਰ ਲਈ ਇਸ ਖਰਚ ਨੂੰ 7 ਡਾਲਰ ਪ੍ਰਤੀ ਦਿਨ ਤੇ ਲੈ ਆਉਣਗੇ। ਬਾਕੀ ਰਕਮ ਕੇਂਦਰ ਸਰਕਾਰ ਤੇ 40% ਖਰਚ ਸੂਬਾ ਸਰਕਾਰਾਂ ਕਰਨਗੀਆਂ। ਕੰਸਰਵੇਟਿਵ ਪਾਰਟੀ ਦਾ ਸਟੈਂਡ ਹੈ ਕਿ ਘੱਟ ਖਰਚ ਤੇ ਬੱਚੇ ਸੰਭਾਲਣ ਦੀਆਂ ਸਹੂਲਤਾਂ ਬਣਾਉਣ ਦੀ ਥਾਂ, ਸਾਡੀ ਸਰਕਾਰ ਵਲੋਂ ਜੋ ਹਰ ਪ੍ਰੀਵਾਰ ਨੂੰ 6 ਸਾਲ ਦੀ ਉਮਰ ਦੇ ਬੱਚਿਆਂ ਲਈ 160 ਡਾਲਰ ਪ੍ਰਤੀ ਮਹੀਨਾ ਅਤੇ 7 ਤੋਂ 17 ਤੱਕ ਦਿਆਂ ਲਈ 60 ਡਾਲਰ ਪ੍ਰਤੀ ਮਹੀਨਾ ਸਹੀ ਹੈ। ਇਹ ਗਰੀਬ ਅਮੀਰ ਸਭ ਨੂੰ ਦਿਤਾ ਜਾ ਰਿਹਾ ਹੈ ਅਤੇ ਇਸ ਨਾਲ, ਪ੍ਰੀਵਾਰ ਖੁੱਦ ਫੈਸਲਾ ਕਰ ਸਕਦੇ ਹਨ ਕਿ ਉਨ੍ਹਾਂ ਅਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਸੰਭਾਲਣਾ ਹੈ। ਲਿਬਰਲ ਪਾਰਟੀ ਦਾ ਕਹਿਣਾ ਹੈ ਕਿ ਇਹ 12 ਸਾਲ ਪਹਿਲਾਂ ਹੋ ਸਕਦਾ ਸੀ, ਜਦ ਘੱਟ ਗਿਣਤੀ ਦੀ ਪਾਲ ਮਾਰਟਿਨ ਸਰਕਾਰ ਨੇ 2005 ਵਿਚ ਅਗਲੇ ਪੰਜ ਸਾਲਾਂ ਵਿਚ ਇਸ ਮੁੱਦੇ ਤੇ 5 ਅਰਬ ਡਾਲਰ ਖਰਚਣ ਦੀ ਯੋਜਨਾ ਬਣਾਈ ਸੀ, ਪਰ ਇਸ ਨੂੰ ਨਕਾਰਦਿਆਂ ਐਨ ਡੀ ਪੀ ਨੇ ਸਮਰਥਨ ਨਹੀਂ ਦਿੱਤਾ ਅਤੇ ਅਗੇ ਕੰਸਰਵੇਟਿਵ ਪਾਰਟੀ ਦੀਆਂ ਸਰਕਾਰਾਂ ਬਣਦੀਆਂ ਰਹੀਆਂ। ਜਸਟਿਨ ਟਰੂਡੋ ਨੇ ਅਪਣੇ ਚੋਣ ਮਨੋਰਥ ਪੱਤਰ ਵਿਚ ਕਿਹਾ ਹੈ ਕਿ ਉਹ ਅਮੀਰਾਂ ਨੂੰ ਨਹੀਂ, ਪਰ ਮੱਧ ਤੇ ਗਰੀਬ ਵਰਗ ਦੇ ਪ੍ਰੀਵਾਰਾਂ ਨੂੰ ਪ੍ਰਤੀ ਬੱਚਾ 533 ਡਾਲਰ ਪ੍ਰਤੀ ਮਹੀਨਾ ਦੇਣ ਦਾ ਵਾਇਦਾ ਕਰਦੇ ਹਨ।

**ਘੱਟੋ ਘੱਟ ਦਿਹਾੜੀ** : ਐਨ ਡੀ ਪੀ ਕੈਨੇਡਾ ਪੱਧਰ ਤੇ ਘੱਟੋ ਘੱਟ ਦਿਹਾੜੀ 15 ਡਾਲਰ ਪ੍ਰਤੀ ਘੰਟਾ ਕਰਨ ਦੀ ਗੱਲ ਕਰਦੀ ਹੈ, ਜਦ ਇਸ ਦੀ ਦੂਸਰੀਆਂ ਪਾਰਟੀਆਂ ਨੇ ਚੀਰ ਫਾੜ ਕੀਤੀ ਤਾਂ, ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ ਕੇਂਦਰ ਸਰਕਾਰ ਦੇ ਕਾਮਿਆਂ ਲਈ ਹੀ ਹੈ, ਜਿਨ੍ਹਾਂ ਦੀ ਗਿਣਤੀ ਨਿਗੂਣੀ ਹੈ।

**ਬੁਨਿਆਦੀ ਢਾਂਚਾ** : ਬਹੁਤ ਸਾਰੇ ਮਾਹਿਰਾਂ ਦਾ ਕਹਿਣਾ ਹੈ ਕਿ, ਕੈਨੇਡਾ ਵਿਚ 1950 ਤੋਂ ਬਾਅਦ ਆਉਂਦੇ ਸਮੇਂ ਬਾਰੇ ਸੋਚ ਕੇ ਤਾਂ ਕੀ ਖਰਚ ਕਰਨੇ ਸਨ, ਜੋ ਪਹਿਲਾਂ ਤੋਂ ਬਣਿਆ ਹੋਇਆ ਸੀ, ਉਸ ਨੂੰ ਸੰਭਲਣ ਤੇ ਵੀ ਘੱਟ ਖਰਚ ਕੀਤਾ ਗਿਆ ਅਤੇ ਸੜਕਾਂ, ਸੀਵਰ, ਪਬਲਿਕ ਇਮਾਰਤਾਂ, ਪਾਣੀ ਸਪਲਾਈ ਆਦਿ ਲਈ ਘੱਟੋ ਘੱਟ 123 ਅਰਬ ਡਾਲਰ ਖਰਚ ਕਰਨੇ ਬਣਦੇ ਸਨ, ਜੋ ਨਹੀਂ ਕੀਤੇ ਗਏ। ਤਿੰਨੋ ਪਾਰਟੀਆਂ ਇਸ ਖੇਤਰ ਵਿਚ ਖਰਚ ਕਰਨ ਦੀ ਗੱਲ ਕਰਦੀਆਂ ਹਨ। ਟਰੂਡੋ ਦਾ ਕਹਿਣਾ ਹੈ ਕਿ ਅਗਲੇ ਤਿੰਨ ਸਾਲਾਂ ਵਿਚ ਉਹ ਘਾਟੇ ਵਾਲਾ ਬਜਟ ਲਿਆਵੇਗਾ, ਤਾਂ ਜੋ ਇਸ ਕੰਮ ਲਈ ਜਿਨੇ ਡਾਲਰ ਕੰਸਰਵੇਟਿਵ ਸਰਕਾਰ ਨੇ ਰੱਖੇ ਸਨ, ਉਸ ਤੋਂ ਦੁਗਣੇ ਖਰਚ ਕੀਤੇ ਜਾ ਸਕਣ। ਇਸ ਬਿਆਨ ਮੁਤਾਬਿਕ, ਅਗਲੇ 10 ਸਾਲਾਂ ਲਈ ਹੋ ਹੁਣ ਕੰਨਸਰਵਟਿਵ ਸਰਕਾਰ ਵਲੋਂ 65 ਅਰਬ ਡਾਲਰ ਖਰਚ ਕੀਤੇ ਜਾਣੇ ਹਨ, ਨੂੰ ਵਧਾ ਕੇ 125 ਅਰਬ ਡਾਲਰ ਕਰਨ ਦਾ ਵਾਇਦਾਹੈ। ਇਸ ਖਰਚ ਨੂੰ ਝਲਣ ਲਈ ਜੇ ਲਿਬਰਲ ਸਰਕਾਰ ਬਣਦੀ ਹੈ ਤਾਂ ਅਗਲੇ ਦੋ ਸਾਲ 10 ਅਰਬ ਘਾਟੇ ਦਾ ਬੱਜਟ ਲਿਆਉਣਾ ਪਵੇਗਾ, ਜਿਸ ਤੋਂ ਬਾਅਦ 2019 ਤੱਕ ਫਿਰ ਤੋਂ ਵਾਧੇ ਵਾਲੇ ਬਜਟ ਬਣਨ ਦੀ ਉਮੀਦ ਹੈ। ਐਨ ਡੀ ਪੀ ਦਾ ਕਹਿਣਾ ਹੈ ਕਿ ਉਹ ਯਕੀਨੀ ਬਣਾਉਣਗੇ ਕਿ ਇਸ ਕੰਮ ਲਈ ਗੈਸ ਟੈਕਸ ਵਿਚੋਂ 1% ਹੋਰ ਇਨ੍ਹਾਂ ਕੰਮਾਂ ਤੇ ਲਾਇਆ ਜਾਵੇ। 1950ਵਿਆਂ ਵਿਚ ਕੈਨੇਡਾਵਿਚ ਕੁਲ ਘਰੇਲੂ ਉਤਪਾਦ ਦਾ ਤਕਰੀਬਨ 3 ਫੀ ਸਦੀ ਇਨ੍ਹਾਂ ਕੰਮਾਂ ਤੇ ਖਰਚ ਕੀਤਾ ਜਾਂਦਾ ਸੀ, ਜੋ 1979 ਤੱਕ 0.4% ਰਹਿ ਗਿਆ। ਅਰਥਚਾਰੇ ਨੂੰ ਚੁੱਕਣ ਲਈ ਕੰਸਰਵੇਟਿਵ ਸਰਕਾਰ ਨੇ 2008 ਤੋਂ ਇਸ ਤੇ ਖਰਚ ਕਰਨਾ ਸ਼ੁਰੂ ਕੀਤਾ ਹੈ। ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਬੁਨਿਆਦੀ ਢਾਂਚੇ ਤੇ ਜੇਕਰ 1 ਅਰਬ ਖਰਚ ਕੀਤਾ ਜਾਂਦਾ ਹੈ ਤਾਂ 16,700 ਲੋਕਾਂ ਨੂੰ ਰੁਜਗਾਰ ਮਿਲਦਾ ਹੈ ਅਤੇ ਘਰੇਲੂ ਉਤਪਾਦ ਵਿਚ ਇੱਕ ਅਰਬ 14 ਕਰੋੜ ਡਾਲਰ ਦਾ ਵਾਧਾ ਹੁੰਦਾ ਹੈ। ਟੈਕਸ ਵਾਧੂ ਇਕੱਠੇ ਹੁੰਦੇ ਹਨ ਅਤੇ ਸਰਕਾਰ ਕੋਲ 30-35% ਰਕਮ ਵਾਪਿਸ ਆ ਜਾਂਦੀ ਹੈ।

**ਇਮੀਗਰੇਸ਼ਨ (ਪ੍ਰਵਾਸ)** : ਕੰਸਰਵੇਟਿਵ ਸਰਕਾਰ ਨੇ ਆਉਂਦੇ ਹੀ (ਇਮੀਗਰੇਸ਼ਨ) ਪ੍ਰਵਾਸੀ ਕਾਨੂੰਨ ਵਿਚ ਵੱਡੀਆਂ ਤਬਦੀਲੀਆਂ ਕੀਤੀਆਂ, ਜਿਸ ਨਾਲ ਏਸ਼ੀਆ ਤਂ ਆਉਣ ਵਾਲਿਆਂ ਲਈ ਅੰਕ ਸਿਸਟਮ ਤਹਿਤ ਆਉਣਾ ਔਖਾ ਹੋ ਗਿਆ ਹੈ। ਬਿਲ ਸੀ 50 ਨਾਲ ਪ੍ਰਵਾਸ ਮੰਤਰੀ ਨੂੰ ਸਾਲ ਵਿਚ ਕਿਨੇ ਪ੍ਰਵਾਸੀ ਆ ਸਕਦੇ ਹਨ, ਦੀ ਗਿਣਤੀ ਦਾ ਫੈਸਲਾ ਕਰਨ ਦੀਆਂ ਤਾਕਤਾਂ ਦਿਤੀਆਂ। ਮਾਪਿਆਂ ਨਾਲ ਆਉਣ ਵਾਲੇ ਬੱਚਿਆਂ ਦੀ ਉਮਰ 21 ਤੋਂ ਘਟਾ ਕੇ 18 ਕਰ ਦਿੱਤੀ ਗਈ ਅਤੇ ਜਦ ਪਹਿਲਾਂ ਜੇਕਰ ਉਹ ਪੜ੍ਹਦੇ ਰਹਿੰਦੇ ਸਨ, ਤਾਂ ਉਮਰ ਵੱਧ ਹੋਣ ਤੇ ਵੀ ਨਿਰਭਰ ਹੀ ਮੰਨੇ ਜਾਂਦੇ ਸਨ ਅਤੇ ਮਾਪਿਆਂ ਨਾਲ ਕੈਨੇਡਾਆ ਸਕਦੇ ਸਨ, ਉਸ ਨੁਕਤੇ ਨੂੰ ਵੀ ਕੱਢ ਦਿੱਤਾ ਗਿਆ। ਪ੍ਰੀਵਾਰਾਂ ਨੂੰ ਇਕੱਠਿਆਂ ਕਰਨ ਲਈ, ਜਦ ਪਹਿਲਾਂ ਮਾਂ ਬਾਪ ਅਤੇ ਉਨ੍ਹਾਂ ਤੇ ਨਿਰਭਰ ਬੱਚੇ ਆ ਸਕਦੇ ਸਨ, ਵਿਚ ਰੋਕਾਂ ਲਾ ਕੇ ਫਿਰ ਸੁਪਰ ਵੀਜ਼ਾ ਸ਼ੁਰੂ ਕਰਕੇ ਬਿਲਕੁਲ ਤਬਦੀਲ ਕਰ ਦਿੱਤਾ ਗਿਆ। ਪਹਿਲਾਂ ਵਿਦਿਆਰਥੀ ਨੂੰ ਸੌਖੇ ਪੱਕੇ ਕਰ ਦਿੱਤਾ ਜਾਂਦਾ ਸੀ, ਉਸ ਨੂੰ ਵੀ ਔਖਾ ਬਣਾ ਦਿੱਤਾ ਗਿਆ। ਕੰਸਰਵੇਟਿਵ ਪਾਰਟੀ ਨੇ ਇਸ ਮੁੱਦੇ ਤੇ ਕੋਈ ਨਵਾਂ ਬਿਆਨ ਨਹੀਂ ਦਿੱਤਾ, ਜਿਸ ਦਾ ਮਤਲਬ ਹੈ ਕਿ ਅਗੇ ਤੋਂ ਵੀ ਇਸੇ ਨੀਤੀ ਤੇ ਚਲਣਗੇ। ਲਿਬਰਲ ਪਾਰਟੀ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਬਿਲ ਸੀ 50 ਨੂੰ ਖਤਮ ਕਰ ਦਿੱਤਾ ਜਾਵੇਗਾ। ਪ੍ਰਵਾਸੀ ਸਿਸਟਮ ਨੂੰ ਚੰਗੇਰਾ ਬਣਾਉਣ ਲਈ 40 ਕੋਰੜ ਡਾਲਰ ਖਰਚੇ ਜਾਣਗੇ, ਜਿਸ ਵਿਚ 20 ਕਰੋੜ ਬੋਲੀ ਸਿਖਣ ਲਈ ਅਤੇ 20 ਕਰੋੜ ਬਾਹਰੋਂ ਆਏ ਮਾਹਿਰਾਂ ਨੂੰ ਉਨ੍ਹਾਂ ਦੇ ਕੰਮਾਂ ਵਿਚ ਕਿਸੇ ਦੀ ਨਿਗਰਾਨੀ ਹੇਠ ਕੰਮ ਕਰਨ (ਇਨਟਰਨਸ਼ਿਪ) ਤੇ ਕੰਮ ਤੇ ਲੱਗਣ ਦੇ ਮੌਕੇ ਪੈਦਾ ਕਰਨ ਲਈ ਖਰਚੇ ਜਾਣਗੇ। ਕੈਨੇਡਾ ਵਿਚ ਰਹਿ ਰਹੇ ਅਸਥਾਈ ਕਾਮਿਆਂ, ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਨੈਨੀ ਦੇ ਤੌਰ ਤੇ ਆਏ ਵਿਅਕਤੀਆਂ ਨੂੰ ਜਲਦੀ ਪੱਕੇ ਕਰਨ ਦਾ ਪ੍ਰੋਗਰਾਮ ਬਣਾਇਆ ਜਾਵੇਗਾ ਤੇ ਕੈਨੇਡਾ ਦੇ ਪੱਕੇ ਇਮੀਗਰਾਂਟਾਂ ਜਾਂ ਸ਼ਹਿਰੀਆਂ ਵਲੋਂ ਸਪੌਂਸਰ ਕੀਤੇ ਵਿਅਕਤੀਆਂ ਲਈ 5 ਸਾਲ ਦਾ ਬਹੁ ਐਂਟਰੀ ਵੀਜ਼ਾ, ਕੈਨੇਡਾ ਸੁਆਗਤ ਪਾਸ ਸ਼ੁਰੂ ਕੀਤਾ ਜਾਵੇਗਾ। ਐਨ ਡੀ ਪੀ ਵਲੋਂ ਅਰਜ਼ੀਆਂ ਦੀਆਂ ਫੀਸਾਂ ਖਤਮ ਕਰਨ, ਜਲਦੀ ਪ੍ਰੀਵਾਰ ਇਕੱਠੇ ਕਰਨ, ਬਾਹਰਲੀਆਂ ਡਿਗਰੀਆਂ ਨੂੰ ਮਾਨਤਾ ਦੇਣ, ਮਨੁੱਖੀ ਸਦਭਾਵਨਾ ਦੇ ਅਧਾਰ ਤੇ ਇਮੀਗਰਾਂਟਾਂ ਤੇ ਰਫਿਊਜ਼ੀਆਂ ਨੂੰ ਆਉਣ ਦੇਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ।

ਤੁਰਕੀ ਦੇ ਸਮੁੰਦਰ ਕਿਨਾਰੇ ਤਿੰਨ ਸਾਲਾ ਏਲਾਨ ਕੁਰਦੀ ਦੀ ਲਾਸ਼ ਦੀ ਫੋਟੋ ਨੇ ਦੁਨੀਆਂ ਭਰ ਨੂੰ ਹਿਲਾ ਦਿੱਤਾ ਅਤੇ ਜਾਨਾਂ ਨੂੰ ਖਤਰਾ ਹੋਣ ਤੇ ਮੱਧ ਪੂਰਬ, ਖਾਸ ਕਰ ਸੀਰੀਆ ਦੇ ਲੜਾਈ ਵਿਚੋਂ ਭੱਜ ਰਹੇ ਪ੍ਰੀਵਾਰਾਂ ਦਾ ਮਸਲਾ ਕਈ ਦਿਨ ਭਖਦੀ ਖਬਰ ਬਣਿਆ ਰਿਹਾ। ਇਸ ਨੇ ਚੋਣ ਪ੍ਰਚਾਰ ਵਿਚ ਰੁਝੀਆਂ ਪਾਰਟੀਆਂ ਨੂੰ ਇਸ ਮਸਲੇ ਤੇ ਅਪਣੀ ਨੀਤੀ ਲੋਕਾਂ ਸਾਹਮਣੇ ਰੱਖਣ ਲਈ ਮਜ਼ਬੂਰ ਕਰ ਦਿੱਤਾ। ਲਿਬਰਲ ਅਤੇ ਐਨ ਡੀ ਪੀ ਦਾ ਪੈਂਤਰਾ, ਜੋ ਵੱਧ ਤੋਂ ਵੱਧ ਸ਼ਰਨਾਰਥੀਆਂ ਨੂੰ ਇਥੇ ਲਿਆਉਣ ਦੀ ਮੰਗ ਕਰਦਾ ਸੀ, ਦੇ ਉਲਟ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸ ਮਸਲੇ ਨੂੰ ਭਾਵਕਤਾ ਤੋਂ ਪਰੇ ਹੱਟ ਕੇ ਸੁਲਝਾਉਣ ਦੀ ਗੱਲ ਕਹੀ ਅਤੇ ਕਿਸੇ ਵੀ ਸ਼ਰਨਾਰਥੀ ਨੂੰ ਬਿਨਾ ਕਿਸੇ ਪੁੱਛ ਪੜਤਾਲ ਦੇ ਕੈਨੇਡਾ ਲਿਆਉਣ ਦਾ ਵਿਰੋਧ ਕੀਤਾ। ਆਮ ਲੋਕਾਂ ਨੂੰ ਬੇਸ਼ੱਕ ਇਹ ਗੱਲ ਕੁਝ ਖਟਕਦੀ ਸੀ, ਪਰ ਸਰਵੇ ਦਸਦੇ ਹਨ ਕਿਕੈਨੇਡਾਪੱਧਰ ਤੇ ਇਸ ਪੈਂਤੜੇ ਨੇ ਕੰਸਰਵੇਟਿਵ ਪਾਰਟੀ ਵੱਲ ਲੋਕਾਂ ਨੂੰ ਖਿਚਿਆ ਹੈ।

**ਵਿਦੇਸ਼ ਨੀਤੀ** : ਕੰਸਰਵੇਟਿਵ ਸਰਕਾਰ ਦੀਆਂ ਨੀਤੀਆਂ ਸ਼ੁਰੂ ਤੋਂ ਹੀ ਅਮਰੀਕਾ ਨਾਲ ਮੇਲ ਖਾਣ ਵਾਲੀਆਂ ਹਨ, ਸਗੋਂ ਪ੍ਰਧਾਨ ਜਾਰਜ਼ ਬੁਸ ਤੋਂ ਬਾਅਦ ਓਬਾਮਾ ਦਾ ਰੁੱਖ ਕਈ ਮਸਲਿਆਂ ਤੇ ਸਟੀਫਨ ਹਾਰਪਰ ਸਾਹਿਬ ਨਾਲੋਂ ਵੱਧ ਨਰਮੀ ਵਾਲਾ ਹੁੰਦਾ ਰਿਹਾ ਹੈ। ਉਨ੍ਹਾਂ ਕੈਨੇਡਾ ਦਾ ਅਕਸ ਜੋ ਔਖ ਵਿਚ ਫਸੇ ਲੋਕਾਂ ਦਾ ਮਦਦਗਾਰ, ਸ਼ਾਤੀ ਸਥਾਪਕ ਹੁੰਦਾ ਸੀ ਨੂੰ ਬਦਲ ਕੇ ਝਗੜਿਆਂ ਵਿਚ ਇੱਕ ਧਿਰ ਦੀ ਮਦਦ ਕਰਨ ਵਾਲਾ ਬਣਾ ਦਿੱਤਾ ਹੈ। ਦੇਸ਼ਾਂ ਵਿਚ ਸਹਾਇਤਾ ਦੇ ਪੈਕਟ ਡੇਗਣ ਵਾਲੀ ਕਨੇਡੀਅਨ ਹਵਾਈ ਸੈਨਾ, ਅਜਕਲ ਸੀਰੀਆ ਅਤੇ ਇਰਾਕ ਵਿਚ ਆਈ ਐਸ ਦੇ ਖਿਲਾਫ਼ ਬੰਬ ਵਰਸਾ ਰਹੀ ਹੈ। ਇਹ ਸਭ ਕੁਝ ਹਾਰਪਰ ਸਰਕਾਰ ਵਲੋਂ ਕੈਨੇਡਾਨੂੰ ਅਤਵਾਦੀਆਂ ਤੋਂ ਸਰੱਖਿਅਤ ਕਰਨ ਦੇ ਨਾਂ ਤੇ ਕੀਤਾ ਜਾ ਰਿਹਾ ਹੈ। ਕੰਸਰਵੇਟਿਵ ਪਾਰਟੀ ਇਸ ਨੀਤੀ ਨੂੰ ਠੀਕ ਮੰਨਦੀ ਹੈ ਅਤੇ ਇਸੇ ਨੂੰ ਅਗੇ ਵੀ ਇਸੇ ਤਰ੍ਹਾਂ ਚਲਾਉਣ ਦੀ ਗੱਲ ਕਰਦੀ ਹੈ। ਵਿਦੇਸ਼ ਨੀਤੀਆਂ ਤੇ ਲੀਡਰਾਂ ਦੀ ਬਹਿਸ ਮੁੰਕ ਸੰਸਥਾ ਵਲੋਂ ਟੋਰਾਂਟੋ ਵਿਚ 28 ਸਤੰਬਰ ਨੂੰ ਕਰਵਾਈ ਜਾਣੀ ਹੈ, ਪਰ ਇਹ ਰਿਪੋਰਟ ਲਿਖਣ ਵੇਲੇ ਤੱਕ, ਲਿਬਰਲ ਅਤੇ ਐਨ ਡੀ ਪੀ ਵਲੋਂ ਇਸ ਬਹਿਸ ਵੇਲੇ ਫਰਾਂਸੀਸੀ ਅਤੇ ਅੰਗਰੇਜੀ ਭਾਸ਼ਵਾਂ ਦਾ ਸਮਾਂ ਅੱਧੋ ਅੱਧ ਨਾ ਹੋਣ ਕਾਰਨ, ਹਿੱਸਾ ਲੈਣ ਦੀ ਸਹਿਮਤੀ ਨਹੀਂ ਦਿਤੀ ਗਈ। ਮਿਸਟਰ ਮੁਲਕਲੇਅਰ ਦਾ ਕਹਿਣਾ ਹੈ ਕਿ ਹਾਰਪਰ ਸਰਕਾਰ ਦੀ ਵਿਦੇਸ਼ ਨੀਤੀ ਨੇ ਕੈਨੇਡਾਦਾ ਦੁਨੀਆਂ ਵਿਚ ਜੋ ਚਿਹਰਾ ਸਾਹਮਣੇ ਲਿਆਂਦਾ ਹੈ, ਉਹ ਸਾਨੂੰ ਖੁੱਦ ਨੂੰ ਵੀ ਸਿਆਣ ਵਿਚ ਨਹੀਂ ਆਉਂਦਾ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੀ ਸਰਕਾਰ ਜੇਕਰ ਬਣਦੀ ਹੈ ਤਾਂ ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਂਵਾਂ ਨੂੰ ਬਣਦੀ ਅਹਿਮੀਅਤ ਦੇਵੇਗੀ ਅਤੇ ਵਾਤਾਵਰਨ ਦੇ ਮਸਲੇ ਤੇ ਵੀ ਸਹਿਯੋਗ ਦਿੰਦੇ ਹੋਏ ਕੈਨੇਡਾ ਮੋਹਰੀ ਰੋਲ ਅਦਾ ਕਰੇਗਾ। ਲਿਬਰਲ ਪਾਰਟੀ ਲੋਕਲ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਨਾਲ ਲੈ ਕੇ ਵਾਤਾਵਰਨ ਦੇ ਮਸਲੇ ਹੱਲ ਕਰਨ ਦੀ ਗੱਲ ਕਰਦੀ ਹੈ। ਮਿਸਟਰ ਟਰੂਡੋ ਨੇ ਕਿਹਾ ਕਿ ਸਾਡੀ ਸਰਕਾਰ ਹਵਾਈ ਸੈਨਾ ਲਈ ਖਰੀਦੇ ਜਾ ਰਹੇ ਮਹਿੰਗੇ ਐਫ 35 ਹਵਾਈ ਜਹਾਜਾ ਦੀ ਥਾ ਸਮੁੰਦਰੀ ਫੌਜ ਲਈ ਉਤਰੀ ਧਰੁਵ ਦੇ ਜੰਮੇਂ ਸਾਗਰਾਂ ਵਿਚ ਗਸ਼ਤ ਲਾ ਸਕਣ ਵਾਲੇ ਜਹਾਜਾਂ ਨੂੰ ਬਣਾਉਣ ਨੂੰ ਤਰਜ਼ੀਹ ਦੇਵੇਗੀ ਅਤੇ ਘੱਟੋ ਘੱਟ 6 ਬਰਫ਼ ਤੋੜ ਸਮੁੰਦਰੀ ਜਹਾਜ਼ ਬਣਵਾਵੇਗੀ। ਇਹ ਜਹਾਜ਼ ਕੁਝ ਸਾਲਾਂ ਤੋਂ ਹੈਲੀਫੈਕਸ ਵਿਚ ਬਣਾਏ ਜਾ ਰਹੇ ਹਨ, ਪਹਿਲਾਂ 8 ਜਹਾਜ਼ ਬਣਾਉਣ ਦੀ ਤਜ਼ਵੀਜ ਸੀ, ਪਰ ਖਰਚ ਜੋ 3.1 ਅਰਬ ਰੱਖਿਆ ਸੀ, ਦੇ 3.5 ਅਰਬ ਕਰਨ ਤੇ ਵੀ ਕੰਸਰਵਟਵਿ ਸਰਕਾਰ ਦਾ ਕਹਿਣਾ ਹੈ ਕਿ ਇਹ ਖਰਚਾ ਸਿਰਫ ਪੰਜ ਜਹਾਜ਼ ਬਣਾਉਣ ਲਈ ਹੀ ਕਾਫੀ ਹੈ। ਇਸ ਬਿਆਨ ਦੀ ਸਟੀਫ਼ਨ ਹਾਰਪਰ ਸਾਹਿਬ ਨੇ ਨੁਕਤਾਚੀਨੀ ਕੀਤੀ ਹੈ ਅਤੇ ਕਿਹਾ ਹੈ ਕਿ ਅਸੀਂ ਆਈ ਐਸ ਖਿਲਾਫ਼ ਅਪਣੇ ਸਾਥੀਆਂ ਦਾ ਸਾਥ ਨਿਭਾਉਂਦੇ ਹੋਏ ਲੜਾਈ ਰਹਾਂਗੇ ਅਤੇ ਇਸ ਕੰਮ ਲਈ ਐਫ਼ 35 ਖਰੀਦਣੇ ਅਤੀ ਜਰੂਰੀ ਹਨ। ਲਿਬਰਲ ਪਾਰਟੀ ਅਤੇ ਐਨ ਡੀ ਪੀ, ਆਈ ਐਸ ਖਿਲਾਫ਼ ਇਸ ਲੜਾਈ ਵਿਚੋਂ ਕੈਨੇਡਾਨੂੰ ਬਾਹਰ ਕਢਣ ਲਈ ਵਚਨਬੱਧ ਹਨ।

**ਪਾਰਟੀਆਂ ਦੀ ਸਥਿਤੀ** : ਆਖਿਰੀ ਪ੍ਰਾਪਤ ਸਰਵੇ ਮੁਤਾਬਿਕ, ਜਿਸ ਦੇ ਅੰਕੜੇ ਸਾਰਨੀ ਵਿਚ ਦਿੱਤੇ ਗਏ ਹਨ, ਕੈਨੇਡਾ ਪੱਧਰ ਤੇ ਤਿੰਨੋ ਪਾਰਟੀਆਂ ਨੂੰ ਲੋਕਾਂ ਦਾ ਤਕਰੀਬਨ ਬਰਾਬਰ ਸਮੱਰਥਨ ਮਿਲ ਰਿਹਾ ਹੈ। ਓਨਟਾਰੀਓ ਵਿਚ ਫਾਰਮ ਰਿਸਰਚ ਕੰਸਰਵੇਟਿਵ ਪਾਰਟੀ ਨੂੰ ਅਤੇ ਇਪਸੌਸ ਲਿਬਰਲ ਪਾਰਟੀ ਨੂੰ ਅੱਗੇ ਦੱਸ ਰਿਹਾ ਹੈ। ਪੀਲ ਖੇਤਰ (ਬਰੈਂਪਟਨ ਤੇ ਮਿਸੀਸਾਗਾ) ਦੇ ਜਿਆਦਾ ਹਲਕਿਆਂ ਵਿਚ ਮੁਕਾਬਲਾ ਕੰਸਰਵੇਟਿਵ ਅਤੇ ਲਿਬਰਲ ਉਮੀਦਵਾਰਾਂ ਵਿਚ ਹੈ। ਬਰੈਂਪਟਨ ਪੱਛਮੀ, ਉਤਰੀ, ਸੈਂਟਰ ਅਤੇ ਦੱਖਣੀ ਵਿਚ ਕਰਮਵਾਰ, ਕਮਲ ਖਹਿਰਾ ਤੇ ਨਿੰਦਰ ਥਿੰਦ, ਰੂਬੀ ਸਹੋਤਾ ਤੇ ਪਰਮ ਗਿੱਲ, ਰਾਮੇਸ਼ਵਰ ਸੰਘਾ ਤੇ ਬੱਲ ਗੋਸਲ ਅਤੇ ਸੋਨੀਆਂ ਸਿੱਧੂ ਤੇ ਕਾਈਲ ਸੀਬੈੱਕ ਵਿਚਕਾਰ ਹੈ। ਮਿਸੀਸਾਗਾ ਸਟਰੀਟਵਿਚ, ਐਰਿਨ ਮਿਲਜ਼, ਮਾਲਟਨ, ਸੈਂਟਰ ਤੇ ਪੂਰਬੀ ਕੌਕਸਵਿਲ ਵਿਚ ਕਰਮਵਾਰ, ਗਗਨ ਸਿਕੰਦ ਤੇ ਬਰੈਡ ਬੱਟ, ਇਕਰਾ ਖਾਲਿਦ ਤੇ ਬੌਬ ਡੀਚਰਟ, ਨਵਦੀਪ ਬੈਂਸ ਤੇ ਜਗਦੀਸ਼ ਗਰੇਵਾਲ, ਓਮਾਰ ਅਲਘਾਬਰਾ ਤੇ ਜੁਲੀਅਸ ਟੀਐਂਗਸਨ ਵਿਚਕਾਰ ਹੈ। ਪਰ ਬਰੈਂਪਟਨ ਪੂਰਬੀ ਵਿਚ ਇਹ ਲਿਬਰਲ ਦੇ ਰਾਜ ਗਰੇਵਾਲ ਤੇ ਐਨ ਡੀ ਪੀ ਦੇ ਹਰਬਲਜੀਤ ਕਾਹਲੋਂ ਵਿਚਕਾਰ ਹੈ। ਸਕਾਰਬਰੋ ਵਿਚ ਕੰਸਰਵੇਟਿਵ ਪਾਰਟੀ ਉਮੀਦਵਾਰ ਤੀਜੇ ਨੰਬਰ ਤੇ ਹਨ ਇਥੇ ਲਿਬਰਲ ਤੇ ਐਨ ਡੀ ਪੀ ਅੱਗੇ ਹਨ। ਸਕਾਰਬਰੋ ਉਤਰੀ ਅਤੇ ਰੋਗ ਪਾਰਕ ਤੋਂ ਸੌਨ ਚੈਂਨ ਤੇ ਰਾਥੀਕਾ ਸਿਟਸਾਬੇਈਸਨ, ਗੈਰੀ ਆਨੰਦਸਗਰੀ ਤੇ ਕਾਂਥਾਰਤਨਮ ਸ਼ਾਤੀਕੁਮਾਰ ਵਿਚਕਾਰ ਅਤੇ ਯੁਨੀਵਰਸਿਟੀ ਰੋਜ਼ਡੇਲ ਵਿਚ ਕਰੀਸਟੀਆ ਫਰੀਲੈਂਡ ਤੇ ਜੈਨੀਫਰ ਹੋਲੈੱਟ ਅੱਗੇ ਹਨ। ਸਾਰਨੀ ਵਿਚੋਂ ਕੌਣ ਕਿਨਾ ਵੱਧ ਸਮਰਥਨ ਪ੍ਰਾਪਤ ਕਰ ਰਿਹਾ ਹੈ ਵੀ ਵੇਖਿਆ ਜਾ ਸਕਦਾ ਹੈ। ਪਰ ਇਹ ਸਾਰੇ ਅੰਕੜੇ ਸੈਂਪਲ ਸਾਈਜ਼ ਛੋਟਾ ਹੋਣ ਕਾਰਨ ਅੰਦਾਜੇ ਹੀ ਕਹੇ ਜਾ ਸਕਦੇ ਹਨ। ਚੋਣਾਂ ਵਿਚ ਅਜੇ ਕਾਫੀ ਵਕਤ ਹੈ, ਉਸ ਵੇਲੇ ਤੱਕ ਇਹ ਸਮੱਰਥਨ ਹੇਠ ਉੱਤੇ ਹੁੰਦੇ ਰਹਿਣਗੇ।

ਸਾਰਨੀ: ਵੱਖ ਵੱਖ ਹਲਕਿਆਂ, ਓਨਟਾਰੀਓ ਅਤੇ ਕੈਨੇਡਾ ਪੱਧਰ ਤੇ ਪ੍ਰਮੁੱਖ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਰਾਂ ਦਾ ਸਮਰਥਨ ਹਲਕਿਆਂ ਦੇ ਉਪਰੋਕਤ ਅੰਕੜੇ ਥਰੀ ਹੰਡਰਡ ਐਂਡ ਏਟ ਡਾਟ ਕਾਮ (ThreeHundredEight.com) ਤੋਂ ਲਏ ਗਏ ਹਨ। ਇਹ 18 ਸਤੰਬਰ 2015 ਦੇ ਹਨ। ਕਿਉਂਕਿ ਹਲਕਿਆਂ ਵਿਚੋਂ ਘੱਟ ਗਿਣਤੀ ਵਿਚ ਹੀ ਲੋਕਾਂ ਤੋਂ ਪੁੱਛ ਕੇ ਇਹ ਸਿੱਟੇ ਕੱਢੇ ਜਾਂਦੇ ਹਨ, ਇਹ ਵੱਧ ਤੋਂ ਵੱਧ ਅੰਦਾਜ਼ੇ ਹੀ ਕਹੇ ਜਾ ਸਕਦੇ ਹਨ। ਕੈਨੇਡਾਅਤੇ ਓਨਟਾਰੀਓ ਦੇ ਅੰਕੜੇ ਫੋਰਮ ਰਿਸਰਚ, ਇਕੋਸ ਅਤੇ ਇਪਸੋਸ ਦੇ ਹਨ।

| ਹਲਕਾ | ਲਿਬਰਲ | | ਕੰਸਰਵੇਟਿਵ | | ਐਨ ਡੀ ਪੀ | |
|---|---|---|---|---|---|---|
| | ਉਮੀਦਵਾਰ ਦਾ ਨਾਂ | (%) | ਉਮੀਦਵਾਰ ਦਾ ਨਾਂ | (%) | ਉਮੀਦਵਾਰ ਦਾ ਨਾਂ | (%) |
| ਬਰੈਪਟਨ ਪੂਰਬੀ | ਰਾਜ ਗਰੇਵਾਲ | 42 | ਨਵਲ ਬਜਾਜ | 20 | ਹਰਬਲਜੀਤ ਕਾਹਲੋਂ | 35 |
| ਬਰੈਪਟਨ ਪੱਛਮੀ | ਕਮਲ ਖਹਿਰਾ | 50 | ਨਿੰਦਰ ਥਿੰਦ | 28 | ਅਡੋਮਾ ਪੈਟਰਸਨ | 18 |
| ਬਰੈਪਟਨ ਉਤਰੀ | ਰੂਬੀ ਸਹੋਤਾ | 39 | ਪਰਮ ਗਿੱਲ | 38 | ਮਾਰਟਿਨ ਸਿੰਘ | 17 |
| ਬਰੈਪਟਨ ਸੈਂਟਰ | ਰਾਮੇਸ਼ਵਰ ਸੰਘਾ | 35 | ਬੱਲ ਗੋਸਲ | 36 | ਰੋਜ਼ਮੇਰੀ ਕੀਨਨ | 21 |
| ਬਰੈਪਟਨ ਦੱਖਣੀ | ਸੋਨੀਆਂ ਸਿੱਧੂ | 47 | ਕਾਈਲ ਸੀਬੈਕ | 34 | ਅਮਰਜੀਤ ਸੰਘਾ | 14 |
| ਮਿਸੀਸਾਗਾ ਸਟਰੀਟਵਿਲ | ਗਗਨ ਸਿਕੰਦ | 46 | ਬਰੈਡ ਬੱਟ | 34 | ਫਾਇਜ਼ ਕਰੀਮ | 13 |
| ਮਿਸੀਸਾਗਾ ਐਰਿਨ ਮਿਲਜ਼ | ਇਕਰਾ ਖਾਲਿਦ | 46 | ਬੌਬ ਡੀਚਰਟ | 35 | ਮਿਸ਼ੇਲ ਬਿਲਕ | 14 |
| ਮਸੀਸਾਗਾ-ਮਾਲਟਨੀ | ਨਵਦੀਪ ਬੈਂਸ | 50 | ਜਗਦੀਸ਼ ਗਰੇਵਾਲ | 25 | ਡਾਇਏਨ ਡੌਗਲਸ | 21 |
| ਮਿਸੀਸਾਗਾ ਸੈਂਟਰ | ਓਮਾਰ ਅਲਘਾਬਰਾ | 49 | ਜੁਲੀਅਸ ਟੀਐਂਗਸਨ | 29 | ਫਰਹੀਨ ਖਾਨ | 17 |
| ਮਿਸੀਸਾਗਾ ਪੂਰਬੀ ਕੌਕਸਵਿਲ | ਪੀਟਰ ਫੋਨਸੇਕਾ | 48 | ਵਲਾਦੀਸਲੇਵ ਲੀਜ਼ੋਨ | 32 | ਅਲੀ ਨਕਵੀ | 16 |
| ਸਕਾਰਬਰੋ ਉਤਰੀ | ਸ਼ੌਨ ਚੈਂਨ | 39 | ਰਵਿੰਦਰ ਮੱਲ੍ਹੀ | 23 | ਰਾਥੀਕਾ ਸਿਟਸਾਬੇਈਸਨ | 35 |
| ਸਕਾਰਬਰੋ ਰੋਗ ਪਾਰਕ | ਗੈਰੀ ਆਨੰਦਸਾਂਗਰੀ | 46 | ਲੇਸਲਿਨ ਲੇਵਿਸ | 22 | ਕਾਂਥਾਰਤਨਮ ਸ਼ਾਂਤੀਕੁਮਾਰ | 28 |
| ਯੁਨੀਵਰਸਿਟੀ ਰੋਜ਼ਡੇਲ | ਕਰੀਸਟੀਆ ਫਰੀਲੈਂਡ | 40 | ਕਰੀਮ ਜਿਵਰਾਜ | 16 | ਜੈਨੀਫਰ ਹੋਲੈਂਟ | 36 |
| ਓਨਟਾਰੀਓ | ਫੋਰਮ ਰਿਸਰਚ ਸਰਵੇ | 31 | | 37 | | 24 |
| | ਇਪਸੌਸ ਸਰਵੇ | 37 | | 31 | | 27 |
| | ਈਕੋਸ ਸਰਵੇ | 31 | | 31 | | 29 |
| ਕੈਨੇਡਾ | ਫੋਰਮ ਰਿਸਰਚ ਸਰਵੇ | 28 | | 32 | | 30 |
| | ਇਪਸੌਸ ਸਰਵੇ | 31 | | 29 | | 32 |
| | ਇਕੋਸ ਸਰਵੇ | 27 | | 30 | | 30 |

## ਕੈਨੇਡਾ ਦੀ ਉੱਚ ਵਿਦਿਆ ਨੀਤੀ

# ਵਿਦਿਆਰਥੀਆਂ ’ਤੇ ਵਧ ਰਿਹਾ ਫੀਸਾਂ ਦਾ ਬੋਝ

ਡਾ. ਹਰਦੀਪ ਸਿੰਘ
ਗੁਐਲ਼ਫ (ਓਂਟਾਰੀਓ)




ਸੰਸਾਰ ਦੇ ਦੂਸਰੇ ਦੇਸ਼ਾ ਦੀ ਤਰ੍ਹਾਂ, ਕੈਨੇਡਾ ਸਰਕਾਰ ਦੀ ਆਰਥਿਕ ਨੀਤੀ ਵਿੱਚ, ਕਲਿਆਣਕਾਰੀ ਰਾਜ ਤੋਂ ਵਿਉਪਾਰੀਕਰਣ ਵੱਲ ਨੂੰ ਸਪਸ਼ਟ ਬਦਲਾਵ ਪਿਛਲੇ ਲੰਬੇ ਸਮੇਂ ਤੋਂ ਵੇਖੇ ਜਾ ਰਹੇ ਹਨ ਹੈ ਜਿਸ ਕਾਰਣ ਆਮ ਵਸੋਂ ਦੇ ਸਮਾਜਿਕ ਸੁਰੱਖਿਆ ਸਕੀਮਾਂ ਵਿੱਚ ਕਟੌਤੀ, ਜੀਵਨ ਵਸੀਲੇ ਮਹਿੰਗੇ ਅਤੇ ਟੈਕਸ ਭਾਰ ਲਗਾਤਾਰ ਵਧ ਰਹੇ ਹਨ। ਇਸ ਰੁਝਾਨ ਦੇ ਪ੍ਰਭਾਵ ਤੋਂ ਸਿੱਖਿਆ ਦੇ ਖੇਤਰ ਵੀ ਅਛੂਤਾ ਨਹੀਂ ਰਿਹਾ ਅਤੇ ਪੋਸਟ-ਸੈਕੰਡਰੀ ਉੱਚ-ਸਿੱਖਿਆ ਦੇ ਖੇਤਰ ਵਿੱਚ ਫੀਸਾਂ ਦਾ ਲਗਾਤਾਰ ਵਾਧਾ ਵਿਦਿਆਰਥੀ ਵਰਗ ਲਈ ਚਿੰਤਾ ਦਾ ਕਾਰਨ ਹੈ। ਫੈਡਰਲ ਕੇਂਦਰੀ ਸਰਕਾਰ ਵਲੋਂ ਵਿਦਿਅਕ ਸੰਸਥਾਵਾਂ ਨੂੰ ਦਿੱਤੇ ਜਾ ਰਹੇ ਬਜਟ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਇਹ ਅਸਰ ਵਿਦਿਆਰਥੀ ਵਰਗ ਤੇ ਫੀਸਾਂ ਦੇ ਵਾਧੇ ਦੇ ਰੂਪ ਵਿੱਚ ਸਿੱਧੇ ਆਰਥਿਕ ਬੋਝ ਦੇ ਰੂਪ ਵਿੱਚ ਲਗਾਤਾਰ ਰੂਪਮਾਨ ਹੋ ਰਿਹਾ ਹੈ। ਚਾਹੇ ਇਸ ਵੇਲੇ, ਮੌਜੂਦਾ ਫੈਡਰਲ ਚੋਣਾਂ ਵਿੱਚ ਨਿੱਤਿਰਆਂ ਸਾਰੀਆਂ ਪਾਰਟੀਆਂ, ਬਹੁਗਿਣਤੀ ਮੱਧਵਰਗ ਲੋਕਾਂ ਲਈ ਟੈਕਸ ਛੋਟਾਂ, ਕਈ ਕਲਿਆਣਕਾਰੀ ਸਿਹਤ ਅਤੇ ਸਿੱਖਿਆ ਸਕੀਮਾਂ, ਬੁਢਾਪਾ ਪੈਨਸ਼ਨਾਂ ਅਤੇ ਹੋਰ ਪਰਿਵਾਰਕ ਸਹੂਲਤਾਂ ਦੇ ਲੁਭਾਵਣੇ ਵਾਅਦੇ ਲੈਕੇ ਦਰਵਾਜ਼ੇ ਖੜ੍ਹਕਾ ਰਹੀਆਂ ਹਨ ਪਰ ਸਬੱਬੀ ਇਹੀ ਵੇਲਾ ਹੈ, ਜਦੋਂ ਯੂਨੀਵਰਸਿਟੀ ਵਿਦਿਆਰਥੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਦੀ ਪੱਤਝੜ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਆਰਥਿਕ ਵਸੀਲੇ ਪ੍ਰਬੰਧ ਕਰਨ ਵਿੱਚ ਵਿਅੱਸਥ ਹਨ । ਯੂਨੀਵਰਸਿਟੀ ਫੀਸਾਂ ਦੇ ਲਗਾਤਾਰ ਵਾਧੇ ਦੇ ਅਸਰ ਕਾਰਨ ਫੀਸਾਂ ਲਈ, ਮੱਧ ਵਰਗੀ ਪਰਿਵਾਰ ਚਿੰਤਾਤੁੱਰ ਹਨ ਅਤੇ ਇਕ ਗਿਣਨਯੋਗ ਪ੍ਰਤੀਸ਼ਤ ਵਿਦਿਆਰਥੀ ਵਰਗ ਲਈ ਉਚ ਵਿਦਿਆ ਵਸ ਤੋਂ ਬਾਹਰ ਦੀ ਗੱਲ ਹੋ ਰਹੀ ਹੈ। ਉੱਚ-ਵਿਦਿਆ ਫੀਸਾਂ ਦੇ ਵਾਧੇ ਕਾਰਨ ਮੱਧਵਰਗ ਪਰਿਵਾਰਾਂ ਦੇ ਵਿਦਿਆਰਥੀਆਂ ਦੀ ਗਿਣਤੀ ਵਿਚ ਉਸੇ ਰਫ਼ਤਾਰ ਨਾਲ ਪ੍ਰਤੀਸ਼ਤ ਗਿਰਾਵਟ ਆ ਰਹੀ ਹੈ। ਫੀਸਾਂ ਦੇ ਵਾਧੇ ਕਾਰਣ ਪੈਦਾ ਹੋਈ ਸਥਿਤੀ ਕਾਰਣ, ਕੈਨੇਡਾ ਦੇ ਬਹੁਤੇ ਸਾਰੇ ਸੂਬਿਆਂ ਨੇ ਆਪਣੇ ਪੱਧਰ ਤੇ ਇਸ ਨੂੰ ਹਲਕਾ ਕਰਨ ਲਈ ਕਦਮ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਕੁਝ ਸੂਬਿਆਂ ਨੇ ਤਾਂ ਆਪਣੇ ਪੱਧਰ ’ਤੇ ਆਪਣੀਆਂ ਨੀਤੀਆਂ ਨਾਲ ਫੀਸਾਂ ਨੂੰ ਵੱਧਣ ਤੋਂ ਕੁਝ ਸਾਲਾਂ ਤੱਕ ਰੋਕ ਲਗਾਉਣ ਅਤੇ ਕੁਝ ਵਲੋਂ ਕਈ ਹੋਰ ਆਰਥਿਕ ਵਸੀਲਿਆਂ ਨਾਲ ਵਿਦਿਆਰਥੀਆਂ ਦੀ ਮਦਦ ਕਰਨ ਦਾ ਫੈਸਲਾ ਲਿਆ ਹੈ-ਜਿਸ ਵਿਚ ਕਈ ਤਰ੍ਹਾਂ ਦੇ ਕਰਜ਼ੇ ਅਤੇ ਰਾਹਤਾਂ ਸ਼ਾਮਲ ਹਨ। ਇਸ ਸਾਲ ਨਿਊਫਾਊਂਡਲੈਂਡ ਤੇ ਲੈਬਰਾਡੋਰ ਸੂਬਿਆਂ ਨੇ ਵੱਖਰੀ ਪਹੁੰਚੀ ਅਪਨਾਉਂਦੇ ਹੋਏ ਵਿਦਿਆਰਥੀਆਂ ਦੇ ਪਰੋਵਿਨਸ਼ੀਅਲ ਕਰਜ਼ੇ ਨੂੰ ਗਰਾਂਟ ਨਾਲ ਮੁਆਫ਼ ਕਰਨ ਅਤੇ ਇਨਸੈਂਟਿਵ ਪ੍ਰੋਗਰਾਮ ਦਾ ਫੈਸਲਾ ਲਿਆ ਹੈ। ਹਾਲਾਂਕਿ ਇਨ੍ਹਾਂ ਸੂਬਿਆਂ ਦੀਆਂ ਫੀਸਾਂ ਪਹਿਲਾਂ ਹੀ ਦੂਸਰੇ ਸੂਬਿਆਂ ਦੇ ਮੁਕਾਬਲੇ ਬਹੁਤ ਘੱਟ ਹਨ, ਵਿਦਿਆਰਥੀ ਵਰਗ ਲਈ ਇਸ ਤਰ੍ਹਾਂ ਦਾ ਫੈਸਲਾ ਲੈਣ ਵਾਲੇ ਇਹ ਪਹਿਲੇ ਸੂਬੇ ਹਨ।

ਕੈਨੇਡਾ ਦੀ ਇੱਕ ਸੰਸਥਾ “ਕੈਨੇਡਿਅਨ ਸੈਂਟਰ ਫਾੱਰ ਪਾਲਿਸੀ ਅਲਟਰਨੇਟਿਵ” ਦੁਆਰਾ ਜਾਰੀ ਕੀਤੀ ਇੱਕ ਸਟੱਡੀ ਮੁਤਾਬਿਕ 1993-94 ਤੋਂ ਲੈ ਕੇ 2015-16 ਤੱਕ ਕੈਨੇਡਾ ਦੀਆਂ ਯੂਨੀਵਰਸਿਟੀਆਂ ਦੀਆਂ ਔਸਤਨ ਫੀਸਾਂ ਵਿਚ ਤਕਰੀਬਨ ਤਿੰਨ ਗੁਣਾ ਵਾਧਾ ਦੇਖਿਆ ਗਿਆ ਹੈ। ਨਿਊਫਾਊਂਡਲੈਂਡ ਅਤੇ ਲੈਬਰਾਡੋਰ ਵਿਚ 35% ਵਾਧੇ ਤੋਂ ਲੈ ਕੇ ਓਂਟਾਰੀਓ ਸੂਬੇ ਵਿਚ ਇਹ ਵਾਧਾ 48% ਵੇਖਿਆ ਗਿਆ ਹੈ। ਤਕਰੀਬਨ ਇਸੇ ਸਮੇਂ (1992-2012) ਦੌਰਾਨ ਹੀ ਫੈਡਰਲ ਸਰਕਾਰ ਵਲੋਂ ਵਿਦਿਅਕ ਸੰਸਥਾਵਾਂ ਨੂੰ ਜਾਰੀ ਕੀਤੇ ਗਏ ਬਜਟ ਫੰਡਾਂ ਵਿਚ 77% ਤੋਂ 55% ਦੀ ਵਿਚ ਗਿਰਾਵਟ ਨਾਲ ਹੱਥ ਖਿੱਚਿਆ ਹੈ ਅਤੇ ਇਨ੍ਹਾਂ ਸਾਲਾਂ ਵਿਚ ਹੀ ਯੂਨੀਵਰਸਿਟੀਆਂ ਨੇ ਆਪਣੀ ਆਮਦਨ ਦੇ ਵਸੀਲੇ ਨੂੰ ਆਪਣੇ ਪੱਧਰ ’ਤੇ 20% ਤੋਂ ਲੈ ਕੇ 37% ਦਾ ਪ੍ਰਬੰਧ ਕਰਨਾ ਪਿਆ ਹੈ ਜੋ ਕਿ ਵਿਦਿਆਰਥੀਆਂ ਤੋਂ ਫੀਸਾਂ ਦੇ ਬੋਝ ਰਾਹੀਂ ਹੀ ਕੀਤਾ ਗਿਆ। ਇਸੇ ਰੁਝਾਨ ਨੂੰ ਦੇਖਦੇ ਹੋਏ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀ ਜਿਥੇ ਪਹਿਲੇ ਸਾਲ 6971 ਡਾਲਰ ਸਲਾਨਾ ਤੋਂ ਸ਼ੁਰੂ ਕਰਕੇ ਚੌਥੇ ਸਾਲ ਦੀ ਆਪਣੀ ਪੜ੍ਹਾਈ ਲਈ 7590 ਡਾਲਰ ਸਲਾਨਾ ਤੱਕ ਦੀ ਫੀਸ ਭਰਾਉਣ ਲਈ ਮਜਬੂਰ ਹੋਵੇਗਾ।

ਓਂਟਰੀਓ ਸੂਬੇ ਦੀ ਉੱਚ-ਵਿਦਿਆ ਫੀਸ ਕੈਨੇਡਾ ਵਿਚ ਸਾਰਿਆਂ ਸੂਬਿਆਂ ਤੋਂ ਜ਼ਿਆਦਾ ਹੈ। ਮਹਿੰਗੇ ਸੂਬੇ ਦਾ ਇਹ ਦਰਜਾ ਲਗਾਤਾਰ 2008-09 ਤੋਂ ਲਗਾਤਾਰ ਕਾਇਮ ਹੈ, ਜਦੋਂ ਇਸ ਮਹਿੰਗਾਈ ਲਈ ਨੋਵਾਸਕੋਸ਼ਿਆ ਸੂਬੇ ਨੂੰ ਪਛਾੜਕੇ ਸਿੱਖਿਆ ਖੇਤਰ ਦਾ ਸਭ ਤੋਂ ਮਹਿੰਗਾ ਸੂਬਾ ਸਾਬਤ ਹੋਇਆ। ਹਲਾਂਕਿ ਦੂਸਰੇ ਸੂਬਿਆਂ ਦੀ ਤਰ੍ਹਾਂ ਵਿਦਿਆਰਥੀ ਫ਼ੀਸ ਰਾਹਤ ਲਈ 2013 ਵਿਚ ਓਂਟਾਰੀਓ ਸੂਬੇ ਨੇ ਫੀਸਾਂ ਦੇ ਵਾਧੇ ਨੂੰ 3% ਤੱਕ ਦੀ ਰੋਕ ਲਗਾਈ ਸੀ ਜਦਕਿ ਬਹੁਤ ਸਾਰੇ ਸਿੱਖਿਆ ਪ੍ਰੋਗਰਾਮ ਇਸ ਰੋਕ ਦੀ ਉਲੰਘਣਾ ਅਜੇ ਵੀ ਕਰ ਰਹੇ ਹਨ। ਹਾਲਾਂਕਿ ਇਸ ਵੱਲੋਂ 30% ਟਿਊਸ਼ਨ ਗਰਾਂਟ ਦੀ ਵਿਦਿਆਰਥੀ ਰਾਹਤ, 2015-16 ਲਈ 1830 ਡਾਲਰ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ, ਜਿਹੜੀ ਕਿ ਓਂਟਾਰੀਓ ਦੀਆਂ ਸੰਸਥਾਵਾਂ ਵਿਚ ਵਿਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤੀ ਜਾਵੇਗੀ। ਇਸਦੀ ਸ਼ਰਤ ਅਨੁਸਾਰ ਹਾਈ ਸਕੂਲ ਦੀ ਸਿੱਖਿਆ ਤੋਂ ਪੰਜ ਸਾਲਾਂ ਤੋਂ ਜ਼ਿਆਦਾ ਬਾਹਰ ਰਹਿਣ ਵਾਲੇ ਅਤੇ ਸਕੂਲ ਵਿਚ ਪਾਰਟ ਟਾਇਮ ਪੜ੍ਹਾਈ ਵਾਲੇ ਵਿਦਿਆਰਥੀ ਇਸ ਦੇ ਹੱਕਦਾਰ ਨਹੀਂ ਹੋਣਗੇ। ਹੁਣ ਸਤੰਬਰ 2015 ਤੋਂ ਵਿਦਿਆਰਥੀ ਕਰਜ਼ੇ ਵਿਚ ਮਿਆਦ ਨਿਰਧਾਰਿਤ ਕਰ ਦਿੱਤੀ ਹੈ ਜਿਸ 7400 ਡਾਲਰ ਤੱਕ ਤੋਂ ਉਪਰ ਦੇ ਵਿਦਿਆਰਥੀ ਕਰਜ਼ੇ ਨੂੰ ਮੁਆਫ਼ ਕੀਤਾ ਜਾਵੇਗਾ।

ਫੈਡਰਲ ਕੇਂਦਰੀ ਸਰਕਾਰ ਵਲੋਂ ਵਿੱਦਿਅਕ ਸੰਸਥਾਵਾਂ ਨੂੰ ਦਿੱਤੇ ਜਾਣ ਵਾਲੇ ਫੰਡ ਬਜਟ ਨੂੰ ਲਗਾਤਾਰ ਘਟਾਏ ਜਾਣ ਕਾਰਨ, ਵਿੱਦਿਅਕ ਸੰਸਥਾਵਾਂ ਵਲੋਂ ਵਿਦਿਆਰਥੀਆਂ ਤੋਂ ਟਿਊਸ਼ਨ ਫੀਸਾਂ ਤੋਂ ਇਲਾਵਾ ਹੋਰ ਵੀ ਕਈ ਕਿਸਮ ਦੀਆਂ ਫੀਸਾਂ ਦੇ ਆਰਥਿਕ ਬੋਝ ਨੇ ਵਿੱਦਿਆ ਨੂੰ ਹੋਰ ਮਹਿੰਗੀ ਕਰਨ ਦੀ ਸਮੱਸਿਆ ਖੜ੍ਹੀ ਕੀਤੀ ਹੈ। ਸਰਕਾਰ ਵਲੋਂ ਯੂਨੀਵਰਸਿਟੀਆਂ ਨੂੰ ਦਿੱਤੇ ਜਾਣ ਵਾਲੇ ਆਰਥਿਕ ਮਦਦ ਜਿਹੜੀ 1992 ਵਿਚ 77% ਸੀ, ਸਾਲ 2002 ਵਿਚ 60% ਤੋਂ ਘਟਦੀ ਘਟਦੀ ਸਾਲ 2012 ਤੱਕ 55% ਹੀ ਰਹਿ ਗਈ ਹੈ। ਉਪਰੋਕਤ ਸਰਕਾਰੀ ਮਦਦ ਤੋਂ ਬਗੈਰ, ਵਿੱਦਿਅਕ ਸੰਸਥਾਵਾਂ ਨੂੰ ਸਿੱਖਿਆ ਦੇ ਵਿਉਪਾਰੀਕਰਨ ਦੀ ਨੀਤੀ ਤਹਿਤ ਵਿਦਿਅਰਥੀਆਂ ਤੋਂ ਫੀਸਾਂ ਇੱਕਠਿਆਂ ਕਰਨ ਦੀ ਖੁਲ੍ਹੀ ਛੁੱਟੀ ਦੇ ਦਿੱਤੀ ਗਈ ਹੈ। ਸਰਕਾਰ ਵਲੋਂ ਯੂਨੀਵਰਸਿਟੀਆਂ ਦੀ ਮਦਦ ਤੋਂ ਲਗਾਤਾਰ ਹੱਥ ਖਿਚੇ ਜਾਣ ਅਤੇ ਵਿਦਿਆਰਥੀਆਂ ਵਲੋਂ ਫੀਸਾਂ ਉਗਰਾਹੇ ਜਾਣ ਦੀ ਖੁੱਲ੍ਹੀ ਛੁੱਟੀ ਕਾਰਨ, ਪ੍ਰਬੰਧਕਾਂ ਵਲੋਂ ਟਿਊਸ਼ਨ ਫੀਸ ਤੋਂ ਇਲਾਵਾ ਹੋਰ ਫੀਸਾਂ ਜਿਵੇਂ ਕਿ ਤਕਨੀਕੀ ਫੀਸ, ਲਾਇਬ੍ਰੇਰੀ ਫੀਸ, ਫੁਟਕਲ ਫੀਸ ਵੀ ਉਗਰਾਹੀਆਂ ਜਾ ਰਹੀਆਂ ਹਨ। ਇਨ੍ਹਾਂ ਵਾਧੂ ਸਹੂਲਤਾਂ ਲਈ ਉਗਰਾਹੀਆਂ ਜਾਣ ਵਾਲੀਆਂ ਫੀਸਾਂ ਦਾ ਬਹੁਤੇ ਕੋਰਸਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੁੰਦਾ।

ਇਸੇ ਸਮੇਂ ਦੌਰਾਨ ਹੀ ਯੂਨੀਵਰਸਿਟੀਆਂ ਵਲੋਂ ਆਰਥਿਕ ਆਤਮ ਨਿਰਭਰਤਾ ਦੇ ਨਾਮ ਹੇਠ ਪੈਦਾ ਕੀਤੇ ਕੁਲ ਵਸੀਲਿਆਂ ਵਿੱਚ ਵਿਦਿਆਰਥੀਆਂ ਦੀਆਂ ਟਿਊਸ਼ਨ ਫੀਸਾਂ ਦਾ ਪ੍ਰਤੀਸ਼ਤ ਆਰਥਿਕ ਬੋਝ 1992 ਵਿਚ 20% ਤੋਂ, 2002 ਵਿਚ 33% ਅਤੇ 2012 ਤੱਕ ਆਉਂਦੇ-ਆਉਂਦੇ 37% ਤੱਕ ਵਧ ਕੇ ਪਹੁੰਚ ਗਿਆ ਹੈ। 1993 ਤੋਂ 1994 ਤੋਂ ਲੈ ਕੇ ਟਿਊਸ਼ਨ ਅਤੇ ਹੋਰ ਫੀਸਾਂ ਦਾ ਵਾਧਾ ਤਿੰਨ ਗੁਣਾ ਕਰ ਦਿੱਤਾ ਗਿਆ ਹੈ। ਹਾਲਾਂਕਿ ਵੱਖੋ-ਵੱਖਰੇ ਸੂਬਿਆਂ ਦੇ ਵੱਖੋ-ਵੱਖਰੇ ਪ੍ਰਬੰਧਾਂ ਕਾਰਨ ਵੱਖ-ਵੱਖਰੇ ਫੀਸ ਦਰਾਂ ਅਤੇ ਫੰਡਾਂ ਕਾਰਨ ਇਹ ਔਸਤਨ ਕੌਮੀ ਵਾਧਾ ਘੱਟ ਹੀ ਮਿਥਿਆ ਗਿਆ ਹੈ। ਉਦਾਹਰਨ ਦੇ ਤੌਰ ’ਤੇ 2012 ਵਿਚ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਕੁਲ ਯੂਨੀਵਰਸਿਟੀ ਵਸੀਲਿਆਂ ਵਿਚ ਟਿਊਸ਼ਨ ਫੀਸ ਦਾ ਹਿੱਸਾ 13% ਸੀ, ਇਸ ਦੇ ਉਲਟ ਓਂਟਾਰੀਓ ਸੂਬੇ ਦੀਆਂ ਯੂਨੀਵਰਸਿਟੀਆਂ ਦਾ 48% ਅਤੇ ਬ੍ਰਿਟਿਸ਼ ਕੋਲੰਬੀਆ ਦਾ 42% ਹਿੱਸਾ ਸੀ। ਓਂਟਾਰੀਓ ਸੂਬੇ ਦੀਆਂ ਯੂਨੀਵਰਸਿਟੀਆਂ ਨੂੰ ਸਰਕਾਰ ਵਲੋਂ 45% ਦੀਆਂ ਆਰਥਿਕ ਮਦਦ ਮਿਲੀ ਅਤੇ ਇਸ ਦੇ ਮੁਕਾਬਲੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਨੂੰ 80% ਸਹਾਇਤਾ ਪ੍ਰਾਪਤ ਹੋਈ।

ਕੈਨੇਡਾ ਸਰਕਾਰ ਦੀ ਕਲਿਆਣਕਾਰੀ ਸਿੱਖਿਆ ਨੀਤੀ ਤੋਂ ਲਗਾਤਾਰ ਸਿੱਖਿਆ ਦੇ ਵਿਉਪਾਰੀਕਰਨ ਦੀ ਨੀਤੀ ਵੱਲ ਇਕ ਗਿਣਨਯੋਗ ਬਦਲਾਅ ਨਜ਼ਰ ਆ ਰਿਹਾ ਹੈ। ਇਸ ਤਰ੍ਹਾਂ ਸਰਕਾਰ ਵਲੋਂ ਲਗਾਤਾਰ ਉਚ ਵਿਦਿਆ ਸੰਸਥਾਵਾਂ ਤੋਂ ਜਨਤਕ ਫੰਡਾਂ ਵਿਚੋਂ ਲਗਾਤਾਰ ਘਟਾਏ ਜਾ ਰਹੇ ਬਜਟ ਅਤੇ ਇਨ੍ਹਾਂ ਸੰਸਥਾਵਾਂ ਨੂੰ ਵਿਦਿਆਰਥੀ ਫੀਸਾਂ ਇਕੱਠੀ ਕਰਨ ਦੀ ਛੁੱਟੀ ਕਾਰਨ, ਆਮ ਮੱਧ ਵਰਗ ਨਾਲ ਸਬੰਧਤ ਵਿਦਿਆਰਥੀਆਂ ਤੇ ਇਸ ਗੱਲ ਦਾ ਬਹੁਤ ਮਾੜਾ ਪ੍ਰਭਾਵ ਪੈ ਰਿਹਾ ਹੈ। ਇਸ ਯੋਜਨਾਬੱਧ ਤਬਦੀਲੀ ਕਰਕੇ ਆਮ ਮੱਧ ਵਰਗ ਦੇ ਵਿਦਿਆਰਥੀਆਂ ਦੀ ਖਰੀਦ ਸ਼ਕਤੀ ਤੋਂ ਬਾਹਰ ਹੋ ਰਹੀ ਉਚ ਵਿਦਿਆ ਕਾਰਨ ਦੇਸ਼ ਦੀ ਭਵਿੱਖ ਤੇ ਦੂਰ ਅੰਦੇਸ਼ੀ ਮਾੜੇ ਪ੍ਰਭਾਵ ਪੈਣ ਦਾ ਖਦਸ਼ਾ ਹੈ। ਕੀ ਇਸ ਗੱਲ ਲਈ ਜੁੰਮੇਵਾਰ ਸੱਤਾਧਾਰੀ ਪਾਰਟੀਆਂ ਮੌਜੂਦਾ ਚੋਣਾਂ ਦੌਰਾਨ ਇਸ ਲੋਕ ਮਾਰੂ ਨੀਤੀ ਲਈ ਜਵਾਬਦੇਹ ਹਨ?

## ਤਰਾਸਦੀ ਲਈ ਕੈਨੇਡਾ ਮਦਦਗਾਰ

# ਹੁਣ ਸ਼ਰਨਾਰਥੀਆਂ ਨੂੰ ਜੀ ਆਇਆ ਕਰੋ



ਮਾਸੂਮ ਏਲਾਨ ਕੁਰਦੀ, ਉਸਦੇ ਭਰਾ ਅਤੇ ਮਾਂ ਦੀ ਭਿਆਨਕ ਮੌਤ ਤੋਂ ਬਾਅਦ, ਸ਼ਰਨਾਰਥੀ ਮਸਲਾ ਕੈਨੇਡਾ ਦੇ ਮੌਜੂਦਾ ਚੋਣ ਦੰਗਲ ਲਈ ਵੱਡਾ ਮੁੱਦਾ ਬਣ ਚੁੱਕਾ ਹੈ ਪਰ ਇਹ ਅਖੌਤੀ ਸ਼ਰਨਾਰਥੀ ਮਸਲਾ, ਮੱਧ-ਪੂਰਬ, ਕੇਂਦਰੀ ਏਸ਼ੀਆ ਅਤੇ ਉਤਰੀ ਅਫਰੀਕਾ ਵਿਚ ਪੱਛਮੀ ਸਾਮਰਾਜੀ ਮੁਲਕਾਂ ਦੀਆਂ ਅੰਦਰੂਨੀ ਦਖ਼ਲ-ਅੰਦਾਜ਼ੀ ਅਤੇ ਜੰਗਾਂ ਦਾ ਅੰਦੇਸ਼ੀ ਨਤੀਜਾ ਹੈ। ਇਰਾਕ ਤੋਂ ਅਫ਼ਗਾਨਿਸਤਾਨ ਤੋਂ ਲੀਬੀਆ ਅਤੇ ਹੁਣ ਸੀਰੀਆ ਵਿਚ ਇਨ੍ਹਾਂ ਫੌਜੀ ਨੀਤੀਆਂ ਕਰਕੇ ਲੱਖਾਂ ਲੋਕ ਮੌਤ ਦਾ ਸ਼ਿਕਾਰ ਹੋਏ ਹਨ। ਬਹੁਤ ਵੱਡੇ ਖੇਤਰ ਵਿਚ ਘਰ, ਸ਼ਹਿਰ ਅਤੇ ਆਰਥਿਕ ਆਧਾਰ ਢਾਂਚਾ ਢਹਿ-ਢੇਰੀ ਹੋਇਆ ਹੈ ਅਤੇ ਹੁਣ ਪੰਜ ਕਰੋੜ ਤੋਂ ਜ਼ਿਆਦਾ ਲੋਕ ਘਰੋਂ ਬੇਘਰ ਹੋਏ ਹਨ।

ਪਿਛਲੇ ਦੋ ਦਹਾਕਿਆਂ ਤੋਂ ਇਨ੍ਹਾਂ ਅਮਰੀਕਨ ਫੌਜੀ ਮੁਹਿੰਮਾਂ ਵਿਚ ਕੈਨੇਡਾ ਇਕ ਮਹੱਤਵਪੂਰਨ ਹਿੱਸੇਦਾਰ ਰਿਹਾ ਹੈ ਅਤੇ ਇਸੇ ਕਰਕੇ ਸਾਡਾ ਦੇਸ਼ ਏਲਾਨ ਕੁਰਦੀ ਅਤੇ ਹੋਰ ਕਈ ਲੋਕਾਂ ਦੀ ਮੌਤ ਪ੍ਰਤੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦਾ। ਕੁਝ ਤਾਜ਼ਾ ਰਿਪੋਰਟਾਂ ਮੁਤਾਬਕ ਕੈਨੇਡਾ ਵਲੋਂ 70 ਕਰੋੜ ਡਾਲਰ ਤੋਂ ਜ਼ਿਆਦਾ ਦੇ ਹਥਿਆਰਾਂ ਨਾਲ ਸੀਰੀਆ ਦੀਆਂ ਸਰਕਾਰ ਵਿਰੋਧੀ ਫੌਜਾਂ ਨੂੰ ਸੰਨ 2011 ਤੱਕ ਮਦਦ ਕੀਤੀ ਹੈ। ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਇਨ੍ਹਾਂ ਸਾਮਰਾਜੀ ਨੀਤੀਆਂ ਦਾ ਵਿਰੋਧ ਕਰਦੀ ਹੈ ਅਤੇ ਅਸੀਂ ਮੰਗ ਕਰਦੇ ਹਾਂ ਕਿ ਜੰਗਾਂ ਲਾਉਣ ਅਤੇ ਫੌਜੀ ਮੁਹਿੰਮਾਂ ਦੀ ਘਾਤਕ ਨੀਤੀ ਨੂੰ ਬੰਦ ਕੀਤਾ ਜਾਵੇ। ਕੈਨੇਡਾ, ਨਾਟੋ ਸਮੂਹ ਦੇਸ਼ਾਂ ਵਿਚੋਂ ਬਾਹਰ ਆਵੇ ਅਤੇ “ਮਨੁੱਖਤਾਵਾਦੀ ਫੌਜੀ ਦਖ਼ਲ-ਅੰਦਾਜ਼ੀ” ਦੀਆਂ ਅਖੌਤੀ ਮੁਹਿੰਮਾਂ ਦੇ ਨਾਮ ਹੇਠ ਸਾਰੀਆਂ ਵਿਦੇਸ਼ੀ ਜੰਗਾਂ ਵਿਚ ਸ਼ਮੂਲੀਅਤ ਬੰਦ ਕਰੇ। ਹੁਣ ਇਨ੍ਹਾਂ ਮੁਲਕਾਂ ਵਿਚ ਮੌਤ ਅਤੇ ਤਬਾਹੀ ਦੇ ਤਾਂਡਵਨਾਚ ਕਰਕੇ ਕਰੋੜਾਂ ਲੋਕ ਬੇਘਰੇ, ਬੇਰੁਜ਼ਗਾਰ ਅਤੇ ਸ਼ਰਨਾਰਥੀ ਹੋ ਚੁੱਕੇ ਹਨ। ਸੋ ਕੈਨੇਡਾ ਨੂੰ ਇਨ੍ਹਾਂ ਸੀਰੀਆਈ, ਇਰਾਕੀ, ਅਫਗਾਨਿਸਤਾਨੀ, ਲੀਬੀਆਈ ਅਤੇ ਹੋਰ ਦੇਸ਼ਾਂ ਦੇ ਸ਼ਰਨਾਰਥੀਆਂ ਨੂੰ ਸ਼ਰਨ ਲਈ ਪ੍ਰਵਾਨ ਕਰਨਾ ਚਾਹੀਦਾ ਹੈ। ਇਸ ਕੇਸ ਨੂੰ ਸਿਰੇ ਚਾੜ੍ਹਣ ਲਈ ਕੈਨੇਡਾ ਆਪਣੇ ਵੀਹ ਮਿਲੀਅਨ ਡਾਲਰ ਤੋਂ ਜ਼ਿਆਦਾ ਦੇ ਸਲਾਨਾ ਰੱਖਿਆ ਬਜਟ ਵਿਚ 75× ਕਟੌਤੀ ਕਰਕੇ, ਇਸ ਨੂੰ ਸ਼ਰਨਾਰਥੀਆਂ ਦੀ ਮਦਦ ਅਤੇ ਜੰਗ ਦਾ ਸ਼ਿਕਾਰ ਹੋਏ ਲੋਕਾਂ ਦੀ ਮਨੁੱਖਵਾਦੀ ਜ਼ਰੂਰਤ ਤੇ ਲਾਵੇ।

ਇਸੇ ਹਫ਼ਤੇ, ਓਂਟਾਰੀਓ ਦੇ ਕੰਜਰਵੇਟਿਵ ਸੱਤਾਧਾਰੀ ਪਾਰਟੀ ਦੇ ਐਮ. ਪੀ. ਰਿੱਕ ਦਿਕਸਤਰਾ ਦੇ ਕੈਮਪੈਨ ਦਫ਼ਤਰ ਦੇ ਸਾਹਮਣੇ ਇਕ ਰੈਲੀ ਨੂੰ ਸੰਬੋਧਨ ਕਰਦੇ, ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸਾਲੇਹ ਵਜੀਰੂਦੀਨ ਨੇ ਕਿਹਾ ਕਿ “ਕੁਰਦੀ ਪਰਿਵਾਰ ਦੀ ਦੁਖਦਾਈ ਮੌਤ ਨੇ ਸ਼ਰਨਾਰਥੀਆਂ ਅਤੇ ਪਰਵਾਸੀਆਂ ਬਾਰੇ ਕੰਜਰਵੇਟਿਵ ਪਾਰਟੀ ਦੇ ਝੂਠ ਦਾ ਪਰਦਾਫਾਸ਼ ਕਰ ਦਿੱਤਾ ਹੈ। ਕੰਜਰਵੇਟਿਵ ਇਸ ਘਟਨਾ ਵਿਚੋਂ ਇਹ ਕਹਿ ਕੇ ਜ਼ਿੰਮੇਵਾਰੀ ਤੋਂ ਭੱਜ ਰਹੇ ਹਨ ਕਿ ਉਨ੍ਹਾਂ ਨੂੰ ਸਿਰਫ਼ ਅੰਕਲ ਤੋਂ ਹੀ ਬਿਨੈ ਪੱਤਰ ਪ੍ਰਾਪਤ ਹੋਇਆ ਹੈ, ਪਰ ਬੱਚਿਆਂ ਦੀ ਭੂਆ ਨੇ ਇਸ ਸਾਰੇ ਪਰਿਵਾਰ ਦੇ ਲਈ ਬਿਨੈ ਪੱਤਰ ਦਿੱਤਾ ਸੀ ਪਰ ਉਨੰਾਂ ਨੂੰ ਕੋਈ ਵੀ ਉਤਰ ਪ੍ਰਾਪਤ ਨਹੀਂ ਸੀ ਹੋਇਆ। ਹਾਰਪਰ ਸਰਕਾਰ ਵਲੋਂ ਸ਼ਰਨਾਰਥੀਆਂ ਨੂੰ ਸਪਾਂਸਰ ਕਰਨ ’ਤੇ ਲਗਾਈ ਗਈ ਪਾਬੰਦੀ ਕਾਰਨ ਪਰਿਵਾਰ ਦੀ ਭੂਆ ਦੁਖੀ ਪਰਿਵਾਰ ਨੂੰ ਬੁਲਾਉਣ ਤੋਂ ਅਸਮਰਥ ਰਹੀ। ਅਸਲੀਅਤ ਇਹ ਹੈ ਕਿ ਹਾਰਪਰ ਸਰਕਾਰ ਸ਼ਰਨਾਰਥੀਆਂ ਅਤੇ ਪਰਵਾਸੀਆਂ ਦੀ ਮਦਦ ਦੀ ਬਜਾਏ, ਉਨ੍ਹਾਂ ਦੀ ਮੁਸ਼ਕਿਲ ਵਧਾ ਰਹੀ ਹੈ।”

“ਕੈਨੇਡੀਅਨ ਲੋਕ ਤਾਂ ਸ਼ਰਨਾਰਥੀਆਂ ਦੀ ਮਦਦ ਲਈ ਅੱਗੇ ਆ ਰਹੇ ਹਨ, ਪਰ ਸਟੀਫ਼ਨ ਹਾਰਪਰ ਦੁਆਰਾ ਬਣਾਈਆਂ ਨੀਤੀਆਂ ਰਾਹ ਵਿਚ ਰੁਕਾਵਟ ਬਣ ਰਹੀਆਂ ਹਨ” ਵਜੀਰੂਦੀਨ ਨੇ ਅੱਗੇ ਕਿਹਾ“ਸੱਤਾਧਾਰੀ ਕੰਜਰਵੇਟਿਵ ਪਾਰਟੀ ਨੇ ਸਿਰਫ਼ ਬਜਟ ਬਚਾਉਣ ਲਈ ਹੀ, ਸ਼ਰਨਾਰਥੀਆਂ ਦੀ ਸਿਹਤ ਸੰਭਾਲ ਤੇ ਕਟੌਤੀ ਨਹੀਂ ਕੀਤੀ, ਸਗੋਂ ਕੁਝ ਕੁ ਨਸਲਵਾਦੀ ਸੋਚ ਵਾਲੇ ਵੋਟਰਾਂ ਨੂੰ ਭਰਮਾਉਣ ਲਈ ਕੀਤਾ ਹੈ। ਕੈਨੇਡਾ ਦੇਸ਼ ਸ਼ਰਨਾਰਥੀਆਂ ਦੀ ਮਦਦ ਲਈ, ਅੰਤਰਰਾਸ਼ਟਰੀ ਟਰੀਟੀ ਅਧੀਨ ਜ਼ਿੰਮੇਵਾਰ ਹੈ ਅਤੇ ਸਾਨੂੰ ਸਰਕਾਰ ਨੂੰ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਤਿਆਰ ਕਰਨਾ ਪਵੇਗਾ।”

ਇਸ ਦੇ ਉਲਟ, ਮੁੱਖ ਮੰਤਰੀ ਸਟੀਫ਼ਨ ਹਾਰਪਰ ਇਹ ਝੂਠ ਫੈਲਾ ਰਿਹਾ ਹੈ ਕਿ ਸ਼ਰਨਾਰਥੀ ਕੈਨੇਡਾ ਦੇ ਲਈ ਆਂਤਕਵਾਦੀ ਖ਼ਤਰਾ ਹਨ ਅਤੇ ਕੈਨੇਡਾ ਫੌਜੀ ਦਖ਼ਲ-ਅੰਦਾਜ਼ੀ ਨੂੰ ਵਧਾਉਣਾ ਚਾਹੁੰਦਾ ਹੈ ਅਤੇ ਸੀਰੀਆ ਅਤੇ ਇਰਾਕ ਵਿਚ ਬੰਬਾਰੀ ਅਤੇ ਹਿੰਸਾ ਦੀ ਸਮੱਸਿਆ ਵਿਚ ਹੋਰ ਵਾਧਾ ਕਰ ਰਿਹਾ ਹੈ। ਕੈਨੇਡਾ ਨੂੰ ਇਨ੍ਹਾਂ ਜੰਗਾਂ ਅਤੇ ਹਮਲਾਵਰ ਦਾਬ ਦੀ ਨੀਤੀ ਵਿਚ ਸ਼ਾਮਲ ਨਹੀਂ ਹੋਣਾ ਚਾਹੀਦਾ ਅਤੇ ਸਿਰਫ਼ ਮਾਨਵਤਾਵਾਦੀ ਪਹੁੰਚ ਨਾਲ, ਜੰਗਾਂ ਅਤੇ ਵਾਤਾਵਰਣ ਦੀਆਂ 21ਵੀਂ ਸਦੀ ਦੀਆਂ ਤਰਾਸਦੀਆਂ ਦਾ ਸ਼ਿਕਾਰ ਸ਼ਰਨਾਰਥੀਆਂ ਲਈ ਦਰਵਾਜ਼ੇ ਖੋਲ੍ਹ ਦੇਣੇ ਚਾਹੀਦੇ ਹਨ। ਇਨ੍ਹਾਂ ਜੰਗਾਂ ਅਤੇ ਹਮਲਾਵਾਰ ਦਾਬੇ ਦੀਆਂ ਮੁਹਿੰਮਾਂ ਜਿਨ੍ਹਾਂ ਕਰਕੇ ਇਹ ਸਮੱਸਿਆ ਖੜ੍ਹੀ ਹੋਈ ਹੈ, ਵਿਚ ਸ਼ਮੂਲੀਅਤ ਬੰਦ ਕਰ ਦੇਣੀ ਚਾਹੀਦੀ ਹੈ। ਇਸ ਮੁਹਿੰਮ ਵਿਚ ਕਮਿਊਨਿਸਟ ਪਾਰਟੀ ਆਫ਼ ਕੈਨੇਡਾ, ਜਮਹੂਰੀ ਪਰਵਾਸੀ ਨੀਤੀ ਦੀ ਮੰਗ ਕਰਦੀ ਹੈ ਅਤੇ ਸ਼ਰਨਾਰਥੀਆਂ ਨੂੰ ਅਪਰਾਧੀ ਪੇਸ਼ ਨਾ ਕੀਤਾ ਜਾਵੇ, ਸਰਮਾਏਦਾਰੀ ਪੂੰਜੀ ਨਿਵੇਸ਼ਕਾਂ ਦੀ ਬਜਾਏ ਸ਼ਰਨਾਰਥੀਆਂ ਨੂੰ ਪਹਿਲ ਦਿੱਤੀ ਜਾਵੇ, ਨਸਲਵਾਦੀ ਕੋਟਾ ਅਤੇ ਦੋ ਪਰਤੀ ਨਾਗਰਿਕਤਾ ਨੀਤੀ ਖ਼ਤਮ ਕੀਤੀ ਜਾਵੇ, ਸਾਰੇ ਵਿਦੇਸ਼ੀ ਅਤੇ ਪਰਵਾਸੀ ਕਾਮਿਆਂ ਲਈ ਪੀ.ਆਰ. (ਪਰਮਾਨੈਂਟ ਰੈਜ਼ੀਡੈਂਸੀ) ਅਤੇ ਨਾਗਰਿਕਤਾ ਦਾ ਸੌਖਾ ਰਸਤਾ ਪੱਧਰ ਕੀਤਾ ਜਾਵੇ।

**ਕੇਂਦਰੀ ਕਾਰਜਕਾਰੀ ਕਮੇਟੀ, ਕਮਿਊਨਿਸਟ ਪਾਰਟੀ ਆਫ਼ ਕੈਨੇਡਾ**

# ਕਨੇਡਾ ਦੀਆਂ ਫੈਡਰਲ ਚੋਣਾਂ ਅਤੇ ਪੰਜਾਬੀ ਬੋਲੀ



*(ਮੇਰਾ ਇਹ ਲੇਖ 2004 ਦੀਆਂ ਫੈਡਰਲ ਚੋਣਾਂ ਸਮੇਂ ਲਿਖੇ ਲੇਖ ਦਾ ਸੋਧਿਆ ਹੋਇਆ ਰੂਪ ਹੈ। ਜਿੱਥੋਂ ਤੱਕ ਕਨੇਡਾ ਵਿਚ ਕੇਂਦਰੀ ਪੱਧਰ 'ਤੇ ਪੰਜਾਬੀ ਨੂੰ ਮਾਨਤਾ ਦਾ ਸਵਾਲ ਹੈ ਹੁਣ ਤੱਕ ਕਿਸੇ ਕਿਸਮ ਦੀ ਕੋਈ ਤਬਦੀਲੀ ਨਹੀਂ ਵਾਪਰੀ। ਉਦੋਂ ਤੋਂ ਲੈ ਕੇ ਅਸੀਂ 2006, 2008 ਅਤੇ 2011 ਦੀਆਂ ਚੋਣਾਂ ਰਾਹੀਂ ਲੰਘ ਚੁੱਕੇ ਹਾਂ। ਹੁਣ ਅਕਤੂਬਰ 19 ਨੂੰ ਫੇਰ ਫੈਡਰਲ ਚੋਣਾਂ ਹੋ ਰਹੀਆਂ ਹਨ। ਭਾਈਚਾਰੇ ਵਿਚੋਂ ਕੁਝ ਲੋਕਾਂ ਅਤੇ ਪਲੀ (ਪੰਜਾਬੀ ਲੈਂਗੂਏਜ ਐਜੂਕੇਸ਼ਨ ਅਸੋਸੀਏਸ਼ਨ) ਵਰਗੀਆਂ ਜਥੇਬੰਦੀਆਂ ਵਲੋਂ ਸਮੇਂ ਸਮੇਂ ਅਤੇ ਖਾਸ ਕਰ ਚੋਣਾਂ ਸਮੇਂ, ਇਸ ਮਸਲੇ ਨੂੰ ਉਠਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਇਨ੍ਹਾਂ ਕੋਸ਼ਿਸ਼ਾਂ ਨੂੰ ਜ਼ਾਰੀ ਰੱਖਣਾ ਚਾਹੀਦਾ ਹੈ ਇਸ ਆਸ ਵਿਚ ਕਿ ਇਸ ਮਾਣਮੱਤੇ ਬਹੁਸਭਿਆਚਾਰਕ ਮੁਲਕ ਦੀ ਫੈਡਰਲ ਸਰਕਾਰ ਇਕ ਦਿਨ ਭਾਸ਼ਾ ਦੀ ਮਹੱਤਤਾ ਵੱਲ ਜ਼ਰੂਰ ਧਿਆਨ ਦੇਵੇਗੀ।)*

ਸਾਧੂ ਬਿਨਿੰਗ

ਅਕਤੂਬਰ ਮਹੀਨੇ ਦੀ 19 ਤਰੀਕ ਨੂੰ ਹੋਣ ਵਾਲੀਆਂ ਫੈਡਰਲ ਚੋਣਾਂ ਬਾਰੇ ਪਿਛਲੇ ਕਈ ਹਫਤਿਆਂ ਤੋਂ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਵਲੋਂ ਜ਼ੋਰ ਸ਼ੋਰ ਨਾਲ ਪਰਚਾਰ ਹੋ ਰਿਹਾ ਹੈ। ਪੰਜਾਬੀ ਭਾਈਚਾਰੇ ਦੇ ਲੋਕ ਵੀ ਹਮੇਸ਼ਾ ਵਾਂਗ ਪੂਰੀ ਸਰਗਰਮੀ ਨਾਲ ਇਸ ਵਿਚ ਜੁਟੇ ਹੋਏ ਹਨ। ਵੈਨਕੂਵਰ ਇਲਾਕੇ ਵਿਚ, ਖਾਸ ਕਰ ਸਰੀ ਵਿਚ, ਪੰਜਾਬੀ ਪਿਛੋਕੜ ਦੇ ਦਰਜਨ ਦੇ ਕਰੀਬ ਉਮੀਦਵਾਰ ਵੱਖ ਵੱਖ ਪਾਰਟੀਆਂ ਵਲੋਂ ਚੋਣ ਮੈਦਾਨ ਵਿਚ ਨਿੱਤਰੇ ਹਨ। ਟਰਾਂਟੋ ਅਤੇ ਦੂਜੇ ਵੱਡੇ ਸ਼ਹਿਰਾਂ ਦੀ ਸਥਿਤੀ ਵੀ ਵੈਨਕੂਵਰ ਨਾਲੋਂ ਏਨੀ ਵੱਖਰੀ ਨਹੀਂ ਹੋਣੀ। ਜਿੱਥੇ ਜਿੱਥੇ ਵੀ ਪੰਜਾਬੀਆਂ ਦੀ ਜ਼ਿਕਰਯੋਗ ਗਿਣਤੀ ਹੈ ਉੱਥੇ ਉਹ ਜਾਂ ਤਾਂ ਕਿਸੇ ਪੰਜਾਬੀ ਉਮੀਦਵਾਰ ਨੂੰ ਜਿਤਾਉਣ ਦੇ ਆਹਰ ਵਿਚ ਹਨ ਜਾਂ ਪੰਜਾਬੀ ਭਾਈਚਾਰੇ ਨਾਲ ਨੇੜਤਾ ਰੱਖਣ ਵਾਲੇ ਕਿਸੇ ਹੋਰ ਉਮੀਦਵਾਰ ਨੂੰ।

ਪੰਜਾਬੀਆਂ ਵਲੋਂ ਬੇਸ਼ੁਮਾਰ ਪੈਸਾ ਸਿਆਸੀ ਪਾਰਟੀਆਂ ਨੂੰ ਫੰਡ ਵਜੋਂ ਦਿੱਤਾ ਜਾ ਰਿਹਾ ਹੈ ਅਤੇ ਹਰ ਕਿਸਮ ਦੀ ਸ਼ਕਤੀ ਅਤੇ ਸੋਮੇ ਇਸ ਚੋਣ ਵਿਚ ਲਾਏ ਜਾ ਰਹੇ ਹਨ। ਉਹ ਫੰਡ ਇਕੱਠੇ ਕਰ ਰਹੇ ਹਨ, ਸੜਕਾਂ 'ਤੇ ਉਮੀਦਵਾਰਾਂ ਦੇ ਬੋਰਡ ਲਾ ਰਹੇ ਹਨ, ਲੋਕਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ ਵੋਟ ਪਾਉਣ ਲਈ ਕਹਿ ਰਹੇ ਹਨ, ਫੋਨ ਕਰ ਰਹੇ ਹਨ, ਲਿਸਟਾਂ ਬਣਾ ਰਹੇ ਹਨ, ਇਕ ਦੂਜੇ ਨਾਲ ਬਹਿਸਾਂ ਕਰ ਰਹੇ ਹਨ, ਵੱਖਰੀਆਂ ਵੱਖਰੀਆਂ ਪਾਰਟੀਆਂ ਦਾ ਨਜ਼ਰੀਆ ਇੱਕ ਦੂਜੇ ਨੂੰ ਦੱਸ ਰਹੇ ਹਨ, ਅਖਬਾਰਾਂ ਵਿਚ ਵੱਡੇ ਵੱਡੇ ਇਸ਼ਤਿਹਾਰ ਛਾਪ ਰਹੇ ਹਨ, ਰੇਡੀਓ, ਟੀ ਵੀ ਚੋਣ ਸੰਬੰਧੀ ਪ੍ਰੋਗਰਾਮ ਪੇਸ਼ ਕਰ ਹਰੇ ਹਨ। ਇਹ ਸਭ ਕੁਝ ਕਰਨ ਲਈ ਉਹ ਪੰਜਾਬੀ ਬੋਲੀ ਦੀ ਵੀ ਵਰਤੋਂ ਕਰ ਰਹੇ ਹਨ। ਕਈ ਥਾਵਾਂ 'ਤੇ, ਜਿਵੇਂ ਸਰੀ ਦੇ ਕਈ ਚੋਣ ਹਲਕਿਆਂ ਵਿਚ, ਜਿੱਥੇ ਹਰ ਪਾਸੇ ਪੰਜਾਬੀ ਉਮੀਦਵਾਰ ਖੜ੍ਹੇ ਹਨ, ਉੱਥੇ ਪੰਜਾਬੀ ਬੋਲੀ ਦੀ ਵਰਤੋਂ ਸ਼ਾਇਦ ਅੰਗ੍ਰੇਜ਼ੀ ਬੋਲੀ ਦੇ ਮੁਕਾਬਲੇ ਕਿਤੇ ਵੱਧ ਹੋ ਰਹੀ ਹੋਵੇ। ਬੋਲੀ ਦੀ ਇਹ ਵਰਤੋਂ ਵੱਖ ਵੱਖ ਥਾਵਾਂ 'ਤੇ ਘੱਟ ਵੱਧ ਹੋ ਸਕਦੀ ਹੈ ਪਰ ਇੱਕ ਗੱਲ ਸਾਫ ਹੈ ਕਿ ਕਨੇਡਾ ਦੀਆਂ ਫੈਡਰਲ ਚੋਣਾਂ ਵਿਚ ਪੰਜਾਬੀ ਬੋਲੀ ਦੀ ਵਰਤੋਂ ਹੋ ਰਹੀ ਹੈ।

ਪਰ ਅਸਲੀਅਤ ਇਹ ਹੈ ਕਿ ਪੰਜਾਬੀ ਬੋਲੀ ਕਨੇਡਾ ਵਿਚ ਇਕ ਵਿਦੇਸ਼ੀ ਬੋਲੀ ਹੈ।

ਜਿਨ੍ਹਾਂ ਸਿਫਤਾਂ ਕਰ ਕੇ ਕਨੇਡਾ ਦੀ ਦੁਨੀਆਂ ਭਰ ਵਿਚ ਇੱਜ਼ਤ ਹੈ ਉਨ੍ਹਾਂ ਵਿਚ ਸੱਭ ਤੋਂ ਵੱਡੀ ਸਿਫਤ ਇਥੇ ਸਾਰੇ ਸਭਿਆਚਾਰਾਂ ਨੂੰ ਮਿਲਦਾ ਸਤਿਕਾਰ ਹੈ। ਇਹ ਸੱਚਮੁੱਚ ਬਹੁਤ ਵਧੀਆ ਗੱਲ ਹੈ ਅਤੇ ਸਾਰੇ ਕਨੇਡੀਅਨ ਇਸ ਗੱਲ 'ਤੇ ਮਾਣ ਕਰਦੇ ਹਨ। ਕਨੇਡਾ ਦਾ ਬਹੁਸਭਿਆਚਾਰਕ ਢਾਂਚਾ ਦੁਨੀਆਂ ਭਰ ਵਿਚ ਇਕ ਮਾਡਲ ਵਜੋਂ ਦੇਖਿਆ ਜਾਂਦਾ ਹੈ। ਪਰ ਅਸਲੀਅਤ ਇਹ ਹੈ ਕਿ ਕਨੇਡਾ ਦਾ ਬਹੁਸਭਿਆਚਾਰਵਾਦ ਪਿਛਲੇ ਪੰਤਾਲੀਆਂ ਸਾਲਾਂ ਦੌਰਾਨ ਇਕ ਵਿਸ਼ੇਸ਼ ਹੱਦ ਤੋਂ ਅੱਗੇ ਵੱਲ ਨਹੀਂ ਸਰਕਿਆ। ਇਸ ਤੱਥ ਦੇ ਬਾਵਜੂਦ ਕਿ ਕੋਈ ਵੀ ਸਭਿਆਚਾਰ ਉਸ ਦੀ ਭਾਸ਼ਾ ਤੋਂ ਬਿਨਾਂ ਜ਼ਿੰਦਾ ਨਹੀਂ ਰਹਿ ਸਕਦਾ, ਕਨੇਡਾ ਦਾ ਬਹੁਸਭਿਆਚਾਰਕ ਢਾਂਚਾ ਅੰਗ੍ਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਕਿਸੇ ਵੀ ਹੋਰ ਭਾਸ਼ਾ ਨੂੰ ਸਰਕਾਰੀ ਤੌਰ 'ਤੇ ਕਨੇਡੀਅਨ ਭਾਸ਼ਾ ਮੰਨਣ ਤੋਂ ਇਨਕਾਰੀ ਹੈ।

ਪੰਜਾਬੀ 2004 ਦੀਆਂ ਚੋਣਾਂ ਸਮੇਂ ਕਨੇਡਾ ਵਿਚ ਬੋਲੀਆਂ ਜਾਣ ਵਾਲੀਆਂ ਸੈਂਕੜੇ ਬੋਲੀਆਂ ਵਿਚੋਂ ਛੇਵੇਂ ਨੰਬਰ 'ਤੇ ਸੀ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਹੁਣ ਪੰਜਾਬੀ ਬੋਲੀ ਕਨੇਡਾ ਵਿਚ ਤੀਜੇ ਨੰਬਰ 'ਤੇ ਆਉਂਦੀ ਹੈ। ਏਥੇ ਬੋਲੀਆਂ ਜਾਂਦੀਆਂ ਦੋ ਸੌ ਤੋਂ ਵੱਧ ਬੋਲੀਆਂ ਵਿਚੋਂ ਤੀਜੇ ਨੰਬਰ 'ਤੇ ਆਉਣਾ ਕੋਈ ਨਿੱਕੀ ਜਿਹੀ ਜਾਂ ਆਮ ਗੱਲ ਨਹੀਂ ਹੈ। (ਇਹ ਵੀ ਪੱਕੀ ਗੱਲ ਹੈ ਤੇ ਚੇਤੇ ਰੱਖਣੀ ਚਾਹੀਦੀ ਹੈ ਕਿ ਇਸ ਦਾ ਇਹ ਸਥਾਨ ਸਦਾ ਨਹੀਂ ਰਹੇਗਾ)। ਪਿਛਲੇ ਇਕ ਸੌ ਵੀਹ ਸਾਲ ਤੋਂ ਇਸ ਦੀ ਏਥੇ ਹੋਂਦ ਹੈ ਅਤੇ ਇਸ ਨੇ ਕਨੇਡਾ ਅਤੇ ਖਾਸ ਕਰ ਬੀ ਸੀ ਦੇ ਵਿਕਾਸ ਵਿਚ ਲਗਾਤਾਰ ਆਪਣਾ ਹਿੱਸਾ ਪਾਇਆ ਹੈ। ਪੰਜਾਬੀ ਬੋਲੀ ਦੇ ਯੋਗਦਾਨ ਨੂੰ ਅੱਖੋਂ ਉਹਲੇ ਕਰਨਾ ਅਤੇ ਇਸ ਨੂੰ ਇਕ ਕਨੇਡੀਅਨ ਬੋਲੀ ਨਾ ਮੰਨਣਾ ਭਾਸ਼ਾਈ (ਲਿੰਗੂਸਿਜ਼ਮ) ਵਿਤਕਰਾ ਹੈ। ਇਹ ਵੀ ਸੱਚ ਹੈ ਕਿ ਇਹ ਵਿਤਕਰੇ ਵਾਲਾ ਵਰਤਾਅ ਸਿਰਫ ਪੰਜਾਬੀ ਨਾਲ ਹੀ ਨਹੀਂ ਹੋ ਰਿਹਾ, ਦੋ ਸਰਕਾਰੀ ਬੋਲੀਆਂ ਤੋਂ ਬਿਨਾਂ ਬਾਕੀ ਸਭ ਬੋਲੀਆਂ ਨੂੰ ਵਿਦੇਸ਼ੀ ਹੀ ਸਮਝਿਆ ਜਾਂਦਾ ਹੈ। ਕਿਉਂਕਿ ਦੂਜੀਆਂ ਬੋਲੀਆਂ ਨਾਲ ਵੀ ਇਹ ਵਿਤਕਰਾ ਹੁੰਦਾ ਹੈ ਇਸ ਕਰਕੇ ਇਸ ਬਾਰੇ ਗੱਲ ਨਾ ਕੀਤੀ ਜਾਵੇ? ਇਹ ਇਕ ਬੇਹੱਦ ਪੇਚੀਦਾ ਸਵਾਲ ਹੈ ਅਤੇ ਇਸ ਨੂੰ ਉਠਾਉਣ ਤੋਂ ਹਰ ਕੋਈ ਡਰਦਾ ਹੈ, ਖਾਸ ਕਰ ਸਿਆਸੀ ਲੋਕ।

ਦੂਜੀਆਂ ਬੋਲੀਆਂ ਦੇ ਮੁਕਾਬਲੇ ਪੰਜਾਬੀ ਦੀ ਸਥਿਤੀ ਵੱਖਰੀ ਹੈ ਅਤੇ ਇਸ ਦੀਆਂ ਵੱਖਰੀਆਂ ਲੋੜਾਂ ਹਨ। ਆਪਣੇ ਮੁੱਢਲੇ ਮੁਲਕਾਂ ਵਿਚ ਸਰਕਾਰੀ ਬੋਲੀਆਂ ਹੋਣ ਕਾਰਨ ਦੂਜੀਆਂ ਬਹੁਤੀਆਂ ਬੋਲੀਆਂ ਨੂੰ ਹਰ ਕਿਸਮ ਦੀ ਲੋੜੀਂਦੀ ਇਮਦਾਦ ਹਾਸਲ ਹੈ। ਉਨ੍ਹਾਂ ਬੋਲੀਆਂ ਨੂੰ ਬੋਲਣ ਵਾਲੇ ਲੋਕ ਕਨੇਡਾ ਵਿਚ ਵੀ ਆਪਣੀਆਂ ਬੋਲੀਆਂ ਦੇ ਵਿਕਾਸ ਵਾਸਤੇ ਬੇਸ਼ੁਮਾਰ ਵਸੀਲੇ ਲਾਉਂਦੇ ਹਨ। ਉਨ੍ਹਾਂ ਵਾਸਤੇ ਮੁਕਾਬਲਤਨ ਇਹ ਗੱਲ ਇਨੀ ਅਹਿਮੀਅਤ ਨਹੀਂ ਰੱਖਦੀ ਕਿ ਉਨ੍ਹਾਂ ਦੀ ਬੋਲੀ ਨੂੰ ਕਨੇਡਾ ਵਿਚ ਮਾਨਤਾ ਮਿਲਦੀ ਹੈ ਕਿ ਨਹੀਂ। ਉਹ ਖੁਦ ਆਪਣੀ ਬੋਲੀ ਨੂੰ ਸਰਕਾਰੀ ਮਾਨਤਾ ਨਾਲੋਂ ਕਿਤੇ ਜ਼ਿਆਦਾ ਮਾਣ ਸਤਿਕਾਰ ਦਿੰਦੇ ਹਨ ਅਤੇ ਉਸ ਦੇ ਵਿਕਾਸ ਲਈ ਲੋੜੀਂਦਾ ਹਰ ਵਸੀਲਾ ਖੁਦ ਮੁਹੱਈਆ ਕਰਦੇ ਹਨ। ਪਰ ਪੰਜਾਬੀ ਦੀ ਸਥਿਤੀ ਵੱਖਰੀ ਹੈ। ਇਹ ਬੋਲੀ ਦੁਨੀਆਂ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿਚ ਵੀ ਗਿਆਰਵਾਂ ਜਾਂ ਬਾਰਵ੍ਹਾਂ ਸਥਾਨ ਰੱਖਦੀ ਹੈ ਅਤੇ ਦੁਨੀਆਂ ਦੇ 125 ਤੋਂ ਵੱਧ ਮੁਲਕਾਂ ਵਿਚ ਬੋਲੀ ਵਰਤੀ ਜਾਂਦੀ ਇਸ ਬੋਲੀ ਨੂੰ ਬੋਲਣ ਵਾਲੇ ਲੋਕਾਂ ਦੀ ਗਿਣਤੀ 150 ਮਿਲੀਆਨ ਤੋਂ ਵੀ ਵੱਧ ਹੈ। ਪਰ ਇਨ੍ਹਾਂ ਤੱਥਾਂ ਦੇ ਬਾਵਜੂਦ ਇਸ ਬੋਲੀ ਪਿੱਛੇ ਸਹੀ ਅਰਥਾਂ ਵਿਚ ਕਿਸੇ ਸਟੇਟ ਦੀ ਤਾਕਤ ਨਹੀਂ ਹੈ ਜੋ ਇਸ ਦੇ ਵਿਕਾਸ ਦਾ ਫਿਕਰ ਕਰੇ। ਇਸ ਨੂੰ ਬੋਲਣ ਵਾਲੇ ਲੋਕ ਇਸ ਨੂੰ ਪਿਆਰ ਤਾਂ ਕਰਦੇ ਹਨ ਪਰ ਸਭਿਆਚਾਰ ਵਾਸਤੇ ਉਹ ਇਸ ਦੀ ਓਨੀ ਮਹੱਤਤਾ ਨਹੀਂ ਸਮਝਦੇ ਜਿੰਨੀ ਉਹ ਧਰਮ ਦੀ ਸਮਝਦੇ ਹਨ। ਇਕ ਭਾਈਚਾਰੇ ਵਜੋਂ ਅਸੀਂ ਅਜੇ ਵੀ ਦਿਮਾਗੀ ਤੌਰ 'ਤੇ ਬਸਤੀਵਾਦੀ ਸੋਚ ਤੋਂ ਪਿੱਛਾ ਨਹੀਂ ਛੁਡਾ ਸਕੇ ਅਤੇ ਸਭਿਆਚਾਰ ਲਈ ਬੋਲੀ ਵਰਗੀ ਮਹੱਤਵਪੂਰਨ ਚੀਜ਼ ਨੂੰ ਬੇਲੋੜਾ ਸਮਝ ਰਹੇ ਹਾਂ। ਨਤੀਜੇ ਵਜੋਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨੂੰ ਕਨੇਡਾ ਵਿਚ ਵਿਕਾਸ ਕਰਨ ਲਈ ਬਾਹਰੀ ਮਦਦ ਦੀ ਲੋੜ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਨੂੰ ਏਥੇ ਸਰਕਾਰੀ ਤੌਰ 'ਤੇ ਮਾਨਤਾ ਮਿਲੇ। ਇਸ ਤਰ੍ਹਾਂ ਹੋਣ ਨਾਲ ਪੰਜਾਬੀਆਂ ਦੇ ਮਨਾਂ ਅੰਦਰ ਵੀ ਇਸ ਦਾ ਸਤਿਕਾਰ ਵਧੇਗਾ ਅਤੇ ਉਹ ਇਸ ਵਾਸਤੇ ਹੋਰ ਯਤਨਸ਼ੀਲ ਹੋਣਗੇ। ਨਾਲ ਹੀ ਕਨੇਡਾ ਦੀ ਸਰਕਾਰ ਵੀ ਇਸ ਦੇ ਵਿਕਾਸ ਵਾਸਤੇ ਕੁਝ ਹੱਦ ਤੱਕ ਜ਼ਿੰਮੇਵਾਰ ਹੋਵੇਗੀ। ਅਸੀਂ ਦੇਖ ਸਕਦੇ ਹਾਂ ਕਿ ਜਿਸ ਤਰ੍ਹਾਂ ਬੀ ਸੀ ਵਿਚ 1994 ਤੋਂ ਪੰਜਾਬੀ ਬੋਲੀ ਨੂੰ ਮਾਨਤਾ ਮਿਲਣ ਕਾਰਨ ਇਸ ਦੇ ਸਕੂਲਾਂ ਵਿਚ ਪੜ੍ਹਾਏ ਜਾਣ ਦੇ ਨਾਲ ਨਾਲ ਇਸ ਦੇ ਵਿਕਾਸ ਲਈ ਹੋਰ ਕਈ ਰਾਹ ਬਣੇ ਹਨ। ਇਸੇ ਤਰ੍ਹਾਂ ਜੇ ਇਸ ਨੂੰ ਕੌਮੀ ਪੱਧਰ 'ਤੇ ਮਾਨਤਾ ਮਿਲੇ ਤਾਂ ਇਸ ਦੇ ਵਿਕਾਸ ਲਈ ਅਨੇਕਾਂ ਸੰਭਾਵਨਾਵਾਂ ਬਣਨਗੀਆਂ।




ਪੰਜਾਬੀ ਬੋਲੀ ਨੂੰ ਕਨੇਡਾ ਵਿਚ ਮਾਨਤਾ ਦੁਆਉਣ ਦੇ ਮਸਲੇ ਨੂੰ ਉਠਾਉਣ ਦਾ ਮੌਕਾ ਹੁਣ ਨਾਲੋਂ ਵਧੀਆ ਕਦੇ ਨਹੀਂ ਹੋਵੇਗਾ। ਸਾਨੂੰ ਫੈਡਰਲ ਚੋਣਾਂ ਵਿਚ ਖੜ੍ਹੇ ਪੰਜਾਬੀ ਪਿਛੋਕੜ ਵਾਲੇ ਉਮੀਦਵਾਰਾਂ ਅੱਗੇ ਤਾਂ ਹਰ ਹਾਲਤ ਵਿਚ ਇਹ ਸਵਾਲ ਪਾਉਣਾ ਚਾਹੀਦਾ ਹੈ ਕਿ ਉਹ ਪੰਜਾਬੀ ਨੂੰ ਮਾਨਤਾ ਦਿਵਾਉਣ ਲਈ ਕੀ ਕਰਨਗੇ? ਏਥੇ ਵਸਦੇ ਦੂਜੇ ਲੋਕਾਂ ਵਾਂਗ ਹੀ ਇਨ੍ਹਾਂ ਸਾਰੇ ਉਮੀਦਵਾਰਾਂ – ਜਿੰਨੀ ਸਿੰਮਜ਼, ਜਸਬੀਰ ਸੰਧੂ, ਅਮਨਦੀਪ ਨਿੱਝਰ ਅਤੇ ਬਿੱਲ ਸੰਧੂ (ਐਨ ਡੀ ਪੀ); ਸੁੱਖ ਧਾਲੀਵਾਲ, ਰਣਦੀਪ ਸਰਾਏ, ਹਰਜੀਤ ਸਿੰਘ ਸੱਜਣ ਅਤੇ ਜਤੀ ਸਿੱਧੂ (ਲਿਬਰਲ); ਨੀਨਾ ਗਰੇਵਾਲ, ਹਰਪ੍ਰੀਤ ਸਿੰਘ, ਸੁੱਚਾ ਥਿੰਦ ਅਤੇ ਲਿਵ ਗਰੇਵਾਲ (ਕੰਜ਼ਰਵੇਟਿਵ) – ਦੀ ਵੀ ਪੰਜਾਬੀ ਬੋਲੀ ਵਲ ਜ਼ਿਮੇਵਾਰੀ ਬਣਦੀ ਹੈ। ਇਹ ਸਿਰਫ ਬੀ ਸੀ ਦੇ ਹੀ ਕੁਝ ਨਾਮ ਹਨ। ਇਸੇ ਤਰ੍ਹਾਂ ਹੀ ਕਨੇਡਾ ਦੇ ਦੂਜੇ ਹਿੱਸਿਆਂ ਵਿਚ ਦਰਜਣਾਂ ਪੰਜਾਬੀ ਉਮੀਦਵਾਰ ਚੋਣ ਮੈਦਾਨ ਵਿਚ ਉੱਤਰੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੀਆਂ ਚੋਣ ਮੁਹਿੰਮਾਂ ਦੌਰਾਨ ਪੰਜਾਬੀ ਬੋਲੀ ਦੀ ਵਰਤੋਂ ਕਰ ਰਹੇ ਹਨ। ਇਸ ਕਰਕੇ ਉਨ੍ਹਾਂ ਦੀ ਵੀ ਇਸ ਦੇ ਬੋਲੀ ਦੇ ਵਿਕਾਸ ਵਲਾਂ ਜ਼ਿੰਮੇਵਾਰੀ ਹੈ। ਇਹ ਵੀ ਅਸਲੀਅਤ ਹੈ ਕਿ ਸਿਆਸੀ ਲੋਕ ਉਸੇ ਗੱਲ ਦੀ ਜ਼ਿੰਮੇਵਾਰੀ ਸਮਝਦੇ ਹਨ ਜਿਸ ਬਾਰੇ ਉਨ੍ਹਾਂ ਦੀ ਮਦਦ ਕਰਨ ਵਾਲੇ ਲੋਕ ਉਨ੍ਹਾਂ ਨੂੰ ਮਜਬੂਰ ਕਰਨ। ਸੋ ਅਸਲੀ ਜ਼ਿੰਮੇਵਾਰੀ ਪੰਜਾਬੀਆਂ ਦੀ ਹੈ ਕਿ ਸਿਆਸੀ ਲੋਕਾਂ ਨੂੰ ਬੋਲੀ ਦੇ ਮਸਲੇ ਬਾਰੇ ਦੱਸਣ। ਇਹ ਕੰਮ ਇਸ ਸਮੇਂ ਕੀਤਾ ਜਾ ਸਕਦਾ ਹੈ ਜਦੋਂ ਇਹ ਸਿਆਸੀ ਉਮੀਦਾਵਾਰ ਵੋਟ ਮੰਗਣ ਤੁਹਾਡੇ ਕੋਲ ਆਉਣ ਤਾਂ ਇਨ੍ਹਾਂ ਅੱਗੇ ਬੋਲੀ ਦਾ ਮਸਲਾ ਰੱਖਿਆ ਜਾ ਸਕਦਾ ਹੈ ਕਿ ਚੁਣੇ ਜਾਣ ਬਾਅਦ ਉਹ ਕਨੇਡਾ ਵਿਚ ਪੰਜਾਬੀ ਨੂੰ ਮਾਨਤਾ ਦਿਵਾਉਣ ਲਈ ਕੀ ਉਪਰਾਲੇ ਕਰਨਗੇ। ਇਹ ਜ਼ਰੂਰੀ ਹੈ ਕਿ ਇਨ੍ਹਾਂ ਕੋਲੋਂ ਇਹ ਗੱਲ ਪੰਜਾਬੀ ਵਿਚ ਪੁੱਛੀ ਜਾਵੇ ਅਤੇ ਇਨ੍ਹਾਂ ਵਲੋਂ ਦਿੱਤੇ ਜਵਾਬਾਂ ਨੂੰ ਵੋਟ ਪਾਉਣ ਵੇਲੇ ਚੇਤੇ ਰੱਖਿਆ ਜਾਵੇ।

ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਇਹ ਕੋਈ ਏਨੀ ਸੁਖਾਲੀ ਗੱਲ ਨਹੀਂ ਤੇ ਸ਼ਾਇਦ ਇਸ ਨੂੰ ਹਾਸਲ ਕਰਨ ਵਿਚ ਸਮਾਂ ਲੱਗੇ। ਪਰ ਘੱਟੋ ਘੱਟ ਇਸ ਸਮੇਂ ਇਸ ਮਸਲੇ ਨੂੰ ਕਿਸੇ ਦੇ ਇਜੰਡੇ 'ਤੇ ਤਾਂ ਲਿਆਂਦਾ ਜਾਵੇ। ਇਹ ਕੀਤਾ ਜਾ ਸਕਦਾ ਹੈ ਅਤੇ ਹੁਣ ਹੀ ਇਸ ਲਈ ਵਧੀਆ ਮੌਕਾ ਹੈ। ਸਾਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਅਸੀਂ ਨਾ ਤਾਂ ਅੰਗ੍ਰੇਜ਼ੀ ਜਾਂ ਫਰਾਂਸੀਸੀ ਦੇ ਬਰਾਬਰ ਦੇ ਹੱਕ ਦੀ ਮੰਗ ਕਰ ਰਹੇ ਹਾਂ ਅਤੇ ਨਾ ਹੀ ਇਹ ਕਹਿ ਰਹੇ ਹਾਂ ਕਿ ਇਹ ਬੋਲੀਆਂ ਸਾਨੂੰ ਕਿਸੇ ਤਰ੍ਹਾਂ ਮੰਨਜ਼ੂਰ ਨਹੀਂ। ਅਸੀਂ ਇਨ੍ਹਾਂ ਦੋਵਾਂ ਹੀ ਸਰਕਾਰੀ ਬੋਲੀਆਂ ਦਾ ਸਤਿਕਾਰ ਕਰਦੇ ਹਾਂ। ਅੰਗ੍ਰੇਜ਼ੀ ਬਿਨਾਂ ਕਿਸੇ ਵੀ ਵਿਅਕਤੀ ਦਾ ਇਕ ਪੱਲ ਲਈ ਵੀ ਗੁਜ਼ਾਰਾ ਨਹੀਂ ਹੋ ਸਕਦਾ। ਅਸੀਂ ਸਿਰਫ ਇਹ ਕਹਿ ਰਹੇ ਹਾਂ ਕਿ ਪੰਜਾਬੀ ਬੋਲੀ ਨੂੰ ਵੀ ਕਿਸੇ ਨਾ ਕਿਸੇ ਪੱਧਰ 'ਤੇ ਕਨੇਡਾ ਦੀ ਕੁਝ ਲੱਗਦੀ ਮੰਨਿਆ ਜਾਵੇ ਅਤੇ ਇਸ ਦੀ ਸਿਹਤ ਵਾਸਤੇ ਵੀ ਸਾਡੇ ਟੈਕਸ ਦੇ ਪੈਸਿਆਂ ਵਿਚੋਂ ਕੁਝ ਖਰਚਿਆ ਜਾਵੇ। ਇਹ ਕੋਈ ਏਨੀ ਗਲਤ ਮੰਗ ਨਹੀਂ ਹੈ। ਸਾਨੂੰ ਇਹ ਮੰਗ ਕਰਦੇ ਸਮੇਂ ਡਰਨਾ ਨਹੀਂ ਚਾਹੀਦਾ। ਜਿਸ ਸਮਾਜ ਵਿਚ ਅਤੇ ਜਿਸ ਆਰਿਥਕ ਢਾਂਚੇ ਵਿਚ ਅਸੀਂ ਜੀਅ ਰਹੇ ਹਾਂ ਉਸ ਵਿਚ ਹਰ ਚੀਜ਼ ਦੀ ਵਰਤੋਂ ਲਈ ਕੋਈ ਨਾ ਕੋਈ ਖਰਚ ਕਰਨਾ ਪੈਂਦਾ ਹੈ। ਏਥੇ ਕੁਝ ਵੀ ਮੁਫਤ ਨਹੀਂ ਮਿਲਦਾ। ਪਰ ਪੰਜਾਬੀ ਬੋਲੀ ਦੀ ਵਰਤੋਂ ਕਰਨ ਲਈ ਕੋਈ ਕਿਸੇ ਕਿਸਮ ਦਾ ਖਰਚਾ ਦੇਣ ਲਈ ਤਿਆਰ ਨਹੀਂ ਹੈ। ਇਸ ਦਾ ਅਰਥ ਇਹ ਹੀ ਹੋਇਆ ਕਿ ਇਹ ਬੋਲੀ ਕਿਸੇ ਦੀ ਕੁਝ ਲਗਦੀ ਹੀ ਨਹੀਂ। ਇਸ ਨੂੰ ਜਿਹੜਾ ਮਰਜੀ ਜਿਵੇਂ ਮਰਜੀ ਮੁਫਤ ਵਿਚ ਵਰਤੇ। ਜੋ ਲੋਕ ਪੰਜਾਬੀ ਬੋਲੀ ਨੂੰ ਆਪਣੀ ਮਾਂ (ਬੋਲੀ) ਮੰਨਦੇ ਹਨ ਉਨ੍ਹਾਂ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਸਾਨੂੰ ਇਸ ਮੁਲਕ ਵਿਚ ਵਸਦਿਆਂ ਨੂੰ ਇਕ ਸੌ ਵੀਹ ਸਾਲ ਦਾ ਸਮਾਂ ਹੋ ਗਿਆ ਹੈ। ਅਸੀਂ ਕਾਮਾਗਾਟਾ ਮਾਰੂ ਦੇ ਸਮੇਂ ਤੋਂ ਲੈ ਕੇ ਬੜਾ ਲੰਮਾ ਸਫਰ ਕੀਤਾ ਹੈ। ਇਸ ਵੇਲੇ ਪੰਜਾਬੀ ਭਾਈਚਾਰਾ ਕਨੇਡੀਅਨ ਭਾਈਚਾਰੇ ਦਾ ਅਟੁੱਟ ਅੰਗ ਹੈ। ਏਥੇ ਰਹਿੰਦਿਆਂ ਅਸੀਂ ਆਪਣਾ ਅੱਗਾ ਪਿੱਛਾ ਕਾਫੀ ਸੋਹਣਾ ਬਣਾ ਲਿਆ ਹੈ ਅਤੇ ਉਮੀਦ ਹੈ ਕਿ ਆਉਣ ਵਾਲਾ ਸਮਾਂ ਸਾਡੇ ਭਾਈਚਾਰੇ ਲਈ ਪਹਿਲਾਂ ਨਾਲੋਂ ਵੀ ਕਾਮਯਾਬੀ ਵਾਲਾ ਹੋਵੇਗਾ। ਪਰ ਸਾਡੀ ਮਾਂ ਬੋਲੀ ਨੂੰ ਕਨੇਡਾ ਦੇ ਸਮਾਜ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੈ। ਅਸੀਂ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਏਥੇ ਆਉਣ ਵਿਚ ਤੇ ਪੱਕੇ ਹੋਣ ਵਿਚ ਪੂਰੀ ਮਦਦ ਕਰਦੇ ਹਾਂ। ਕੀ ਹੁਣ ਸਮਾਂ ਨਹੀਂ ਆ ਗਿਆ ਕਿ ਅਸੀਂ ਆਪਣੀ ਮਾਂ (ਬੋਲੀ) ਨੂੰ ਵੀ ਇਸ ਮੁਲਕ ਵਿਚ ਪੱਕੀ ਕਰਵਾ ਲਈਏ?

Vice President, PLEA
sadhu.binning@gmail.com



# ਸੀਰੀਆ ਦੇ ਸ਼ਰਨਾਰਥੀ ਸੰਕਟ ਲਈ ਜ਼ਿੰਮੇਵਾਰ ਕੌਣ ?

**ਬੂਟਾ ਸਿੰਘ**

ਤੁਰਕੀ ਦੇ ਸਮੁੰਦਰੀ ਕੰਢੇ ’ਤੇ ਤੈਰਦੀਆਂ ਸੀਰੀਆ ਦੇ ਦੋ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਦੇ ਮੰਜ਼ਰ ਨੇ ਦੁਨੀਆ ਨੂੰ ਉਸ ਸੰਕਟ ਨੂੰ ਗੰਭੀਰਤਾ ਨਾਲ ਲੈਣ ਲਈ ਮਜਬੂਰ ਕਰ ਦਿੱਤਾ ਜਿਸ ਦਾ ਸੰਤਾਪ ਪਿਛਲੇ ਸਾਲਾਂ ਤੋਂ ਸੀਰੀਆ ਦੇ ਲੋਕ ਝੱਲ ਰਹੇ ਸਨ। ਚੰਗੀ ਗੱਲ ਇਹ ਹੋਈ ਕਿ ਜਿਹੜੇ ਪੱਛਮੀ ਲੋਕਾਂ ਦੇ ਦਿਲ ਯਮਨ, ਸੋਮਾਲੀਆ ਅਤੇ ਪਾਕਿਸਤਾਨ ਵਿਚ ਔਰਤਾਂ ਅਤੇ ਬੱਚਿਆਂ ਸਮੇਤ ਹਜ਼ਾਰਾਂ ਬੇਕਸੂਰ ਲੋਕਾਂ ਦੇ ਅਮਰੀਕੀ ਡਰੋਨ ਹਮਲਿਆਂ ਵਿਚ ਮਾਰੇ ਜਾਣ ਅਤੇ ਇਰਾਕ ਤੇ ਅਫ਼ਗਾਨਿਸਤਾਨ ਉਪਰ ਥੋਪੀ ਜੰਗ ਵਿਚ ਲੱਖਾਂ ਬੱਚਿਆਂ ਦੇ ਮਾਰੇ ਜਾਣ ਨਾਲ ਨਹੀਂ ਪਸੀਜੇ ਸਨ ਉਹ ਇਨ੍ਹਾਂ ਸ਼ਰਨਾਰਥੀਆਂ ਦੀ ਹਾਲਤ ਨਾਲ ਝੰਜੋੜੇ ਗਏ। 2014 ’ਚ ਮੈਡੀਟਰੇਰੀਅਨ ਸਾਗਰ ਨੂੰ ਪਾਰ ਕਰਕੇ ਯੂਰਪ ਅਤੇ ਕੈਨੇਡਾ ਜਾਣ ਦੇ ਯਤਨਾਂ ’ਚ 3000 ਲੋਕ ਮਾਰੇ ਗਏ ਅਤੇ 2015 ਦੇ ਪਹਿਲੇ ਛੇ ਮਹੀਨਿਆਂ ਵਿਚ ਹੀ ਹੋਰ 2500 ਲੋਕ ਇੰਞ ਮਾਰੇ ਜਾ ਚੁੱਕੇ ਹਨ। ਸੀਰੀਆ ਦੀ ਖ਼ਾਨਾਜੰਗੀ ਦੇ ਸਿੱਟੇ ਵਜੋਂ 25000 ਤੋਂ ਵੱਧ ਸੀਰੀਆਈ ਲੋਕ ਜਾਨਾਂ ਗਵਾ ਚੁੱਕੇ ਹਨ, 76 ਲੱਖ ਅੰਦਰੂਨੀ ਤੌਰ ’ਤੇ ਘਰੋਂ ਬੇਘਰ ਹੋ ਚੁੱਕੇ ਹਨ ਅਤੇ 40 ਲੱਖ ਜਾਨ ਬਚਾਕੇ ਜਾਰਡਨ, ਲੇਬਨਾਨ ਤੇ ਤੁਰਕੀ ਚਲੇ ਗਏ ਹਨ। ਸਿਰਫ਼ ਇਸ ਸਾਲ ਹੀ ਅੰਦਾਜ਼ਨ ਦੋ ਲੱਖ ਸ਼ਰਨਾਰਥੀ (ਮੁੱਖ ਤੌਰ ’ਤੇ ਸੀਰੀਆ, ਇਰਾਕ ਅਤੇ ਅਫ਼ਗਾਨਿਸਤਾਨ ਤੋਂ) ਗਰੀਸ ਦੇ ਕੋਸ ਵਰਗੇ ਸਮੁੰਦਰੀ ਕੰਢਿਆਂ ’ਤੇ ਪਹੁੰਚੇ ਹਨ। ਪਨਾਹ ਲੈਣ ਵਾਲੇ ਇਕੱਲੇ ਸੀਰੀਆ ਦੇ ਹੀ ਨਹੀਂ ਸਗੋਂ ਲਿਬੀਆ, ਅਫ਼ਗਾਨਿਸਤਾਨ, ਇਰਾਕ ਆਦਿ ਮੁਲਕਾਂ ਦੇ ਲੋਕ ਵੀ ਵੱਡੀ ਤਾਦਾਦ ’ਚ ਹਨ। ਸੀਰੀਆ ਦੇ ਸ਼ਰਨਾਰਥੀਆਂ ਦੇ ਗੁਆਂਢੀ ਮੁਲਕਾਂ ਵਿਚ ਪ੍ਰਵਾਸ ਦੀ ਤਾਦਾਦ ਤੋਂ ਸੰਕਟ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਲੇਬਨਾਨ ਜਿਸਦੀ ਆਪਣੀ ਵਸੋਂ ਸਿਰਫ਼ 50 ਲੱਖ ਹੈ, ਉਥੇ 18 ਲੱਖ ਸੀਰੀਆਈ ਸ਼ਰਨਾਰਥੀ ਹਨ। ਜਾਰਡਨ ਵਿਚ ਪੰਜ ਲੱਖ ਤੋਂ ਵੱਧ ਅਤੇ ਇਰਾਕ ਵਿਚ ਢਾਈ ਲੱਖ ਦੇ ਕਰੀਬ ਸੀਰੀਆਈ ਸ਼ਰਨਾਰਥੀ ਹਨ। ਗਰੀਸ, ਇਟਲੀ, ਤੁਰਕੀ ਆਦਿ ਮੁਲਕਾਂ ਵਿਚ ਸ਼ਰਨਾਰਥੀ ਇਨ੍ਹਾਂ ਤੋਂ ਵੱਖਰੇ ਹਨ।

ਇਹ ਬੇਵੱਸ ਲੋਕ ਪ੍ਰਤੀ ਜੀਅ ਹਜ਼ਾਰਾਂ ਯੂਰੋ ਦੇ ਹਿਸਾਬ ਆਰਜੀ ਕਿਸ਼ਤੀਆਂ ਦਾ ਕਿਰਾਇਆ ਭਰਕੇ ਅਤੇ ਆਪਣੀਆਂ ਜਾਨਾਂ ਜ਼ੋਖ਼ਮ ’ਚ ਪਾ ਕੇ ਸਮੁੰਦਰ ਪਾਰ ਕਰ ਰਹੇ ਹਨ। ਦੂਜੇ ਪਾਸੇ, ਯੂਰਪੀ ਮੁਲਕਾਂ ਦੀ ਪੁਲਿਸ ਪੂਰੀ ਤਰ੍ਹਾਂ ਬੇਰਹਿਮ ਹੋ ਕੇ ਸ਼ਰਨਾਰਥੀਆਂ ਦੀ ਆਮਦ ਨੂੰ ਰੋਕਣ ਲਈ ਸਖ਼ਤੀ ਨਾਲ ਪੇਸ਼ ਆ ਰਹੀ ਹੈ। ਗਰੀਸ ਦੇ ਕੋਸ ਟਾਪੂ ਅਤੇ ਹੋਰ ਥਾਈਂ ਸ਼ਰਨਾਰਥੀਆਂ ਦੀ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝੀ ਮੰਦੀ ਹਾਲਤ ਦੇ ਵੇਰਵੇ ਦਿਲ ਦਹਿਲਾਉਣ ਵਾਲੇ ਹਨ।

ਪੱਛਮੀ ਮੁਲਕਾਂ ਦੇ ਆਮ ਲੋਕ ਹੁਣ ਇਸ ਸੰਕਟ ਦੀ ਘੜੀ ਸ਼ਰਨਾਰਥੀਆਂ ਦੀ ਵੱਧ ਤੋਂ ਵੱਧ ਸਹਾਇਤਾ ਕਰਨ ਲਈ ਨਾ ਸਿਰਫ਼ ਅੱਗੇ ਆ ਰਹੇ ਹਨ ਸਗੋਂ ਆਪਣੀਆਂ ਹਕੂਮਤਾਂ ਉਪਰ ਸ਼ਰਨਾਰਥੀਆਂ ਲਈ ਆਪਣੇ ਮੁਲਕਾਂ ਦੇ ਦਰਵਾਜ਼ੇ ਖੋਹਲ ਦੇਣ ਲਈ ਵੀ ਦਬਾਓ ਪਾ ਰਹੇ ਹਨ। ਜਿਥੇ ਅਵਾਮ ਦਾ ਭਾਵੁਕ ਪ੍ਰਤੀਕਰਮ ਤਹਿ-ਦਿਲੋਂ ਹੈ ਉਥੇ ਅਮਰੀਕਾ ਅਤੇ ਉਸਦੇ ਜੋਟੀਦਾਰ ਪੱਛਮੀ ਹੁਕਮਰਾਨ ਸ਼ਰਨਾਰਥੀਆਂ ਨਾਲ ਲਗਾਓ ਦਾ ਵਿਖਾਵਾ ਕਰ ਰਹੇ ਹਨ। ਇਹ ਯਾਦ ਰੱਖਣਾ ਹੋਵੇਗਾ ਕਿ ਇਹ ਧਾੜਵੀ ਹਕੂਮਤਾਂ ਹੀ ਉਸ ਸੰਕਟ ਦੀਆਂ ਮੁੱਖ ਜ਼ਿੰਮੇਵਾਰ ਹਨ ਜੋ ਇਕੱਲਾ ਸੀਰੀਆ ਵਿਚ ਹੀ ਨਹੀਂ ਸਗੋਂ ਅਫ਼ਗਾਨਿਸਤਾਨ, ਇਰਾਕ, ਲਿਬੀਆ, ਸੋਮਾਲੀਆ ਸਮੇਤ ਬਹੁਤ ਸਾਰੇ ਮੁਲਕਾਂ ਦੀ



ਤ੍ਰਾਸਦਿਕ ਤਕਦੀਰ ਬਣ ਚੁੱਕਾ ਹੈ।

ਯੂਰਪ, ਕੈਨੇਡਾ ਅਤੇ ਅਮਰੀਕਾ ਦੀਆਂ ਹਕੂਮਤਾਂ ਅਤੇ ਜ਼ਿਆਦਾਤਰ ਮੀਡੀਆ ਵਲੋਂ ਇਹ ਹਊਆ ਖੜ੍ਹਾ ਕੀਤਾ ਗਿਆ ਕਿ ਸੀਰੀਆ ਅਤੇ ਹੋਰ ਮੁਲਕਾਂ ਦੇ ਮੁਸਲਿਮ ਸ਼ਰਨਾਰਥੀਆਂ ਦੇ ਵਹੀਰ ਉਨ੍ਹਾਂ ਲਈ ਬਹੁਤ ਵੱਡਾ ਖ਼ਤਰਾ ਬਣ ਗਏ ਹਨ। ਇਸ ਰਵੱਈਏ ਵਿਚ ਮੁਸਲਿਮ ਵਿਰੋਧੀ ਨਫ਼ਰਤ ਅਤੇ ਨਸਲਵਾਦ ਵੀ ਸਾਫ਼ ਨਜ਼ਰ ਆਉਂਦਾ ਹੈ। ਕੈਨੇਡਾ ਦੇ ਅਖ਼ਬਾਰ ਗਲੋਬ ਐਂਡ ਮੇਲ ਨੇ ਪਿੱਛੇ ਜਹੇ ਖ਼ੁਲਾਸਾ ਕੀਤਾ ਕਿ ਇਹ ਪ੍ਰਚਾਰ ਕਿੰਨਾ ਗ਼ਲਤ ਅਤੇ ਗੁੰਮਰਾਹਕੁਨ ਹੈ।2015 ਦੇ ਪਹਿਲੇ ਛੇ ਮਹੀਨਿਆਂ ਵਿਚ ਯੂਰਪ ਵਿਚ ਤਿੰਨ ਲੱਖ ਤੋਂ ਥੋੜ੍ਹਾ ਵੱਧ ਪ੍ਰਵਾਸੀ ਆਏ ਜੋ ਯੂਰਪ ਦੀ ਵਸੋਂ ਦਾ ਮਹਿਜ਼ 0.1 ਫ਼ੀਸਦੀ ਹਨ। ਕੈਨੇਡਾ ਸਰਕਾਰ ਹਰ ਸਾਲ ਆਪਣੀ ਵਸੋਂ ਦੇ 1ਫ਼ੀਸਦੀ ਦੇ ਬਰਾਬਰ ਪ੍ਰਵਾਸੀਆਂ ਅਤੇ ਸ਼ਰਨਾਰਥੀਆਂ ਨੂੰ ਲੈਂਦੀ ਹੈ। ਇੰਞ ਯੂਰਪ ਜਾਂ ਕੈਨੇਡਾ ਲਈ ਸੰਕਟ ਵਾਲੀ ਕੋਈ ਗੱਲ ਨਹੀਂ।

ਇਨ੍ਹਾਂ ਮੁਲਕਾਂ ਦੇ ਲੋਕ ਵੀ ਇੰਞ ਹੀ ਸੋਚਦੇ ਸਨ ਕਿ ਸ਼ਰਨਾਰਥੀਆਂ ਦੇ ਇਹ “ਵੱਗ” ਉਨ੍ਹਾਂ ਦੀ ਪੁਰਅਮਨ ਜ਼ਿੰਦਗੀ ਵਿਚ ਖ਼ਲਲ ਪਾਕੇ ਉਨ੍ਹਾਂ ਦੇ ਮੁਲਕਾਂ ਲਈ ਸੰਕਟ ਖੜ੍ਹਾ ਕਰ ਰਹੇ ਹਨ। ਹਾਲੀਆ ਘਟਨਾਵਾਂ ਨੇ ਉਨ੍ਹਾਂ ਨੂੰ ਭਾਵੁਕ ਤੌਰ ’ਤੇ ਝੰਜੋੜਿਆ ਅਤੇ ਉਨ੍ਹਾਂ ਦੀ ਸੋਚ ਵਿਚ ਵੱਡਾ ਬਦਲਾਓ ਆਇਆ ਹੈ। ਅਵਾਮੀ-ਰਾਇ ਬਹੁਤ ਤੇਜ਼ੀ ਨਾਲ ਬਦਲੀ ਹੈ ਅਤੇ ਆਮ ਲੋਕ ਹੁਣ ਵੱਡੀ ਤਾਦਾਦ ’ਚ ਅੱਗੇ ਆ ਕੇ ਸ਼ਰਨਾਰਥੀਆਂ ਦਾ ਸਵਾਗਤ ਕਰ ਰਹੇ ਹਨ।

ਪਹਿਲੀ ਨਜ਼ਰੇ ਦੇਖਿਆਂ ਇੰਞ ਜਾਪਦਾ ਹੈ ਕਿ ਅਮਰੀਕਾ ਅਤੇ ਯੂਰਪ ਦੀਆਂ ਹਕੂਮਤਾਂ ਨੂੰ ਸੀਰੀਆ ਦੇ ਸੰਕਟ ਦਾ ਅੰਦਾਜ਼ਾ ਨਹੀਂ ਸੀ। ਹੁਣ ਜਦੋਂ ਉਨ੍ਹਾਂ ਨੂੰ ਹਾਲਾਤ ਦੀ ਨਜ਼ਾਕਤ ਮਾਲੂਮ ਹੋਈ ਤਾਂ ਉਹ ਸ਼ਰਨਾਰਥੀਆਂ ਦੀ ਵਧੇਰੇ ਤਾਦਾਦ ਨੂੰ ਸਵੀਕਾਰ ਕਰਨ ਲਈ ਸਹਿਮਤੀ ਦੇ ਰਹੇ ਹਨ। ਹਕੀਕਤ ਇਸ ਤੋਂ ਐਨ ਉਲਟ ਹੈ। ਜਰਮਨੀ ਸਾਲ ਵਿਚ ਸਿਰਫ਼ ਪੰਜ ਤੋਂ ਲੈਕੇ ਅੱਠ ਲੱਖ ਪ੍ਰਵਾਸੀਆਂ ਨੂੰ ਆਉਣ ਦੀ ਇਜਾਜ਼ਤ ਦੇਣਾ ਮੰਨਿਆ ਹੈ (ਦਿਲਚਸਪ ਗੱਲ ਇਹ ਹੈ ਕਿ ਇਹ ਗਿਣਤੀ ਉਸ ਗਿਣਤੀ ਦੇ ਬਰਾਬਰ ਹੈ ਜਿੰਨੇ ਕਾਮੇ ਜਰਮਨੀ ਨੂੰ ਆਪਣੀ ਸੁੰਗੜ ਰਹੀ ਕਾਮਾ-ਸ਼ਕਤੀ ਨੂੰ ਪੂਰੀ ਕਰਨ ਲਈ ਉਂਞ ਹੀ ਲੋੜੀਂਦੇ ਹਨ।) ਅਮਰੀਕਾ ਦੇ ਜੋਟੀਦਾਰ ਬਰਤਾਨੀਆ ਨੇ 2014 ਤੋਂ ਲੈਕੇ ਮਹਿਜ਼ 300 ਸੀਰੀਆਈ ਟੱਬਰਾਂ ਨੂੰ ਪਨਾਹ ਦਿੱਤੀ ਅਤੇ ਹੁਣ ਅਗਲੇ ਚਾਰ ਸਾਲਾਂ ਵਿਚ ਮਹਿਜ਼ ਵੀਹ ਹਜ਼ਾਰ ਸ਼ਰਨਾਰਥੀਆਂ ਨੂੰ ਲੈਣਾ ਮੰਨਿਆ ਹੈ। ਫਰਾਂਸ ਨੇ ਐਲਾਨ ਕੀਤਾ ਹੈ ਕਿ ਇਹ 24000 ਨਵੇਂ ਪ੍ਰਵਾਸੀਆਂ ਨੂੰ ਲਵੇਗਾ।

ਆਪਣੇ ਸੌੜੇ ਸਵਾਰਥਾਂ ਲਈ ਸੀਰੀਆ ਵਿਚ ਖ਼ਾਨਾਜੰਗੀ ਭੜਕਾਕੇ ਉਸ ਦੀ ਤਬਾਹੀ ਅਤੇ ਬਰਬਾਦੀ ਦਾ ਮੁੱਢ ਬੰਨ੍ਹਣ ਵਾਲੀਆਂ ਵੀ ਇਹੀ ਹਕੂਮਤਾਂ ਹਨ। ਜਿਹੜਾ ਵੀ ਹੁਕਮਰਾਨ ਅਮਰੀਕਾ ਅਤੇ ਇਸਦੇ ਪੱਛਮੀ ਜੋਟੀਦਾਰ ਦਹਿਸ਼ਤਗਰਦ ਰਾਜਾਂ ਨੂੰ ਨਾਪਸੰਦ ਹੁੰਦਾ ਹੈ ਉਸ ਨੂੰ ਸੱਤਾ ਤੋਂ ਲਾਹੁਣ ਲਈ ਇਹ ਨੀਚ ਤੋਂ ਨੀਚ ਚਾਲ ਚੱਲਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਪਹਿਲਾਂ ਹਥਿਆਰ ਅਤੇ ਧਨ ਦੇ ਕੇ ਇਸ ਤਰ੍ਹਾਂ ਦੇ ਗਰੁੱਪ ਖੜ੍ਹੇ ਕੀਤੇ ਜਾਂਦੇ ਹਨ ਫਿਰ ਉਨ੍ਹਾਂ ਨਾਲ ਲੜਨ ਦੇ ਬਹਾਨੇ ਹਿੱਟਲਿਸਟ ਵਿਚ ਸ਼ਾਮਲ ਮੁਲਕਾਂ ਉਪਰ ਹਮਲਾ ਵਿੱਢ ਦਿੱਤਾ ਜਾਂਦਾ ਹੈ। ਸੀਰੀਆ ਦੇ ਰਾਸ਼ਟਰਪਤੀ ਬਸ਼ਰ-ਅਲ-ਅਸਾਦ ਦਾ ਤਖ਼ਤ ਪਲਟਾਉਣ ਲਈ ‘ਬਾਗ਼ੀ’ ਧੜਿਆਂ ਨੂੰ ਧਨ ਅਤੇ ਹਥਿਆਰਾਂ ਕਿਸ ਨੇ ਦਿੱਤੇ? ਅਸਾਦ ਨਿਜ਼ਾਮ ਵਿਰੁੱਧ 2011 ਦੀ ਤਹਿਰੀਕ ਵਿਚ ਸ਼ਾਮਲ ਵੱਖੋ-ਵੱਖਰੇ ਅਸਾਦ ਵਿਰੋਧੀ ਧੜਿਆਂ ਵਿਚ ਘੁਸਪੈਠ ਕਰਕੇ ਅਮਰੀਕਾ ਅਤੇ ਬਰਤਾਨੀਆ ਨੇ ਇਨ੍ਹਾਂ ਨੂੰ ਫੰਡ ਅਤੇ ਹਥਿਆਰ ਦਿੱਤੇ ਜੋ ਖ਼ੁਦ ਨੂੰ ‘ਮਾਡਰੇਟ’ ਕਹਿੰਦੇ ਸਨ। ਮੂਲ ਰੂਪ ’ਚ ਖ਼ੁਦ ਅਮਰੀਕਾ ਦਾ ਪੈਦਾ ਕੀਤਾ ਆਈ.ਐੱਸ.ਆਈ.ਐੱਸ. ਦੈਂਤ ਹੁਣ ਸੀਰੀਆ ਅਤੇ ਇਰਾਕ ਦੇ ਲੋਕਾਂ ਦੀ ਵਸੀਹ ਪੈਮਾਨੇ ’ਤੇ ਨਸਲਕੁਸ਼ੀ ਕਰ ਰਿਹਾ ਹੈ ਅਤੇ ਤਬਾਹੀ ਮਚਾ ਰਿਹਾ ਹੈ।

ਸੀਰੀਆ ਦੇ ਰਾਸ਼ਟਰਪਤੀ ਅਸਾਦ ਨੇ 2009 ’ਚ ਕਤਰ ਨਾਲ ਇਕ ਤਜਵੀਜ਼ਤ ਸਮਝੌਤੇ ਉਪਰ ਦਸਖ਼ਤ ਕਰਨੋਂ ਨਾਂਹ ਕਰ ਦਿੱਤੀ ਸੀ ਜਿਸ ਤਹਿਤ ਕਤਰ ਦੇ ਉਤਰੀ ਤੇਲ ਖੇਤਰ ਤੋਂ ਇਕ ਪਾਈਪਲਾਈਨ ਸਾਊਦੀ ਅਰਬ, ਜਾਰਡਨ, ਸੀਰੀਆ ਵਿੱਚੋਂ ਦੀ ਹੁੰਦੀ ਹੋਈ ਤੁਰਕੀ ਤਕ ਵਿਛਾਈ ਜਾਣੀ ਸੀ ਜਿਸ ਜ਼ਰੀਏ ਰੂਸ ਨਾਲ ਸਿੱਧੇ ਮੁਕਾਬਲੇ ਵਿਚ ਯੂਰਪੀ ਮੁਲਕਾਂ ਨੂੰ ਤੇਲ ਅਤੇ ਗੈਸ ਸਪਲਾਈ ਕੀਤੇ ਜਾਣੇ ਸਨ। ਰੂਸ ਦੇ ਜੋਟੀਦਾਰ ਅਸਾਦ ਨੇ ਇਸ ਸਮਝੌਤੇ ’ਤੇ ਸਹੀ ਪਾਉਣ ਦੀ ਬਜਾਏ ਇਰਾਨ ਨਾਲ 10 ਅਰਬ ਡਾਲਰ ਦੀ ਮੁਤਬਾਦਲ ਪਾਈਪਲਾਈਨ ਯੋਜਨਾ ਦੀ ਗੱਲਬਾਤ ਜਾਰੀ ਰੱਖੀ ਜੋ ਇਰਾਕ ਵਿੱਚੋਂ ਦੀ ਲੰਘਕੇ ਸੀਰੀਆ ਵਿਚ ਜਾਣੀ ਸੀ ਜਿਸ ਨਾਲ ਇਰਾਨ ਵੀ ਯੂਰਪ ਨੂੰ ਗੈਸ ਸਪਲਾਈ ਕਰ ਸਕਦਾ ਸੀ। ਇਹ ਯੋਜਨਾ ਅਮਰੀਕਾ ਅਤੇ ਇਸਦੇ ਯੂਰਪੀ ਜੋਟੀਦਾਰਾਂ ਦੇ ਸੌੜੇ ਹਿੱਤਾਂ ਦੇ ਵਿਰੋਧ ਵਿਚ ਸੀ। ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਰਾਜਾਂ ਦਾ ਵਿਰੋਧ ਕਰਕੇ ਅਸਾਦ ਕਿਵੇਂ ਬਚ ਸਕਦਾ ਸੀ!

ਜਦੋਂ ਸੀਰੀਆਈ ਬੱਚਿਆਂ ਦੀ ਮੌਤ ਦੇ ਪ੍ਰਸੰਗ ’ਚ ਬਰਤਾਨਵੀ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਵਲੋਂ “ਇਖ਼ਲਾਕੀ ਜ਼ਿੰਮੇਵਾਰੀਆਂ” ਨਿਭਾਉਣ ਦੇ ਐਲਾਨ ਕੀਤੇ ਜਾ ਰਹੇ ਸਨ ਇਸੇ ਦਰਮਿਆਨ ਹੀ ਫਰਾਂਸ ਦੇ ਸਾਬਕਾ ਬਦੇਸ਼ ਮੰਤਰੀ ਰੋਨਾਲਡ ਡੁਮਾ ਨੇ ਇਕ ਅਹਿਮ ਖ਼ੁਲਾਸਾ ਕੀਤਾ ਕਿ 2009 ’ਚ ਹੀ ਸੀਰੀਆ ਵਿਚ ਕੀਤੀ ਜਾਣ ਵਾਲੀ ਗੁਪਤ ਕਾਰਵਾਈ ਦੀ ਯੋਜਨਾ ਬਣਾਈ ਜਾ ਚੁੱਕੀ ਸੀ: “ਸੀਰੀਆ ਵਿਚ ਹਿੰਸਾ ਸ਼ੁਰੂ ਹੋਣ ਤੋਂ ਦੋ ਵਰ੍ਹੇ ਪਹਿਲਾਂ ਮੈਂ ਕਿਸੇ ਕੰਮ ਦੇ ਸਬੰਧ ’ਚ ਇੰਗਲੈਂਡ ਵਿਚ ਸੀ। ਮੈਂ ਜਿਨ੍ਹਾਂ ਆਹਲਾ ਬਰਤਾਨਵੀ ਅਧਿਕਾਰੀਆਂ ਨੂੰ ਮਿਲਿਆ, ਉਨ੍ਹਾਂ ਨੇ ਮੇਰੇ ਕੋਲ ਮੰਨਿਆ ਕਿ ਉਹ ਸੀਰੀਆ ਵਿਚ ਕੁਝ ਖ਼ਾਸ ਕਰਨ ਦੀ ਤਿਆਰੀ ਕਰ ਰਹੇ ਹਨ। ਇਹ ਅਮਰੀਕਾ ਵਿਚ ਨਹੀਂ ਬਰਤਾਨੀਆ ਵਿਚ ਕੀਤਾ ਜਾ ਰਿਹਾ ਸੀ। ਬਰਤਾਨੀਆ ਸੀਰੀਆ ਉਪਰ ਧਾਵਾ ਬੋਲਣ ਲਈ ਬੰਦੂਕਧਾਰੀ ਤਿਆਰ ਕਰ ਰਿਹਾ ਸੀ।”

ਇਸੇ ਤਰ੍ਹਾਂ, 2013 ’ਚ ਦ ਗਾਰਡੀਅਨ ਦੇ ਇਕ ਲੇਖ ਛਾਪਿਆ। ਇਸ ਵਿਚ ਪੈਂਟਾਗਾਨ ਅਧਿਕਾਰੀਆਂ ਨਾਲ ਇਕ ਮੀਟਿੰਗ ਦੀ ਕਾਰਵਾਈ ਦੇ ਲਿਖਤੀ ਵੇਰਵਿਆਂ ਅਤੇ ਇਕ ਪ੍ਰਾਈਵੇਟ ਇੰਟੈਲੀਜੈਂਸ ਫਰਮ Stratfor ਦੀਆਂ ਲੀਕ ਹੋਈਆਂ ਈ-ਮੇਲ ਦੇ ਅਧਾਰ ’ਤੇ ਦਰਸਾਇਆ ਗਿਆ ਸੀ ਕਿ 2011 ਤੋਂ ਹੀ ਸੀਰੀਆ ਦੇ ਸਰਕਾਰ ਵਿਰੋਧੀ ਗਰੁੱਪਾਂ ਨੂੰ ਅਮਰੀਕਾ-ਬਰਤਾਨੀਆ ਵਲੋਂ ਸਿਖਲਾਈ ਦੇਣ ਦਾ ਸਿਲਸਿਲਾ ਚੱਲ ਰਿਹਾ ਸੀ ਜਿਸਦਾ ਮਨੋਰਥ ਅਸਾਦ ਦੀ ਹਕੂਮਤ ਨੂੰ “ਅੰਦਰੋਂ ਢਹਿਢੇਰੀ ਕਰਨਾ” ਸੀ। ਨਾਟੋ ਦੇ ਸਾਬਕਾ ਜਨਰਲ ਸਕੱਤਰ ਵੈਸਲੇ ਕਲਾਰਕ ਅਨੁਸਾਰ, ਅਮਰੀਕਾ ਦੇ ਰੱਖਿਆ ਮੰਤਰੀ ਦੇ ਦਫ਼ਤਰ ਦੇ ਇਕ ਮੈਮੋ ਵਿਚ 9/11 ਕਾਂਡ ਦੇ ਕੁਛ ਹਫ਼ਤੇ ਬਾਦ ਹੀ “ਪੰਜ ਸਾਲਾਂ ਵਿਚ ਸੱਤ ਮੁਲਕਾਂ ਉਪਰ ਹਮਲੇ ਕਰਨ ਅਤੇ ਸਰਕਾਰਾਂ ਨੂੰ ਖ਼ਤਮ ਕਰਨ” ਦੀਆਂ ਯੋਜਨਾਵਾਂ ਦਾ ਵੇਰਵਾ ਸੀ। ਜਿਨ੍ਹਾਂ ਵਿਚ ਇਰਾਕ ਤੋਂ ਸ਼ੁਰੂ ਕਰਕੇ ਸੀਰੀਆ, ਲੇਬਨਾਨ, ਲਿਬੀਆ, ਸੋਮਾਲੀਆ, ਸੂਡਾਨ ਅਤੇ ਇਰਾਨ ਨੂੰ ਨਿਸ਼ਾਨਾ ਬਣਾਇਆ ਜਾਣਾ ਸੀ। ਕਲਾਰਕ ਅਨੁਸਾਰ ਇਹ ਯੁੱਧਨੀਤੀ ਮੂਲ ਰੂਪ ’ਚ ਇਸ ਖਿੱਤੇ ਦੇ ਤੇਲ ਅਤੇ ਗੈਸ ਦੇ ਵਸੀਹ ਵਸੀਲਿਆਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸੀ।

ਅਫ਼ਗਾਨਿਸਤਾਨ, ਇਰਾਕ, ਲਿਬੀਆ ਜਾਂ ਸੀਰੀਆ ਇਹ ਸਾਰੇ ਮੁਲਕ ਅਮਰੀਕਾ ਅਤੇ ਇਸ ਦੇ ਜੋਟੀਦਾਰਾਂ ਦੇ ਸਿੱਧੇ ਹਮਲਿਆਂ ਅਤੇ ਗੁਪਤ ਸਾਜ਼ਿਸ਼ਾਂ ਨਾਲ ਅਜੋਕੀ ਨੌਬਤ ਤਕ ਪਹੁੰਚੇ। ਅਮਰੀਕਾ ਅਤੇ ਪੱਛਮ ਦੀ ਪੈਦਾ ਕੀਤੀ ਇਸ ਵਿਆਪਕ ਸਿਆਸੀ ਅਸਥਿਰਤਾ ਅਤੇ ਖ਼ਾਨਾਜੰਗੀ ਦੇ ਆਲਮ ਵਿਚ ਵੱਖੋ-ਵੱਖਰੇ ਮੁਕਾਮੀ ਹਥਿਆਰਬੰਦ ਧੜੇ ਦਹਿਸ਼ਤਗਰਦ ਤਾਕਤ ਜ਼ਰੀਏ ਇਕ ਦੂਜੇ ਨੂੰ ਦਬਾਕੇ ਹਾਵੀ ਹੋਣਾ ਚਾਹੁੰਦੇ ਹਨ। ਇਹ ਮੁਲਕ ਇਸ ਕਦਰ ਤਬਾਹ ਹੋ ਗਏ ਹਨ ਕਿ ਨਾਗਰਿਕ ਆਪਣੀਆਂ ਜਾਨਾਂ ਬਚਾਉਣ ਅਤੇ ਮਹਿਫੂਜ਼ ਭਵਿੱਖ ਲਈ ਆਪਣੇ ਘਰਬਾਰ ਛੱਡਕੇ ਲਗਾਤਾਰ ਵਹੀਰਾਂ ਦੀ ਸ਼ਕਲ ’ਚ ਹੋਰ ਮੁਲਕਾਂ ਵਿਚ ਪਨਾਹ ਲੈ ਰਹੇ ਹਨ।

ਇਨ੍ਹਾਂ ਬਿਪਤਾ ਮਾਰੇ ਲੋਕਾਂ ਨੂੰ ਪਨਾਹ ਦੇਣਾ ਇਕ ਚੀਜ਼ ਹੈ, ਇਸ ਤੋਂ ਅਹਿਮ ਹੈ ਉਨ੍ਹਾਂ ਘਿਣਾਉਣੀਆਂ ਤਾਕਤਾਂ ਦੀ ਸ਼ਨਾਖ਼ਤ ਕਰਨਾ ਜੋ ਇਹ ਸੰਕਟ ਪੈਦਾ ਕਰਨ ਲਈ ਜ਼ਿੰਮੇਵਾਰ ਹਨ। ਇਹ ਹੈ ਅਮਰੀਕਾ ਅਤੇ ਇਸ ਦੇ ਯੂਰਪੀ ਜੋਟੀਦਾਰ।

## ਮੱਧ ਪੂਰਬੀ ਮੁਲਕਾਂ ਦੀ ਸ਼ਰਨਾਰਥੀ ਸਮੱਸਿਆ ਦੀ ਭਿਆਨਕਤਾ (ਸਫ਼ਾ 1 ਦੀ ਬਾਕੀ)

ਇਹ ਸੁਨੇਹਾ ਲੈ ਕੇ ਟੀਮਾ ਕੁਰਦੀ, ਬਰੁਸਲ ਵਿਖੇ, ਯੂਰੋਪੀਨ ਸੰਘ ਦੇ ਦੇਸ਼ਾਂ ਦੀ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਇਹ ਆਵਾਜ਼ ਉਠਾਉਣ ਲਈ ਜਾ ਚੁੱਕੀ ਹੈ। ਯੂਰੋਪੀਅਨ ਸੰਘ ਦੇ ਮੁਲਕਾਂ ਦੇ ਮੰਤਰੀ, ਸ਼ਰਨਾਰਥੀ ਸਮੱਸਿਆ ਲਈ ਮਦਦ ਦਾ ਪ੍ਰਬੰਧ ਕਰਨ ਲਈ ਇਕੱਠੇ ਹੋ ਰਹੇ ਹਨ। ਸੰਘ ਦੇ ਸਿਧਾਂਤਕ ਤੌਰ ’ਤੇ 1.6 ਲੱਖ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਹਾਂ ਕਰ ਦਿੱਤੀ ਹੈ ਅਤੇ ਇਸ ਦਾ ਫੈਸਲਾ ਅਕਤੂਬਰ ਮਹੀਨੇ ਵਿਚ ਲਿਆ ਜਾ ਸਕਦਾ ਹੈ। ਚਾਹੇ ‘ਹੰਗਰੀ’ ਦੇਸ਼ ਦੀ ਸਰਕਾਰ ਨੇ ਸ਼ਰਨਾਰਥੀਆਂ ਨੂੰ ਰੋਕਣ ਲਈ ਆਪਣੇ ਦੇਸ਼ ਦੀ 175 ਕਿਲੋਮੀਟਰ ਦੀ ਸਰਬੀਆ ਨਾਲ ਲਗਦੀ ਹੱਦ ਨੂੰ ਕੰਡੇਦਾਰ ਤਾਰ ਨਾਲ ਸੀਲ ਕਰ ਦਿੱਤਾ ਹੈ ਅਤੇ ਸ਼ਰਨਾਥੀਆਂ ਵਲੋਂ ਇਸ ਦੇ ਤੋੜੇ ਜਾਣ ਲਈ ਸਖ਼ਤ ਸਜ਼ਾ ਦੀ ਤਾੜਣਾ ਕੀਤੀ ਹੈ।

ਯੂਰੋਪੀਅਨ ਸੰਘ ਦੇ ਮੁਲਕਾਂ ਨੇ ਯੂਨਾਇਕ ਰਿਫਿਊਜ਼ੀ ਏਜੰਸੀ, ਨੂੰ ਹੋਰ ਫੰਡ ਦੇਣ ਦਾ ਫੈਸਲਾ ਲਿਆ ਹੈ ਜਿਸ ਦੇ ਮੱਧ ਪੂਰਬ ਵਿਖੇ ਸਥਾਪਤ ਸ਼ਰਨਾਰਥੀ ਕੈਂਪ, ਪੱਕਾ-ਮੁੱਕੀ ਵਾਲੀ ਹਾਲਤ ਕਰਕੇ ਮੁਸੀਬਤ ਵਿਚ ਹਨ। ਇਟਲੀ ਅਤੇ ਗਰੀਸ ਵਿਚ ਨਵੇਂ ਕੈਂਪ ਲਗਾਏ ਜਾਣ ਦਾ ਫੈਸਲਾ ਲਿਆ ਗਿਆ ਹੈ ਤਾਂ ਕਿ ਸਾਰੇ ਸ਼ਰਨਾਰਥੀਆਂ ਬਾਰੇ ਫੈਸਲਾ ਲਿਆ ਜਾ ਸਕੇ। ਯੂਰਪੀਅਨ ਸੰਘ ਦੇਸ਼ਾਂ ਵਲੋਂ ਸ਼ਰਨਾਰਥੀ ਸਮੱਸਿਆ ਲਈ ਸਾਂਝੀ ਰਣਨੀਤੀ ਬਣਾਏ ਜਾਣ ਦੀ ਸੰਭਾਵਨਾ ਹੈ ਚਾਹੇ ਦੂਜੀ ਸੰਸਾਰ ਜੰਗ ਤੋਂ ਬਾਅਦ ਦੀ ਇਹ ਸਭ ਤੋਂ ਵੱਡੀ ਸ਼ਰਨਾਰਥੀ ਸਮੱਸਿਆ ਹੈ।

**- ਹਰਬੰਸ ਸਿੰਘ**


CHERA IMMIGRATION CONSULTANCY SERVICES

22 Years of Service

Specializing in:

- Appeals
- H&C Cases
- PRRA Appeals
- Sponsorships
- Refugee Claims
- Admissibility Hearings
- Super Visa / Affidavits/ Declarations
- Skilled Workers
- Citizenship Matters
- Work/Study Permits

WE PROVIDE ALL IMMIGRATION AND CITIZENSHIP SERVICES.

Sardara Singh Chera
B.A., M.A.
Former Member (Commissioner) Of The Immigration And Refugee Board Of Canada
Commissioner Of Oath
Regulated Canadian Immigration Consultant
Tel: 905-461-9885
sschera@rogers.com



2355 Derry Rd. E. Unit # 35 Skyport Corporate Centre Mississauga, ON. L5S 1V6

# ਕੈਨੇਡਾ ਮੈਂਬਰ-ਪਾਰਲੀਮੈਂਟ ਪੈਨਸ਼ਨਾਂ ਕਿ ਬ੍ਰਿਟਿਸ਼ ਰਾਜ ਘਰਾਣੇ ਦਾ ਵਜ਼ੀਫਾ



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ
(ਗੁਰੂਸਰ ਸੁਧਾਰ), ਬਰੈਂਪਟਨ (ਕੈਨੇਡਾ)

ਫ਼ੈਡਰਲ ਚੋਣਾਂ ਕੈਨੇਡੀਅਨ ਜਨਤਾ ਦੇ ਬੂਹੇ ਢੁਕੀਆਂ ਹੋਈਆਂ ਹਨ। ਬਰਾਤ ਢੁੱਕਣ ਵੇਲੇ ਦਾ ਮਾਹੌਲ ਸਭ ਪਾਸੇ ਨਜ਼ਰੀਂ ਪੈਂਦਾ ਹੈ। ਮੁੱਖ ਤਿੰਨੋਂ ਪਾਰਟੀਆਂ ਸੱਜਰੇ ਸ਼ਰੀਕਾਂ ਵਾਂਗ ਇੱਕ ਦੂਜੀ 'ਤੇ ਹਾਵੀ ਹੋਣ ਲਈ ਹਮਲੇ 'ਤੇ ਹਮਲਾ ਕਰ ਰਹੀਆਂ ਹਨ। ਲੋਕਾਂ ਦੇ ਮਸਲਿਆਂ ਤੇ ਸੁੱਖ ਸਹੂਲਤਾਂ ਦੇ ਦਾਅਵੇ ਤੇ ਵਾਅਦੇ ਕਰ ਰਹੀਆਂ ਹਨ। ਹਰ ਰਾਈਡਿੰਗ ਵਿਚਲੀਆਂ ਸੜਕਾਂ, ਗਲੀਆਂ ਦੇ ਪਾਸਿਆਂ 'ਤੇ ਮੁਸਕਰਾਉਂਦੇ ਉਮੀਦਵਾਰਾਂ ਦੀਆਂ ਫੋਟੋਆਂ ਵਾਲੇ ਸਾਈਨ ਬੋਰਡ ਨਜ਼ਰ ਆ ਰਹੇ ਹਨ, ਬੂਹੇ ਖੜ੍ਹਕਾਏ ਜਾ ਰਹੇ ਹਨ, ਪਰਚੇ ਵੰਡੇ ਜਾ ਰਹੇ ਹਨ, ਗੱਲ ਕੀ ਵੋਟਰਾਂ ਨੂੰ ਆਪਣੇ ਹੱਕ 'ਚ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ।। ਉਮੀਦਵਾਰ ਖੁਦ ਸੀਨੀਅਰਜ਼ ਕਲੱਬ ਸੈਂਟਰਾਂ ਵਿੱਚ ਹਾਜ਼ਰੀਆਂ ਭਰ ਬਜ਼ੁਰਗ ਵੋਟਰਾਂ ਦੀ ਪੈਨਸ਼ਨ, ਪਰਿਵਾਰਾਂ ਨੂੰ ਇਕੱਠਾ ਕਰਨ, ਟੈਕਸ ਰਾਹਤਾਂ, ਸਸਤੇ ਓਲਡ ਹੋਮਜ਼, ਡਾਕਟਰੀ ਸਹੂਲਤਾਂ, ਨੌਕਰੀਆਂ ਵਰਗੇ ਭਖ਼ਦੇ ਮਸਲਿਆਂ ਨਾਲ ਉਨ੍ਹਾਂ ਨੂੰ ਭਰਮਾਉਣ ਵਿੱਚ ਲੱਗੇ ਹਨ। ਇਹ ਦ੍ਰਿਸ਼ ਕੈਨੇਡਾ ਭਰ ਦੇ ਸ਼ਹਿਰਾਂ, ਕਸਬਿਆਂ ਵਿੱਚ ਆਮ ਦੇਖਿਆ ਜਾ ਸਕਦਾ ਹੈ।

ਪਰ ਵੋਟਰ ਪਾਤਸ਼ਾਹੋ! ਜ਼ਰਾ ਸੋਚੋ ਵਿਚਾਰੋ, ਪਿਛਲੇ ਸਾਲਾਂ ਤੋਂ ਇਨ੍ਹਾਂ ਸੱਤਾਧਾਰੀ ਐੱਮ. ਪੀਜ਼ ਨੇ ਤੁਹਾਡੇ ਵਾਅਦੇ ਪੂਰੇ ਕਰਨ ਦੀ ਬਜਾਏ, ਖ਼ਜ਼ਾਨੇ ਦੇ ਘਾਟੇ ਦਾ ਭੁਲੇਖਾ ਖੜ੍ਹਾ ਕਰਕੇ ਤੁਹਾਡੇ 'ਤੇ ਟੈਕਸ ਪੰਡਾਂ ਦਾ ਭਾਰ ਲੱਦਿਆ। ਅਤੇ ਇਸੇ ਖ਼ਜ਼ਾਨੇ ਤੋਂ ਖ਼ੁਦ ਲਈ ਜੀਵਨ ਭਰ ਦੀਆਂ ਸੁੱਖ-ਸਹੂਲਤਾਂ ਸੁਰੱਖਿਅਤ ਤੇ ਸੁਨਿਸ਼ਚਤ ਕਰ ਲਈਆਂ ਹਨ। ਹੁਣ ਫੇਰ ਨਵੇਂ ਪੁਰਾਣੇ ਅਧੂਰੇ ਵਾਅਦੇ ਲੈਕੇ ਤੁਹਾਡੇ ਦਰ ਆ ਪਹੁੰਚੇ ਹਨ। ਆਪਣੇ ਦਰਾਂ ਤੇ ਆਇਆਂ ਨੂੰ ਪੁੱਛਣ ਦਾ ਇਹੀ ਮੌਕਾ ਹੈ। ਕੀ ਤੁਹਾਨੂੰ ਸਾਡੇ ਤੋਂ ਬਿਨਾਂ ਹੋਰ ਧਨਾਢ ਤੇ ਕਾਰਪੋਰੇਟ ਕੰਪਨੀਆਂ ਟੈਕਸਾਂ ਦਾ ਭਾਰ ਪਾਉਣ ਲਈ ਵਿਖਾਈ ਨਹੀਂ ਦਿੰਦੀਆਂ? ਇਸ ਦੇ ਉਲਟ ਤੁਸੀਂ ਧਨਾਢ ਵਰਗਾਂ ਤੇ ਕਾਰਪੋਰੇਟਸ ਨੂੰ ਟੈਕਸ ਰਾਹਤਾਂ ਨਾਲ ਨਿਵਾਜਿਆ। ਸਾਡੇ ਨੁਮਾਇੰਦੇ ਬਣਨ ਦਾ ਦਮ ਭਰਨ ਵਾਲਿਓ, ਆਪਣੀਆਂ (ਐੱਮਪੀਜ਼) ਪੈਨਸ਼ਨਾਂ ਤੇ ਅਲਹਿਦਗੀ ਅਲਾਉਂਸਾਂ ਦੀ ਅੰਕੜਾ ਰਿਪੋਰਟ ਵੇਖੋ। ਇਉਂ ਜਾਪਦੈ ਕਿ ਤੁਸੀਂ ਤਾਂ ਪੰਜਾਬੀ ਮੁਹਾਵਰੇ 'ਅੰਨ੍ਹਾਂ ਵੰਡੇ ਰਿਉੜੀਆਂ, ਮੁੜ ਮੁੜ ਆਪਣਿਆਂ ਨੂੰ ਬਦਲਕੇ 'ਅੰਨ੍ਹਾਂ ਵੰਡੇ ਰਿਉੜੀਆਂ, ਮੁੜ ਮੁੜ ਆਪਣੀ ਝੋਲੀ' ਇੱਕ ਨਵਾਂ ਹੀ ਮੁਹਾਵਰਾ ਘੜ੍ਹ ਲਿਆ।

ਇੱਕ ਆਮ ਕੈਨੇਡੀਅਨ ਨੂੰ ਬੱਚੇ ਪਾਲਣ ਵਾਸਤੇ ਘਰ ਦਾ ਆਲ੍ਹਣਾ ਬਣਾਉਣ ਅਤੇ ਸੰਵਾਰਨ, ਪੈਨਸ਼ਨ ਅਦਾਇਗੀ ਸਥਾਪਤ ਕਰਨ ਲਈ ਬਚਤ ਕਰਦਿਆਂ ਤਕਰੀਬਨ 30 ਸਾਲ ਲੱਗਦੇ ਹਨ, ਜਦੋਂ ਕਿ ਇੱਕ ਬਰਾਬਰ ਦੀ ਓਨੀ ਲੋੜੀਂਦੀ ਪੈਨਸ਼ਨ ਕਮਾਉਣ ਲਈ ਐੱਮਪੀਜ਼ ਸੂਚੀ 'ਚ ਹੇਠਲੇ ਪੱਧਰ ਦਾ ਇੱਕ ਪਿੱਛੇ ਬੈਠਾ ਨਵਾਂ ਐੱਮਪੀ ਛੇ ਸਾਲਾਂ ਦੀ ਸਰਵਿਸ ਵਿੱਚ ਲੈਣ ਦੇ ਯੋਗ ਹੋ ਜਾਂਦਾ ਹੈ। 'ਕੈਨੇਡੀਅਨ ਕਰਦਾਤਾ ਫੈਡਰੇਸ਼ਨ' (ਸੀ ਟੀ ਐੱਫ਼) ਦੀ ਰਿਪੋਰਟ ਐੱਮ ਪੀਜ਼ ਦੀ ਪੈਨਸ਼ਨਾਂ ਦੇ ਤੱਥ ਸਾਰਾਂ ਨੂੰ ਨਿਤਾਰਦੀ, ਖੋਲ੍ਹਦੀ ਤੇ ਸਪਸ਼ਟ ਕਰਦੀ ਹੈ ।

ਦੂਜੇ ਪਾਸੇ ਐੱਮਪੀ ਨੂੰ ਇੱਕ ਘੱਟ ਤੋਂ ਘੱਟ ਬੈਕਬੈਂਚਰ ਪੈਨਸ਼ਨ ਹਾਸਲ ਕਰਨ ਲਈ 6 ਸਾਲਾਂ ਲਈ 10,900 ਸਾਲਾਨਾ ਯੋਗਦਾਨ ਕਰਨਾ ਪੈਂਦਾ ਹੈ, ਜਦੋਂ ਕਿ ਇੱਕ ਆਮ ਕੈਨੇਡੀਅਨ ਨੂੰ ਓਦਾਂ ਦੀ ਸੇਵਾ ਮੁਕਤੀ ਵਾਲੀ ਅਦਾਇਗੀ ਲੈਣ ਲਈ 6 ਸਾਲਾਂ ਦੌਰਾਨ 129,000 ਸਾਲਾਨਾ ਬਚਤ ਕਰਨ ਦੀ ਜ਼ਰੂਰਤ ਪੈਂਦੀ ਹੈ। ਇਸ ਯੋਗਦਾਨ ਦੀ ਅਨੁਪਾਤ ਤਕਰੀਬਨ 11:130 ਦੀ ਬਣਦੀ ਹੈ। ਭਾਵ ਜੇ ਐੱਮਪੀ 11 ਡਾਲਰ ਯੋਗਦਾਨ ਪਾਉਂਦਾ ਹੈ ਤਾਂ ਆਮ ਕੈਨੇਡੀਅਨ ਨੂੰ 130 ਡਾਲਰ ਪਾਉਣੇ ਪੈਂਦੇ ਹਨ।

**ਇੱਕ ਹੋਰ ਤੱਥ :** ਕਰਦਾਤਿਆਂ ਨੂੰ 2009-0 ਵਿੱਚ ਟੈਕਸ ਦੇ ਤੌਰ 'ਤੇ ਹਰ ਇੱਕ ਐੱਮਪੀ ਤੇ ਸੈਨੇਟਰ ਵਾਸਤੇ 248,668 ਸਾਲਾਨਾ ਕਰ ਯੋਗਦਾਨ ਪਾਇਆ ਸੀ। ਇੱਕ ਹੋਰ ਅਨੁਪਾਤ ਵੇਖੋ-ਫੈਡਰਲ ਸਰਕਾਰ ਵੱਲੋਂ ਸਰਕਾਰੀ ਤੌਰ 'ਤੇ 5.80 ਤੇ 1.00 ਨੂੰ ਕਰਦਾਤਾ ਤੇ ਐੱਮ ਪੀ ਦੇ ਕਰਮਵਾਰ ਯੋਗਦਾਨ ਦੀ ਅਨੁਪਾਤ ਸੂਚਿਤ ਕੀਤੀ ਗਈ ਹੈ। ਸਿੱਧੇ ਸ਼ਬਦਾਂ ਵਿੱਚ ਐੱਮ ਪੀ ਦੇ 1 ਡਾਲਰ ਦੇ ਮੁਕਾਬਲੇ ਕਰਦਾਤਾ ਨੂੰ ਲਗਪਗ 6 ਡਾਲਰ, ਭਾਵ ਛੇ ਗੁਣਾ ਯੋਗਦਾਨ ਕੀਤਾ। ਪਰ ਇਹ ਅਨੁਪਾਤ ਵੀ ਬਹੁਤ ਹੀ ਜ਼ਿਆਦਾ ਗਿਣਤੀ ਵਿੱਚ ਅਸਲ ਯੋਗਦਾਨ ਤੇ ਅਦਾਇਗੀ ਅਨੁਪਾਤਾਂ ਨੂੰ ਘੱਟ ਦਰ 'ਤੇ ਦਰਸਾਉਂਦੀ ਹੈ।

ਇਸ ਰਿਪੋਰਟ ਦੇ ਵਿਸਥਾਰ ਦਸਦੇ ਹਨ ਕਿ ਕਿਵੇਂ ਕਥਿਤ 'ਪੈਨਸ਼ਨ ਫੰਡ' ਵਾਸਤੇ ਹਰ ਇੱਕ ਐੱਮ ਪੀ ਤੇ ਸੈਨੇਟਰ ਵੱਲੋਂ ਯੋਗਦਾਨ ਕੀਤੇ 1.00 ਦੇ ਮੁਕਾਬਲੇ ਕਰਦਾਤਾ 23.30 ਦਾ ਯੋਗਦਾਨ ਕਰਦੇ ਹਨ। ਭਾਵ 1:23.30 ਦੀ ਅਨੁਪਾਤ। ਲਓ ਵੇਖ ਲਓ ਇਹੋ ਜਿਹੇ ਸੱਚ ਨੂੰ ਇੱਕ ਹੋਰ ਕੋਣ ਤੋਂ ਯੋਗਦਾਨ ਦੀ ਮਿਣਤੀ ਦੇ ਸੱਚ ਨੂੰ। ਚੋਣ ਦੇ ਘਮਸਾਨ ਦੌਰਾਨ ਤੁਸੀਂ ਇਨ੍ਹਾਂ ਤੱਥਾਂ 'ਤੇ ਅਧਾਰਤ ਸਵਾਲ ਵਰਤਮਾਨ ਤੇ ਉਮੀਦਵਾਰ ਐੱਮਪੀਜ਼ 'ਤੇ ਦਾਗ ਸਕਦੇ ਹੋ।

ਵਰਤਮਾਨ ਤੌਰ ਤੇ ਸੇਵਾ ਕਰ ਰਹੇ ਯੋਗ ਐੱਮਪੀਜ਼ 2015 ਵਿੱਚ ਔਸਤ ਪੈਨਸ਼ਨ 54,693 ਪ੍ਰਤੀ ਸਾਲ ਲੈਣ ਦੇ ਹੱਕਦਾਰ ਹੋ ਜਾਣਗੇ। ਇਸ ਤੋਂ ਇਲਾਵਾ ਜਿਹੜੇ ਯੋਗ ਨਹੀਂ ਜਾਂ ਏਡੇ ਬੁੱਢੇ ਨਹੀਂ ਹੋਏ ਲੈ ਸਕਣ ਵਾਸਤੇ ਇੱਕੋ ਵਾਰ ਦੀ ਅਲਹਿਦਗੀ (ਸਵੀਅਰੈਂਸ) ਅਦਾਇਗੀ ਘੱਟ ਤੋਂ ਘੱਟ 78,000 ਲੈਣ ਦੇ ਹੱਕਦਾਰ ਹੋਣਗੇ।

ਜੇ ਉਨ੍ਹਾਂ 'ਚੋਂ ਹਰ ਇੱਕ 2015 ਵਿੱਚ ਮੁੜ-ਚੁਣ ਲਿਆ ਜਾਂਦਾ ਹੈ, ਵਰਤਮਾਨ ਪਾਰਲੀਮੈਂਟ ਦੇ ਐੱਮਪੀਜ਼ 2019 ਵਿੱਚ ਇੱਕੋ ਵਾਰ ਦੀ 78000 ਦੀ ਅਲਹਿਦਗੀ ਅਦਾਇਗੀ ਸਮੇਤ ਇੱਕ ਔਸਤ ਪੈਨਸ਼ਨ 65,000 ਪ੍ਰਤੀ ਸਾਲ ਲੈਣ ਦੇ ਹੱਕਦਾਰ ਹੋ ਜਾਣਗੇ। ਓਨੀ ਹੀ ਅਲਹਿਦਗੀ ਅਦਾਇਗੀ ਜਿੰਨੀ ਉਨ੍ਹਾਂ ਨੂੰ ਮਿਲਣੀ ਹੈ ਜਿਹੜੇ ਯੋਗ ਨਹੀਂ ਹੁੰਦੇ ਜਾਂ ਬਹੁਤੇ ਬੁੱਢੇ ਹੋ ਜਾਂਦੇ ਹਨ।

**ਹੁਣ ਜ਼ਰਾ ਵੱਡੇ ਕੁੱਲ ਜੋੜਾਂ:** 262 ਮਿਲੀਅਨ, 436 ਮਿਲੀਅਨ ਅਤੇ 227 ਮਿਲੀਅਨ ਨੂੰ ਵੀ ਘੋਖ ਲਈਏ।

ਜੇ ਵਰਤਮਾਨ ਸੇਵਾ ਕਰ ਰਹੇ ਐੱਮਪੀਜ਼ 2015 ਵਿੱਚ ਪਾਰਲੀਮੈਂਟ 'ਚੋਂ ਬਾਹਰ ਹੋ ਜਾਂਦੇ ਹਨ, ਉਨ੍ਹਾਂ ਦਾ ਕਰਦਾਤਾਦੇ ਸਿਰ 'ਤੇ ਕਰ ਦਾ ਬੋਝ ਹਰ ਸਾਲ 11.2 ਮਿਲੀਅਨ ਪਵੇਗਾ ਜਿਹੜਾ ਉਨ੍ਹਾਂ ਨੂੰ ਹਰ ਇੱਕ ਦੇ 80 ਸਾਲ ਦੀ ਉਮਰ ਤੱਕ ਪਹੁੰਚਣ ਤੱਕ 262 ਮਿਲੀਅਨ ਪ੍ਰਤੀ ਸਾਲ ਤੱਕ ਵੱਧ ਜਾਵੇਗਾ। ਪਰ ਜੇ ਉਹ 2019 ਵਿੱਚ ਪਾਰਲੀਮੈਂਟ ਛੱਡਦੇ ਹਨ ਤਾਂ ਇਹ 20 ਮਿਲੀਅਨ ਪ੍ਰਤੀ ਸਾਲ ਤੇ 80 ਸਾਲ ਤੱਕ 436 ਮਿਲੀਅਨ ਹੋ ਜਾਵੇਗਾ।

ਪੈਨਸ਼ਨ ਯੋਜਨਾਵਾਂ ਤੇ ਕਰ-ਨਿਵੇਸ਼ਾਂ ਦਾ ਦਸ ਸਾਲਾ ਵਧਦਾ ਨਿਮਨ ਅੰਕਿਤ ਰੇਖਾ-ਚਿੱਤਰ ਕਰਦਾਤਾਂ ਨਾਲ ਹੋ ਰਹੀ ਵਧੀਕੀ ਨੂੰ ਇੱਕੋ ਨਜ਼ਰੇ ਹੋਰ ਵੀ ਵਧੇਰੇ ਸਪਸ਼ਟ ਕਰ ਦਿੰਦਾ ਹੈ। ਲਾਲ ਰੰਗੀ ਰੇਖਾ ਐੱਮ ਪੀ ਪੈਨਸ਼ਨ ਪਲੈਨ ਤੇ ਪੀਲੀ ਰੇਖਾ ਕੈਨੇਡਾ ਪੈਨਸ਼ਨ ਪਲੈਨ ਰੇਖਾ ਦੀ ਤੁਲਨਾ ਕਰੋ। ਲਾਲ ਰੇਖਾ ਦੇ ਮੁਕਾਬਲੇ ਪੀਲੀ ਲੰਘੜਾਉਂਦੀ ਵਧਦੀ ਨਜ਼ਰ ਆਉਂਦੀ ਹੈ।ਲਾਲ ਇੱਕ ਕਾਲੇ ਨਾਗ (ਖੜੱਪੇ) ਵਾਂਗ




ਸਿਰੀ ਚੁੱਕੀ ਸ਼ੂਕਦੀ ਉੱਪਰ ਵੱਲ ਜਾ ਰਹੀ ਹੈ ਪਰ ਪੀਲੀ ਸੜਕ 'ਤੇ ਰੀਂਗਦੇ, ਉਸਲ-ਵੱਟੇ ਲੈਂਦੇ, ਤੜਫ਼ਦੇ, ਤਰਲੇ ਲੈਂਦੇ ਗੰਡੋਏ ਵਾਂਗ ਵਧਦੀ ਦਿੱਸਦੀ ਹੈ। ਇਹ ਜੇ ਕਰਦਾਤਿਓ! ਤੁਹਾਡੇ ਹਿਤੂ ਬਣੇ ਫਿਰਦੇ ਤੁਹਾਡੇ ਐੱਮਪੀਜ਼, ਉਨ੍ਹਾਂ ਦੀਆਂ ਪਾਰਟੀਆਂ ਦੇ ਬਣਾਏ ਕਾਨੂੰਨਾਂ ਦੇ ਸਿੱਟੇ। ਦੇਸੀ ਪੇਂਡੂ ਭਾਸ਼ਾ 'ਚ ਇਹ ਜੇ ਇਨ੍ਹਾਂ ਦਾ ਪੀਚ-ਤੁਹਾਡੇ ਆਰਥਿਕ ਤੰਗੀਆਂ, ਤੁਰਸ਼ੀਆਂ ਮਾਰੇ ਸੁੱਕੇ ਕਿਆਰਿਆਂ ਨੂੰ ਲੱਗੇ ਪਾਣੀ ਦਾ ਸੇਂਜਾ। ਇਨ੍ਹਾਂ ਨੇ ਤਾਂ 'ਮਾਲੇ ਮੁਫਤ, ਦਿਲੇ ਬੇਰਹਿਮ' - ਮੁਫਤ ਦਾ ਮਾਲ, ਦਿਲ ਬੇਰਹਿਮ - ਹੀ ਆਪਣਾ ਅਸੂਲ ਥਾਪ ਲਿਆ ਹੋਇਆ ਲੱਗਦੈ। ਲੋਕਾਂ ਲਈ ਸਖ਼ਤ ਆਪਣੇ ਲਈ ਸਖ਼ੀ! ਵਾਹ ਬਈ ਵਾਹ! ਅੱਜ ਦੇ ਲੋਕਰਾਜੀ ਰਾਜਿਓ!

ਇਹ ਰਿਪੋਰਟ ਤਾਂ ਹੋਰ ਕਈ ਵੱਖ ਵੱਖ ਕੋਨਾਂ-ਛੇ-ਅੰਕੜਾ ਕਲੱਬ, ਮਿਲੀਅਨ-ਡਾਲਰ ਕਲੱਬ, ...- ਅਤੇ ਹੋਰ ਬਹੁਤ ਸਾਰੇ ਅਹਿਮ ਤੱਥਾਂ ਦੀ ਵੀ ਬੜੀ ਖੁੱਲ੍ਹਕੇ ਗੱਲ ਕਰਦੀ ਹੈ। ਏਨੀਆਂ ਹੀ ਅੰਕੜਾ ਅਧਾਰਤ ਅਸਲੀਅਤਾਂ ਮੇਰੇ ਲੇਖ ਨੂੰ ਤੁਹਾਡੀ ਸਮਝ ਗੋਚਰਾ ਕਰਨ ਤੇ ਤੁਹਾਡੀ ਕਚਹਿਰੀ 'ਚ ਆਉਂਦੇ ਤੁਹਾਡੇ ਸਾਬਕਾ ਤੇ ਉਮੀਦਵਾਰ ਐੱਮਪੀਜ਼ ਨੂੰ ਸਵਾਲ ਕਰਨ ਲਈ ਕਾਫੀ ਹਨ। ਇਸ ਜਾਣਕਾਰੀ ਨੂੰ ਚੰਗੀ ਤਰ੍ਹਾਂ ਪੜ੍ਹੋ, ਤਿਆਰੀ ਕਰਕੇ, ਲਿਖਕੇ ਸਵਾਲ ਬਣਾਓ ਅਤੇ ਆਪਣੇ ਸਰੋਕਾਰਾਂ ਨੂੰ ਜ਼ਰਾ ਪਾਰਟੀ ਸਿਆਸਤ ਤੋਂ ਉਤਾਂਹ ਉੱਠਕੇ ਧੜੱਲੇਦਾਰ ਤੇ ਬੇਬਾਕ ਤਰੀਕੇ ਨਾਲ ਉਨ੍ਹਾਂ ਅੱਗੇ ਪੇਸ਼ ਕਰੋ। ਤਾਂ ਜੋ ਉਨ੍ਹਾਂ ਵੱਲੋਂ ਆਪਣੇ ਵਿਸ਼ੇਸ਼ ਹਿਤਾਂ ਵਾਸਤੇ ਲੋਕਾਂ ਤੇ ਪਾਏ ਬੋਝ ਦਾ ਭਾਂਡਾ ਚੌਰਾਹੇ ਵਿੱਚ ਭੰਨਿਆ ਜਾ ਸਕੇ। ਸਾਬਕਾ ਐੱਮਪੀਜ਼ ਪਰੈੱਸਟਨ ਮੈਨਿੰਗ, ਵਰਨਰ ਸ਼ਮਿਦਤ ਤੇ ਲੀ ਮੋਰੀਸਨ ਦੀਆਂ ਮਿਸਾਲਾਂ ਦਿਓ। ਸਾਡੇ ਪਰਿਵਾਰ ਤਾਂ ਟੈਕਸਾਂ ਤੇ ਮੌਰਗੇਜਾਂ ਅਦਾ ਕਰਦੇ ਕਾਲਿਉਂ ਬੱਗੇ ਹੋ ਜਾਂਦੇ ਹਨ, ਜਵਾਨੀਆਂ ਵਾਰ ਦੇਦੇ ਹਨ, ਇਹ ਬੱਸ ਇੱਕ ਵਾਰ ਐੱਮਪੀ ਦੀ ਮੋਹਰ ਲੱਗਣ ਸਾਰ ਹੀ ਜੀਵਨ ਭਰ ਦੇ ਅਨੰਦ ਕਮਾ ਲਿਆਂਉਂਦੇ ਹਨ। ਐੱਮਪੀ ਬਣਨਾ ਹੀਇੱਕ ਪੱਕਾ ਸਵਰਗ ਦਾ ਗਰੰਟੀਸ਼ੁਦਾ ਪਾਸ!

21ਵੀਂਸਦੀ ਦਾ ਯੁੱਗ ਸੂਚਨਾ ਤਕਨੀਕ ਦਾ ਯੁੱਗ ਹੈ। ਸੂਚਨਾ ਦੇ ਅਧਿਕਾਰ ਤਹਿਤ ਸਰਕਾਰਾਂ ਦੀਆਂ ਕਾਰਵਾਈਆਂ, ਕਾਰਜਾਂ ਤੇ ਖ਼ਜ਼ਾਨੇ 'ਚੋਂ ਕੌਣ, ਕਿੰਨਾਂ ਤੇ ਕੀ ਲੈ ਰਿਹਾ ਹੈ ਦੀਆਂ ਜਾਣਕਾਰੀਆਂ ਜਨਤਕ ਹੋ ਰਹੀਆਂ ਹਨ। ਕਰਦਾਤਾਵਾਂ ਨੂੰ ਜਾਗਰੂਕ ਕਰਨ ਲਈ ਲੋਕ ਹਿਤੂ ਸੰਗਠਨ ਇਸ ਦੀ ਭਰਪੂਰ ਵਰਤੋਂ ਕਰ ਰਹੇ ਹਨ। ਉਨ੍ਹਾਂ ਵਿੱਚ ਇੱਕ ਇਹ 'ਕੈਨੇਡੀਅਨ ਕਰਦਾਤਾ ਫੈਡਰੇਸ਼ਨ' (ਸੀਟੀਐੱਫ਼) ਹੈ। ਪਿੱਛੇ ਜਿਹੇ ਤੁਹਾਡੇ ਲੇਖਕ ਨੂੰਸੀਟੀਐੱਫ਼ ਨਾਲ ਜੁੜਨ ਦਾ ਮੌਕਾ ਮਿਲਿਆ। ਅਧਿਐਨ ਕੀਤਾ। ਇਸ ਦੇ ਪਹਿਲੇ ਪੰਨੇ 'ਤੇ ਅੰਕਿਤ ਸਮਰਪਨ 'ਸਾਬਕਾ ਐੱਮਪੀਜ਼ ਪਰੈੱਸਟਨ ਮੈਨਿੰਗ, ਵਰਨਰ ਸ਼ਮਿਦਤ ਤੇ ਲੀ ਮੋਰੀਸਨ ਜਿਨ੍ਹਾਂ ਨੇ ਆਪਣੀਆਂ ਐੱਮਪੀ ਹੱਕਦਾਰੀਆਂ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ' ਨੇ ਮੇਰੀ ਕਲਮੀ ਸੋਚ ਨੂੰ ਸਪਾਧੇ ਦੀ ਬੀਨ ਵਾਂਗ ਕੀਲਕੇ ਰੱਖ ਦਿੱਤਾ। ਸਭ ਕੈਨੇਡੀਅਨਜ਼ ਕਿਰਤੀ ਟੈਕਸਾਂ ਤੇ ਮੌਰਗੇਜਾਂ ਦੀਆਂ ਦਾਬੂ, ਭਾਰੂ ਪੰਜਾਲੀਆਂ ਹੇਠ 30, 30 ਸਾਲਾਂ ਲਈ ਦਿਨ ਰਾਤ ਮਿਹਨਤ ਮੁਸ਼ੱਕਤ ਲਈ ਮਜਬੂਰ ਹਨ। ਪੂਰਾ ਪਰਿਵਾਰ ਕੰਮਾਂ ਕਾਰਾਂ ਦੇ ਬੋਝ ਹੇਠ ਦੱਬਿਆਂ ਰਹਿੰਦੈ। ਆਪਣੀ ਸਿਹਤ ਤੇ ਬੱਚੇ ਭੁੱਲੇ ਰਹਿੰਦੇ ਹਨ। ਆਪਣੇ ਭਾਈਚਾਰੇ ਦੀ ਬੋਲੀ ਤੇ ਮੁਹਾਵਰੇ 'ਚ ਲਿੱਖਣ ਵਾਸਤੇ ਇੱਕਦਮ ਕਲਮ ਦੇ ਪੈਰਾਂ ਹੇਠ ਅੱਗ ਮਚਣ ਲੱਗ ਪਈ।

ਇਹ ਸੀਟੀਐੱਫ ਸੰਗਠਨ ਗੈਰ-ਮੁਨਾਫ਼ਾ ਤੇ ਗੈਰ-ਪਾਰਟੀ ਅਸੂਲਾਂ 'ਤੇ ਅਧਾਰਤ ਹੈ। ਇਹ ਸਰਕਾਰਾਂ ਨੂੰ ਘੱਟ ਟੈਕਸ, ਘੱਟ ਖ਼ਰਚ ਅਤੇ ਜਵਾਬਦੇਹ ਹੋਣ ਲਈ ਖੋਜ ਭਰਪੂਰ ਸਰਗਰਮ ਭੂਮਿਕਾ ਨਿਭਾਉਣ ਨੂੰ ਸਮਰਪਤ ਹੈ। ਸਭ ਤੋਂ ਪਹਿਲਾਂ ਇਹ 1990 ਵਿੱਚ ਕੈਨੇਡਾ ਦੇ ਸਸਕੈਚੂਅਨ ਸੂਬੇ ਵਿੱਚ ਸਥਾਪਤ ਹੋਇਆ ਅਤੇ ਹੌਲੀ ਹੌਲੀ ਇਸ ਨਾਲ ਦੂਸਰੇ ਸੂਬਿਆਂ ਦੀਆਂ ਇਹੋ ਜਿਹੀਆਂ ਸ਼ਕਤੀਆਂ ਜੁੜਦੀਆਂ ਗਈਆਂ। ਅੱਜ ਸੀਟੀਐੱਫ਼ ਦੇ 71000 ਤੋਂ ਵਧੇਰੇ ਸਮਰਥਕ ਬਣ ਚੁੱਕੇ ਹੋਏ ਹਨ। ਇਸ ਦਾ ਫੈਡਰਲ ਆਫਿਸ ਔਟਵਾ 'ਚ ਹੈ ਅਤੇ ਕੈਨੇਡਾ ਭਰ ਵਿੱਚ ਸੂਬਾਈ ਤੇ ਖੇਤਰੀ ਦਫਤਰ ਕੰਮ ਕਰ ਰਹੇ ਹਨ। ਉਹ ਕੌਮੀ ਪੱਧਰ ਦੇ ਉਦਮਾਂਦੇ ਨਾਲ ਸੂਬਾਈ ਤੇ ਖੇਤਰੀ ਮਸਲਿਆਂ ਅਤੇ ਸੂਬਿਆਂ ਤੇ ਖੇਤਰਾਂ ਨਾਲ ਸਬੰਧਤ ਵਿਸ਼ੇਸ਼ ਮੁੱਦਿਆਂ 'ਤੇ ਖੋਜਾਂ ਤੇ ਵਕਾਲਤੀ ਕਿਰਿਆਵਾਂ ਸੰਚਾਲਤ ਕਰਦੇ ਹਨ। ਕਰਦਾਤਿਆਂ ਦੇ ਸਾਂਝੇ ਹਿਤਾਂ ਵਾਸਤੇ ਸੀਟੀਐੱਫ਼ ਹਰ ਮਹੀਨੇ ਸੈਂਕੜੇ ਮੀਡੀਆ ਇੰਟਰਵਿਊਜ਼, ਪ੍ਰੈੱਸ ਕਾਨਫਰੰਸਾਂ ਅਤੇ ਰੈਗੂਲਰ ਖ਼ਬਰਾਂ, ਤਪਸਰਿਆਂ ਦੇ ਪੈਂਫਲਿਟ ਜਾਰੀ ਕਰਦੀ ਹੈ।

ਅਜੋਕੇ ਸੱਤਾਧਾਰੀ ਲੋਕ ਨੁਮਾਇੰਦੇ, ਲੋਕਾਂ ਨਾਲ ਕੀਤੇ ਵਾਅਦੇ ਪੂਰ ਚਾੜ੍ਹਣ ਦੀ ਬਜਾਏ, ਆਪਣੇ ਹੀ ਵਜ਼ੀਫ਼ਿਆਂ ਵਰਗੇ ਲਾਭ ਆਪਣੇ ਲਈ ਰਾਖਵੇਂ ਕਰੀ ਤੁਰੇ ਜਾ ਰਹੇ ਹਨ। ਇਨ੍ਹਾਂ ਕੋਲੋਂ ਸਮਾਜਿਕ ਇਨਸਾਫ਼ ਜਿਹਦੀ ਇਸ ਯੁੱਗ ਵਿੱਚ ਇੱਕ ਵੱਡੀ ਲੋੜ ਹੈ ਨਹੀਂ ਹੋਣੇ। ਆਪਣੇ ਵੋਟ ਦੀ ਵਰਤੋਂ ਸੋਚ ਸਮਝ ਨਾਲ ਕਰੋ। ਢੇਰੀ ਢਾਹਿਆਂ ਸਰਨਾ ਨਹੀਂ। ਫੈਡਰਲ ਚੋਣਾਂ ਮੌਕੇ ਵੋਟਰਾਂ ਨੂੰ ਬੋਲਣਾ ਪੈਣਾ ਹੈ। ਲੋਕ ਦਬਾਅ ਉਸਰਨਾਚਾਹੀਦੈ। ਚੋਣਾਂ ਲੜ ਰਹੀਆਂ ਪਾਰਟੀਆਂ ਦੇ ਪਿਛਲੇ ਸਾਲਾਂ ਦੇ ਸ਼ਾਸਨ ਕਾਲਾਂ ਦੀ ਸਮੀਖਿਆ ਕਰਨੀ ਬੜੀ ਜ਼ਰੂਰੀ ਹੈ। ਕਹਿੰਦੀ ਤਾਂ ਹਰ ਪਾਰਟੀ ਹੈ ਕਿ ਉਹ ਹੀ ਲੋਕਾਂ ਦੇ ਆਰਥਿਕ ਬੋਝ ਹੌਲੇ ਕਰਨਗੇ, ਬੀਮੇ ਘਟਾਉਣਗੇ, ਸਿੱਖਿਆ ਤੇ ਸਿਹਤ ਸਹੂਲਤਾਂ ਵਿੱਚ ਵਾਧਾ ਕਰਨਗੇ। ਪਰਿਵਾਰਾਂ ਨੂੰ ਇਕੱਠਿਆਂ ਕਰਨ ਲਈ ਵੀਜ਼ਾ ਪ੍ਰਣਾਲੀ ਨੂੰ ਸੁਖਾਲਾ ਤੇ ਚੁਸਤ ਬਣਾਉਣਗੇ। ਕਰਦਾਤਾ ਵੋਟਰੋ! ਜਾਗੋ ਤੇ ਹੋਰਨਾਂ ਨੂੰ ਜਗਾਓ ਅਤੇ ਵੋਟਾਂ ਮੰਗਣ ਆਏ ਉਮੀਦਵਾਰਾਂ ਨੂੰ ਵੰਗਾਰੋ ਕਿ ਅਸੀਂ ਤੁਹਾਨੂੰ ਦੇਸ਼ਲਈ ਅਤੇ ਬਹੁਗਿਣਤੀ ਸਮਾਜ ਕਲਿਆਣ ਲਈ ਚੁਣਦੇ ਹਾਂ।

(ਸੁਧਾਰਕ ਸਾਬਕਾ ਐੱਮ ਪੀਪ੍ਰੈੱਸਟਨ ਮੈਨਿੰਗ, ਵਰਨਰ ਸ਼ਮਿਦਤ ਤੇ ਲੀ ਮੋਰੀਸਨ ਨੂੰ ਸਮਰਪਿਤ ਜਿਨ੍ਹਾਂ ਨੇ ਆਪਣੀ ਐੱਮਪੀ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ।)

ਫੋਨ: 647-402-2170

## ਕੱਟੜਪੰਥੀਆਂ ਹੱਥੋਂ ਅਗਾਂਹਵਧੂ ਕੰਨੜ ਲੇਖਕ ਕਲਬੁਰਗੀ ਦੀ ਕੀਤੀ ਗਈ ਹੱਤਿਆ ਦੀ ਪੁਰਜ਼ੋਰ ਨਿਖੇਧੀ

ਇਨਕਲਾਬੀ ਕੇਂਦਰ ਪੰਜਾਬ ਤੇ ਇਨਕਲਾਬੀ ਨੌਜਵਾਨ ਵਿਬਦਿਆਰਥੀ ਮੰਚ ਵੱਲੋਂ ਕੰਨੜ ਲੇਖਕ, ਤਰਕਸ਼ੀਲ ਆਗੂ, ਸਾਬਕਾ ਕਮਿਊਨਿਸਟ ਤੇ ਜਮਹੂਰੀ ਅਧਿਕਾਰਾਂ ਲਈ ਲੜਨ ਵਾਲੇ ਪ੍ਰੋ. ਮਲੇਅੱਪਾ ਮਾਦਿਆਵਲੱਪਾ ਕਲਬੁਰਗੀ ਦੀ ਕੱਟੜਪੰਥਾਂ ਵੱਲੋਂ ਕੀਤੀ ਗਈ ਹੱਤਿਆ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਇਸ ਸਮੇਂ ਦੋਹਾਂ ਜੱਥੇਬੰਦੀਆਂ ਦੇ ਸੂਬਾਈ ਆਗੂਆਂ ਕੰਵਲਜੀਤ ਖੰਨਾ, ਨਰਾਇਣ ਦੱਤ, ਮਨਦੀਪ ਤੇ ਗੁਰਦੀਪ ਬਾਸੀ ਨੇ ਆਪਣੇ ਸਾਂਝੇ ਬਿਆਨ ਵਿਚ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਹਿੰਦੂਤਵੀ ਫਾਸ਼ੀਵਾਦੀ ਹਕੂਮਤ ਦੇ ਭਾਰਤੀ ਰਾਜੱਤਾ ਤੇ ਕਾਬਜ ਹੋਣ ਤੋਂ ਬਾਅਦ ਦੇਸ਼ ਦੇ ਅਗਾਂਹਵਧੂ ਲੇਖਕਾਂ, ਪੱਤਰਕਾਰਾਂ, ਜਮਹੂਰੀ ਕਾਰਕੁੰਨਾਂ ਤੇ ਕਮਿਊਨਿਸਟ ਕਾਰਕੁੰਨਾਂ ਤੇ ਆਗੂਆਂ ਉਪਰ ਇਕ ਤੋਂ ਬਾਅਦ ਇਕ ਕਾਤਲਾਨਾ ਹਮਲੇ ਕੀਤੇ ਜਾ ਰਹੇ ਹਨ। ਫਿਰਕਾਪ੍ਰਸਤ ਤਾਕਤਾਂ ਵੱਲੋਂ ਦੇਸ਼ ਦੀਆਂ ਕੌਮੀ ਘੱਟਗਿਣਤੀਆਂ ਪ੍ਰਤੀ ਖਾਸਕਰ ਮੁਸਲਮਾਨਾਂ ਪ੍ਰਤੀ ਜਹਿਰ ਉਗਲਿਆ ਜਾ ਰਿਹਾ ਹੈ। ਇਹੀ ਨਹੀਂ ਇਕ ਪਾਸੇ ਇਨ੍ਹਾਂ ਘੱਟਗਿਣਤੀਆਂ ਨੂੰ ਅੱਤਵਾਦੀ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਆਰਐਸਐਸ ਵਰਗੀਆਂ ਫਿਰਕੂ ਜੱਥੇਬੰਦੀਆਂ ਵੱਲੋਂ ਸ਼ਰੇਆਮ ਹਥਿਆਰਬੰਦ ਮੁਜਾਹਰੇ ਕਰਨ ਤੋਂ ਲੈ ਕੇ ਨਿਰਦੋਸ਼ ਲੋਕਾਂ ਦੇ ਸ਼ਰੇਆਮ ਕਤਲ ਕਰਨ ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ। ਆਰਐਸਐਸ ਦੇ ਕੁਲਵਕਤੀ ਨੁਮਾਇੰਦੇ ਮੋਦੀ ਦੇ ਸੱਤਾ ਦੀ ਕੁਰਸੀ ਤੇ ਬੈਠਣ ਬਾਅਦ ਦੇਸ਼ ਅੰਦਰ ਐਮਰਜੈਂਸੀ ਵਰਗੀਆਂ ਹਾਲਤਾਂ ਪੈਦਾ ਕੀਤੀਆਂ ਜਾ ਰਹੀਆਂ ਹਨ। ਹਰ ਹੱਕੀ ਤੇ ਜਮਹੂਰੀ ਅਵਾਜ ਨੂੰ ਕੁਚਲਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਦੇਸ਼ੀ ਬਦੇਸ਼ੀ ਕਾਰਪੋਰੇਟਾਂ ਦਾ ਚਹੇਤਾ ਨਰੇਂਦਰ ਮੋਦੀ ਦੇਸ਼ ਦੇ ਲੋਕਾਂ ਨੂੰ ਦਹਿਸ਼ਤਯਦਾ ਰੱਖਕੇ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੇ ਸੇਵਾ ਕਰਨ ਲਈ ਪੱਬਾਂ ਭਾਰ ਹੋ ਰਿਹਾ ਹੈ। ਉਹਨਾਂ ਕਿਹਾ ਕਿ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨ ਦਾ ਦਾਅਵਾ ਕਰਨ ਵਾਲੇ ਹਾਕਮ ਹੀ ਲੋਕਾਂ ਦੀ ਜਾਨ ਤੇ ਮਾਲ ਦੇ ਸ਼ਿਕਾਰੀ ਬਣ ਚੁੱਕੇ ਹਨ। ਮੌਜੂਦਾ ਧਰਮ ਨਿਰਪੱਖ ਕਹਾਉਂਦੀ ਭਾਰਤੀ ਰਾਜਸੱਤਾ ਫਿਰਕੂ ਕੱਟੜਪੰਥੀ ਤਾਕਤਾਂ ਤੇ ਧਰਮ ਨੂੰ ਹਥਿਆਰ ਬਣਾਕੇ ਜਿੱਥੇ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਲਾਂਬੂ ਲਾ ਰਹੀ ਹੈ ਉੱਥੇ ਉਹ ਜਬਰੀ ਲੋਕਾਂ ਦੀ ਹੱਕ ਸੱਚ ਤੇ ਜਮਹੂਰੀਅਤ ਦੀ ਅਵਾਜ ਨੂੰ ਬੰਦ ਕਰਨ 'ਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਡਾ. ਦਾਭੋਲਕਰ, ਗੋਬਿੰਦਰ ਪਾਨਸਾਰੇ, ਅਵਿਜੀਤ ਰਾਏ ਦਾ ਕਤਲ ਕਰਨ ਵਾਲੇ ਕੱਟੜਪੰਥੀਆਂ ਉਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਤੇ ਹੁਣ ਕਲਬੁਰਗੀ ਦੇ ਕਾਤਲਾਂ ਨੂੰ ਲੱਭਣ ਲਈ ਵੀ ਟਾਲ ਮਟੋਲ ਕੀਤੀ ਜਾ ਰਹੀ ਹੈ। ਜਦਕਿ ਦੂਜੇ ਪਾਸੇ ਦੇਸ਼ ਦੇ ਲੋਕਾਂ ਲਈ ਲੜਨ ਵਾਲੇ ਕਾਰਕੁੰਨਾਂ ਉਪਰ ਜੂਠੇ ਕੇਸ ਪਾ ਕੇ ਉਨ੍ਹਾਂ ਨੂੰ ਜੇਲ੍ਹਾਂ ਦੀਆਂ ਸ਼ਲਾਖਾਂ ਪਿੱਛੇ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਫਾਸ਼ੀਵਾਦੀ ਤਾਨਾਸ਼ਾਹੀ ਦਾ ਸਭਨਾਂ ਇਨਕਲਾਬੀ, ਜਨਤਕ, ਜਮਹੂਰੀ, ਤਰਕਸ਼ੀਲ ਤੇ ਅਗਾਂਹਵਧੂ ਜੱਥੇਬੰਦੀਆਂ ਤੇ ਲੇਖਕਾਂ, ਬੁੱਧੀਜੀਵੀਆਂ, ਲੋਕਪੱਖੀ ਕਲਾਕਾਰਾਂ ਨੂੰ ਇਕੱਠੇ ਹੋ ਕੇ ਜਮੀਨੀ ਪੱਧਰ ਤੇ ਟਾਕਰਾ ਕਰਨ ਦਾ ਸੱਦਾ ਦਿੱਤਾ।

# ਕੈਨੇਡਾ ਦੇ ਹਸਪਤਾਲ ਕਾਮਿਆਂ ਵਿਰੁੱਧ ਹਿੰਸਾ ਦਾ ਵਾਧਾ, ਓਨਟਾਰੀਓ ਸਰਕਾਰ ਹਰਕਤ 'ਚ



ਡਾ. ਹਰਦੀਪ ਸਿੰਘ, ਗੁਐਲਫ (ਓਨਟਾਰੀਓ)

ਕੈਨੇਡਾ ਦੇ ਓਨਟਾਰੀਓ ਸੂਬੇ ਦੇ ਹਸਪਤਾਲਾਂ ਦੇ ਕਾਮਿਆਂ ਉਪਰ ਵੱਧ ਰਹੀ ਹਿੰਸਾ ਤੋਂ ਸਰਕਾਰ ਨੇ ਚਿੰਤਾ ਦਾ ਜਾਹਿਰ ਕਰਦਿਆਂ, ਇਸ ਨੂੰ ਠੱਲ੍ਹ ਪਾਉਣ ਲਈ ਗੋਲਮੇਜ਼ ਗਰੁੱਪ ਦਾ ਗਠਨ ਕੀਤਾ ਹੈ । ਇਸ ਗੋਲਮੇਜ਼ ਗਰੁੱਪ




ਵਿਚ ਸਿਹਤ ਅਤੇ ਲੇਬਰ ਮੰਤਰਾਲੇ ਤੋਂ ਇਲਾਵਾ ਹਸਪਤਾਲਾਂ ਦੇ ਮੁੱਖ ਪ੍ਰਬੰਧਕ ਅਤੇ 'ਓਨਟਾਰੀਓ ਨਰਸਿਜ਼ ਐਸੋਸੀਏਸ਼ਨ' ਦੇ ਮੁਖੀ ਸ਼ਾਮਲ ਹਨ, ਜਿਹੜੇ ਇਸ ਸਤੰਬਰ ਵਿਚ ਪਹਿਲੀ ਮੀਟਿੰਗ ਕਰਕੇ ਹਸਪਤਾਲਾਂ ਅੰਦਰ ਨਰਸਾਂ ਉਪਰ ਹਿੰਸਾ ਨੂੰ ਰੋਕਣ ਬਾਰੇ ਅਸਰਦਾਰ ਪਾਲਿਸੀ ਬਨਾਉਣ ਲਈ ਵਿਚਾਰ ਚਰਚਾ ਕਰਨਗੇ।

ਸੰਸਾਰ ਪੱਧਰ ਦਾ ਸਿਹਤ ਖੇਤਰ ਅੰਦਰ, ਹਸਪਤਾਲ ਕਾਮਿਆਂ ਵਿਰੁੱਧ ਮਰੀਜਾਂ ਅਤੇ ਉਨ੍ਹਾਂ ਦੇ ਰਿਸਤੇਦਾਰਾਂ ਵਲੋਂ ਹਿੰਸਾ ਦੀ ਸਮੱਸਿਆ ਤੋਂ ਕੈਨੇਡਾ ਵੀ ਅਛੂਤਾ ਨਹੀਂ ਰਿਹਾ। ਕਨੈਡਾ ਦੇ ਯੂਨੀਵਰਸਿਟੀ ਸਿਹਤ ਨੈਟਵਰਕ (ਯੂ.ਐਚ.ਐਨ.) ਦੇ ਦੱਸਣ ਮੁਤਾਬਿਕ, ਓਨਟਾਰੀਓ ਸੂਬੇ ਅੰਦਰ ਪਿਛਲੇ ਤਿੰਨ ਸਾਲਾਂ ਦੌਰਾਨ ਮਰੀਜਾਂ ਅਤੇ ਰਿਸਤੇਦਾਰਾਂ ਵਲੋਂ ਹਿੰਸਕ ਰਿਪੋਰਟਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਦਰਜ ਹੋਇਆ ਹੈ। ਇਨ੍ਹਾਂ ਹਿੰਸਾ ਦੀਆਂ ਵਾਰਦਾਤਾਂ ਦੀ ਗਿਣਤੀ ਪਿਛਲੇ ਦੋ ਸਾਲਾਂ ਵਿਚ ਹੀ ਦੁਗਣੀ ਦਰਜ ਹੋਈ ਹੈ। ਜਿਹੜੀ ਕਿ ਸੰਨ 2012 ਵਿਚ 166 ਤੋਂ ਵੱਧ ਕੇ 2014 ਵਿਚ 331 ਦਰਜ ਹੋਈ ਹੈ। ਬਹੁਤ ਵਾਰਦਾਤਾਂ ਨੂੰ ਤਾਂ ਹਸਪਤਾਲ ਕਾਮਿਆਂ ਵਲੋਂ ਦਰਜ ਹੀ ਨਾ ਕਰਵਾਏ ਜਾਣ ਕਰਕੇ ਅਣਗੌਲੀਆਂ ਰਹਿ ਜਾਂਦੀਆਂ ਹਨ। ਯੂਨੀਵਰਸਿਟੀ ਸਿਹਤ ਨੈਟਵਰਕ ਇਕ ਇਲਾਜੀ ਸਿਹਤ ਸੰਭਾਲ ਅਤੇ ਮੈਡੀਕਲ ਖੋਜ ਨਾਲ ਸਬੰਧਤ ਟੋਰਾਂਟੋ ਦੀ ਸੰਸਥਾ ਹੈ, ਜਿਹੜੀ ਟੋਰਾਂਟੋ ਜਨਰਲ ਹਸਪਤਾਲ, ਟੋਰਾਂਟੋ ਪੱਛਮੀ ਹਸਪਤਾਲ, ਪ੍ਰਿੰਸੈਸ ਮਾਰਗਰੇਟ ਕੈਂਸਰ ਕੇਂਦਰ ਅਤੇ ਟੋਰਾਂਟੋ ਰੀਹੈਬਲੀਟੇਸ਼ਨ ਇਸਟੀਚਿਊਟ ਦੀ ਪ੍ਰਬੰਧਕ ਹੈ। ਮਰੀਜਾਂ ਅਤੇ ਉਨ੍ਹਾਂ ਦੇ ਰਿਸਤੇਦਾਰਾਂ ਵਲੋਂ ਹਿੰਸਕ ਵਾਰਦਾਤਾਂ ਦੀ ਸਮੱਸਿਆ, ਓਨਟਾਰੀਓ ਸੂਬੇ ਤੋਂ ਇਲਾਵਾ ਕੈਨੇਡਾ ਦੇ ਦੂਸਰੇ ਸੂਬਿਆਂ ਅੰਦਰ ਵੀ ਦਰਜ ਹੋਈ ਹੈ। ਕੈਨੇਡਾ ਦੇ 2005 ਦੇ ਅੰਕੜਿਆਂ ਦੀ ਕੌਮੀ ਸਟੱਡੀ ਮੁਤਾਬਿਕ 34 ਪ੍ਰਤੀਸ਼ਤ ਨਰਸਾਂ ਉਪਰ ਸਰੀਰਕ ਹਮਲੇ ਅਤੇ 47 ਪ੍ਰਤੀਸ਼ਤ ਨਰਸਾਂ ਵਜੋਂ ਮਾਨਸਿਕ ਹਿੰਸਾ ਦੀ ਰਿਪੋਰਟ ਦਰਜ ਕਰਵਾਈ ਗਈ। ਮਾਨਸਿਕ ਰੋਗਾਂ ਦੀਆਂ ਸਿਹਤ ਸੰਸਥਾਵਾਂ ਵਿਚ ਇਹ ਵਾਰਦਾਤਾਂ ਦੀਆਂ ਸ਼ਿਕਾਰ 70 ਪ੍ਰਤੀਸ਼ਤ ਨਰਸਾਂ ਹੋਈਆਂ।

ਓਨਟਾਰੀਓ ਸੂਬੇ ਵਿਚ ਮਰੀਜ਼ਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਵਲੋਂ ਹਸਪਤਾਲਾਂ ਦੇ ਕਾਮਿਆਂ ਵਿਰੁੱਧ ਲਗਾਤਾਰ ਵਧ ਰਹੀ ਹਿੰਸਾ ਪ੍ਰਤੀ ਸਰਕਾਰ ਨੇ ਨੋਟਿਸ ਲਿਆ ਹੈ। ਓਨਟਾਰੀਓ ਦੇ ਲੇਬਰ ਮੰਤਰਾਲਾ ਖੁਦ ਮੰਨਦਾ ਹੈ ਕਿ ਸੂਬੇ ਦੇ ਹਸਪਤਾਲਾਂ ਅੰਦਰ ਕੰਮ-ਸਥਾਨ ਹਿੰਸਾ ਕਰਕੇ ਸਰਕਾਰ ਨੂੰ 23.8 ਮਿਲੀਅਨ ਡਾਲਰ ਸਲਾਨਾ ਦਾ ਖਰਚਾ ਝੱਲਣਾ ਪੈਂਦਾ ਹੈ। ਹਸਪਤਾਲਾਂ ਦੀ ਹਿੰਸਾ ਦੀਆਂ ਸੱਟਾਂ ਕਰਕੇ ਕੁਲ ਕੰਮ-ਸਮੇਂ ਦਾ 10 ਪ੍ਰਤੀਸ਼ਤ ਨੁਕਸਾਨ ਹੋ ਰਿਹਾ ਹੈ। ਇਨ੍ਹਾਂ ਸੱਟਾਂ ਕਰਕੇ ਅਤੇ ਨਰਸਾਂ ਵਲੋਂ ਸੱਟਾਂ ਕਾਰਨ ਡਿਊਟੀ ਦੀ ਗੈਰ-ਹਾਜਰੀ ਉਪਰ ਲੱਗੇ ਵਿੱਤੀ ਵਸੀਲੇ ਮਰੀਜ਼ਾਂ ਦੀ ਭਲਾਈ ਉਪਰ ਲਗਾਏ ਜਾ ਸਕਦੇ ਸਨ।

ਜੁਲਾਈ 2014 ਵਿਚ ਓਨਟਾਰੀਓ ਮੰਤਰਾਲੇ ਵੱਲੋਂ ਸਿਹਤ ਸੈਕਟਰ ਲਈ "ਐਨਫੋਰਸਮੈਂਟ ਸਕੀਮ" ਲਾਗੂ ਕੀਤੀ ਗਈ ਹੈ, ਜਿਸ ਵਿਚ ਸਾਰੇ ਫੌਰੀ ਇਲਾਜ ਵਾਲੇ ਹਸਪਤਾਲ ਅਤੇ ਲੰਬੇ ਇਲਾਜ ਵਾਲੇ ਹਸਪਤਾਲਾਂ ਦੀ ਤਿੰਨ ਸਾਲਾਂ ਤੱਕ ਇੰਸਪੈਕਸ਼ਨ ਕੀਤੀ ਜਾਵੇਗੀ। ਕਾਨੂੰਨ ਦੀ ਮੰਗ ਅਨੁਸਾਰ ਹਰੇਕ ਹਸਪਤਾਲ ਪ੍ਰਬੰਧਨ ਨੂੰ ਕੰਮ ਸਥਾਨ ਤੇ ਹਿੰਸਾ ਦੇ ਖ਼ਤਰੇ ਦਾ ਜਾਇਜ਼ਾ, ਹਿੰਸਾ ਅਤੇ ਪ੍ਰੇਸ਼ਾਨੀ ਰੋਕੂ ਨੀਤੀਆਂ ਬਣਾਉਣਾ ਦੇ ਨਾਲ ਨਾਲ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਪ੍ਰੋਗਰਾਮ ਤੈਅ ਕਰਨਾ ਹੁੰਦਾ ਹੈ। ਜਿਸ ਵਿੱਚ ਕਾਮਿਆਂ ਖਿਲਾਫ਼ ਇਸ ਹਿੰਸਾ ਨੂੰ ਰੋਕਣ ਲਈ ਸੁਰੱਖਿਆ ਦੇ ਪ੍ਰਬੰਧ ਕਰਨਾ ਸ਼ਾਮਲ ਹੈ। ਹਸਪਤਾਲ ਪ੍ਰਬੰਧਕ ਵਾਰਦਾਤਾਂ ਅਤੇ ਗੰਭੀਰ ਘਟਨਾਵਾਂ ਦੀ ਰਿਪੋਰਟ ਹੀ ਮੰਤਰਾਲੇ ਕੋਲ ਦਰਜ ਕਰਵਾਉਣੀ ਹੁੰਦੀ ਹੈ। ਜਿਸ ਵਿਚ ਹਰੇਕ ਮਰੀਜ਼ ਦੇ ਰਿਸਕ ਦਾ ਜਾਇਜ਼ਾ, ਸੁਰੱਖਿਆ ਅਤੇ ਸਿਹਤ ਕਾਮਿਆਂ ਦੀ ਗਿਣਤੀ ਦਰਜ ਕਰਵਾਉਣਾ ਵੀ ਸ਼ਾਮਲ ਹੈ।

"ਓਨਟਾਰੀਓ ਨਰਸਿੰਗ ਐਸੋਸੀਏਸ਼ਨ (ਓ. ਐਨ. ਏ.) ਹਸਪਤਾਲ ਅੰਦਰ ਹਿੰਸਾ ਰੋਕੂ ਨੀਤੀ ਵਿਚ ਹਰੇਕ ਵਾਰਦਾਤ ਲਈ ਰਿਪੋਰਟ ਦਰਜ ਕਰਵਾਉਣ ਦੀ ਮੰਗ ਕੀਤੀ ਹੈ। ਓ.ਐਨ.ਏ. ਨੇ ਦੋਸ਼ ਲਗਾਇਆ ਹੈ ਕਿ ਕੁਝ ਹਸਪਤਾਲ ਪ੍ਰਬੰਧਕ ਸਿਹਤ ਕਾਮਿਆਂ ਨੂੰ ਇਨ੍ਹਾਂ ਵਾਰਦਾਤਾਂ ਨੂੰ ਇਸ ਕਿੱਤੇ ਦਾ ਹਿੱਸਾ ਦੱਸਦੇ ਹੋਏ, ਰਿਪੋਰਟ ਦਰਜ ਕਰਵਾਉਣ ਲਈ ਨਿਰ-ਉਤਸਾਹਿਤ ਕਰਦੇ ਹਨ। ਐਸੋਸੀਏਸ਼ਨ ਨੇ ਇਨ੍ਹਾਂ ਵਾਰਦਾਤਾਂ ਲਈ ਉਸ ਹਸਪਤਾਲ ਦੇ ਮੁੱਖ ਪ੍ਰਬੰਧਕ ਖਿਲਾਫ, ਆਪਣੇ ਕਰਮਚਾਰੀਆਂ ਨੂੰ ਬਚਾਉਣ ਵਿਚ ਅਸਫ਼ਲ ਰਹਿਣ ਪ੍ਰਤੀ ਅਣ-ਗਹਿਲੀ ਦੇ ਦੋਸ ਹੇਠ ਕਾਰਵਾਈ ਦੀ ਮੰਗ ਕੀਤੀ ਹੈ। ਪਿਛਲੇ ਦਸੰਬਰ ਮਹੀਨੇ ਹਿੰਸਾ ਦੀ ਇਕ ਘਟਨਾ ਹੋਈ, ਜਿਸ ਵਿਚ "ਸੈਂਟਰ ਫਾਰ ਐਡੀਕਸ਼ਨ ਅਤੇ ਮਾਨਸਿਕ ਸਿਹਤ (ਸੀ.ਏ.ਐਮ.ਐਚ.) ਦੇ ਇਕ ਮਰੀਜ਼ ਵੱਲੋਂ, 'ਇਕ ਨਰਸ ਕਰਮਚਾਰੀ ਦੀ ਕਥਿਤ ਗੰਭੀਰ ਕੁੱਟ ਮਾਰ ਵਲੋਂ ਕੀਤੀ ਗਈ। ਲੇਬਰ ਮੰਤਰਾਲੇ ਵਲੋਂ ਇਸ ਵਾਰਦਾਤ ਲਈ ਓਕੂਪੈਸ਼ਨਲ (ਕੰਮ ਸਥਾਨ) ਸਿਹਤ ਅਤੇ ਸੁਰੱਖਿਆ ਐਕਟ ਅਧੀਨ ਹਸਪਤਾਲ ਦੇ ਪ੍ਰਬੰਧਕਾਂ ਖਿਲਾਫ਼ ਹਿੰਸਾ ਨੂੰ ਰੋਕਣ ਵਿਚ ਅਸਫ਼ਲ ਰਹਿਣ ਦੇ ਦੋਸ਼ ਦਾਇਰ ਕੀਤੇ ਗਏ।

ਇਸ ਹਿੰਸਕ ਸਮੱਸਿਆ ਲਈ ਐਨ. ਡੀ. ਪੀ. ਪਾਰਟੀ ਵਲੋਂ ਵੀ ਲੇਬਰ ਮੰਤਰਾਲੇ ਦੀ ਇਕ ਖੁੱਲ੍ਹੀ ਚਿੱਠੀ ਲਿਖ ਕੇ ਨਿੰਦਾ ਕੀਤੀ ਗਈ ਹੈ, ਜਿਸ ਵਿਚ ਇਨ੍ਹਾਂ ਹਿੰਸਕ ਵਾਰਦਾਤਾਂ ਦੀ ਧੀਮੀ ਕਾਰਵਾਈ ਦੇ ਦੋਸ ਸਰਕਾਰ ਉੱਪਰ ਲਗਾਏ ਹਨ ਅਤੇ ਸੱਤਾਧਾਰੀ ਲਿਬਰਲ ਪਾਰਟੀ ਦੀਆਂ ਬਜਟ ਕਟੌਤੀਆਂ ਅਤੇ ਹਸਪਤਾਲ ਸਟਾਫ਼ ਦੀ ਕਮੀ ਨੂੰ ਹਸਪਤਾਲਾਂ ਦੀ ਸੁਰੱਖਿਆ ਵਿਗੜਣ ਦਾ ਕਾਰਨ ਦੱਸਿਆ ਹੈ।

ਓਨਟਾਰੀਓ ਨਰਸਿੰਗ ਐਸੋਸੀਏਸ਼ਨ ਨੇ ਵੀ ਹਸਪਤਾਲਾਂ ਅੰਦਰ ਕਰਮਚਾਰੀਆਂ ਦੀ ਗਿਣਤੀ ਵਿਚ ਵਾਧਾ ਕਰਨ ਅਤੇ ਜ਼ਿਆਦਾ ਮਾਹਿਰ ਸੁਰੱਖਿਆ ਗਾਰਡਾਂ ਦੀ ਤੈਨਾਤੀ ਦੀ ਮੰਗ ਕੀਤੀ ਹੈ। ਇਨ੍ਹਾਂ ਹਿੰਸਕ ਘਟਨਾਵਾਂ ਲਈ ਮੁੱਖ ਪ੍ਰਬੰਧਕਾਂ ਨੂੰ ਜ਼ਿਆਦਾ ਜ਼ਿੰਮੇਵਾਰ ਬਣਾਉਣਾ ਅਤੇ ਜ਼ਿਆਦਾ ਗੰਭੀਰ ਵਾਰਦਾਤਾਂ ਵਿਚ ਪ੍ਰਬੰਧਕਾਂ ਖਿਲਾਫ਼ ਅਪਰਾਧਿਕ ਦੋਸ਼ ਦਰਜ ਕਰਨ ਦੀ ਮੰਗ ਕੀਤੀ ਹੈ। ਐਸੋਸੀਏਸ਼ਨ ਦੀ ਹਿੰਸਾ ਰੋਕੂ ਨੀਤੀ ਦੀ ਮੰਗ ਨੂੰ ਦੇਖਦੇ ਹੋਏ ਸੂਬੇ ਦੇ ਸਿਹਤ ਮੰਤਰਾਲੇ ਨੇ ਭਰੋਸਾ ਦਿਵਾਇਆ ਹੈ ਕਿ ਨਰਸਾਂ ਅਤੇ ਦੂਸਰੇ ਸਿਹਤ ਕਾਮਿਆਂ ਲਈ ਸਿਹਤਮੰਦ ਅਤੇ ਸੁਰੱਖਿਆ ਕੰਮ ਵਾਤਾਵਰਣ ਦਾ ਪ੍ਰਬੰਧ ਕਰਨਾ ਸਰਕਾਰ ਦੀ ਪਹਿਲ ਆਧਾਰ ਦਾ ਕੰਮ ਹੈ। ਹਸਪਤਾਲਾਂ ਵਿੱਚ ਉਚ ਦਰਜੇ ਦੀ ਮਰੀਜ਼ ਸੰਭਾਲ ਲਈ ਸਿਹਤ ਕਾਮਿਆਂ ਲਈ ਇੱਕ ਸੁੱਰਖਿਤ ਕੰਮ ਵਾਤਾਵਰਣ ਜ਼ਰੂਰੀ ਹੈ।" ਬੁਲਾਰੇ ਅਨੁਸਾਰ "ਹਸਪਤਾਲ ਸੈਕਟਰ ਕੋਲ ਬਹੁਤ ਸਾਰੀਆਂ ਮੌਜੂਦਾ ਨੀਤੀਆਂ ਅਤੇ ਪ੍ਰੋਗਰਾਮ ਕੰਮਕਾਜੀ ਹਿੰਸਾ ਨੂੰ ਰੋਕਣ ਲਈ ਮੌਜੂਦ ਹਨ ਅਤੇ ਸਰਕਾਰ, ਹੋਰ ਸਿਹਤ ਸੰਸਥਾਵਾਂ ਨਾਲ ਮਿਲ ਕੇ ਇਨ੍ਹਾਂ ਮੌਜੂਦਾ ਨੀਤੀ ਲਈ ਹੋਰ ਅਸਰਦਾਰ ਐਕਸ਼ਨ ਪਲਾਨ ਤਿਆਰ ਕਰਨ ਵਿਚ ਯਤਨਸ਼ੀਲ ਹੈ।"

ਹੁਣ, ਓਨਟਾਰੀਓ ਸਰਕਾਰ ਵਲੋਂ ਇਸ ਸਮੱਸਿਆ ਦੇ ਸਮਾਧਾਨ ਲਈ " ਗੋਲਮੇਜ਼ ਗਰੁੱਪ" ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਸੂਬੇ ਦੇ ਸਿਹਤ ਸੰਭਾਲ ਖੇਤਰ ਦੇ ਕੁਝ ਉੱਚ ਪ੍ਰਬੰਧਕ ਸ਼ਾਮਲ ਹੋਣਗੇ । ਇਨ੍ਹਾਂ ਉੱਚ ਪ੍ਰਬੰਧਕਾਂ ਕੋਲ ਕੁਝ ਨਵੇਂ ਫੈਸਲੇ ਲਾਗੂ ਕਰਨ ਦੀ ਤਾਕਤ ਵੀ ਹੋਵੇਗੀ। ਇਸ ਵਿਚ ਸਿਹਤ ਅਤੇ ਲੇਬਰ ਡਿਪਟੀ ਮੰਤਰੀਆਂ ਤੋਂ ਇਲਾਵਾ, ਹਸਪਤਾਲਾਂ ਦੇ ਮੁੱਖ ਪ੍ਰਬੰਧਕ, ਨਰਸਿੰਗ ਐਸੋਸੀਏਸ਼ਨ ਅਤੇ ਹਸਪਤਾਲ ਐਸੋਸੀਏਸ਼ਨ ਦੇ ਨੁਮਾਇੰਦੇ ਹੋਣਗੇ। ਇਹ ਗੋਲਮੇਜ਼ ਗਰੁੱਪ, ਇਸ ਸਤੰਬਰ ਮਹੀਨੇ ਵਿਚ ਆਪਣੀ ਪਹਿਲੀ ਮੀਟਿੰਗ ਕਰੇਗੀ । ਤਿੰਨ ਸਾਲਾਂ ਦੇ ਸਮਾਂ-ਬੱਧ ਤਰੀਕੇ ਨਾਲ, ਇਹ ਗਰੁੱਪ ਪਲੈਨਿੰਗ ਕਰੇਗਾ ਕਿ ਕਿਸ ਤਰ੍ਹਾਂ ਹਸਪਤਾਲਾਂ ਅੰਦਰ ਨਰਸਾਂ ਉਪਰ ਹਿੰਸਾ ਨੂੰ ਰੋਕਿਆ ਜਾ ਸਕਦਾ ਹੈ ਅਤੇ ਇਸ ਤੋਂ ਬਾਅਦ ਸਿਹਤ ਸੰਭਾਲ ਸੈਕਟਰ ਦੇ ਦੂਸਰੇ ਕਾਮਿਆਂ ਬਾਰੇ ਵੀ ਵਿਚਾਰ ਕਰੇਗਾ। ਲੇਬਰ ਮੰਤਰਾਲੇ ਦੀ ਇਹ ਵੀ ਇੱਛਾ ਹੈ ਕਿ ਇਸ ਗਰੁੱਪ ਦੀ ਅੰਤਿਮ ਰਿਪੋਰਟ ਵਿਚ ਹਸਪਤਾਲਾਂ ਅੰਦਰ ਹੋਰ ਜ਼ਿਆਦਾ ਸੁਰੱਖਿਆ ਅਤੇ ਹਰੇਕ ਸੰਸਥਾ ਵਿਚ ਸਿਹਤ ਕਾਮਿਆਂ ਦੀ ਲੋੜ ਅਨੁਸਾਰ ਗਿਣਤੀ ਬਾਰੇ ਵੀ ਵਿਚਾਰ ਸ਼ਾਮਲ ਹੋਣ। ਹਸਪਤਾਲ ਕਾਮੇ ਸਰਕਾਰ ਦੀਆਂ ਇਨ੍ਹਾਂ ਕੋਸ਼ਿਸ਼ਾਂ ਪ੍ਰਤੀ ਕਾਫ਼ੀ ਆਸਵੰਦ ਹਨ ਅਤੇ ਇਹ ਨਵੀਆਂ ਨੀਤੀਆਂ ਕੈਨੇਡਾ ਦੇ ਦੂਸਰੇ ਸੂਬਿਆਂ ਦੀਆਂ ਸਰਕਾਰਾਂ ਲਈ ਵੀ ਹਸਪਤਾਲ ਕਾਮਿਆਂ ਪ੍ਰਤੀ ਹਿੰਸਾ ਨੂੰ ਰੋਕਣ ਲਈ ਰਾਹ ਦਰਸਾਵਾ ਬਣ ਸਕਦੀਆਂ ਹਨ ਹਾਲਾਂਕਿ ਇਹ ਸਮੱਸਿਆ ਸੰਸਾਰ ਪੱਧਰ ਦਾ ਸਿਹਤ ਖੇਤਰ ਦੀ ਵੀ ਹੈ ।

# ਬਠਿੰਡੇ ਦੀ ਧਰਤੀ ਤੇ ਕਿਸਾਨ ਰੋਹ ਦੀਆਂ ਤਰੰਗਾ

## ਫੇਸਬੁਕ ਦੇ ਕਿਸਾਨ ਮੋਰਚਾ ਗਰੁੱਪ ਚੋਂ ਮਨਪ੍ਰੀਤ ਜਸ ਦੀ ਪੋਸਟ - ਧੰਨਵਾਦ ਸਹਿਤ

ਜੋ ਅੱਜ ਵਾਪਰ ਰਿਹਾ ਹੈ ਉਹ 100 ਸਾਲ ਪਹਿਲਾਂ ਵੀ ਵਾਪਰਿਆ ਸੀ। ਵੀਹਵੀਂ ਸਦੀ ਦੇ ਪਹਿਲਾ ਦਹਾਕੇ,ਸਾਲ 1907, ਅੰਗਰੇਜ ਹਕੂਮਤ ਦੀਆਂ ਕਿਸਾਨ ਵਿਰੋਧੀ ਨੀਤੀਆਂ ਤੇ ਅਕਾਲਾਂ ਦੇ ਭੰਨੇ ਕਿਸਾਨਾਂ ਨੇ ਜਦੋਂ ਖੁਦਕੁਸ਼ੀਆਂ ਦਾ ਰਾਹ ਫੜ੍ਹਿਆ ਤਾਂ ਪੰਜਾਬ ਦੀ ਡੁੱਬਦੀ ਕਿਸਾਨੀ ਨੂੰ ਬਚਾਉਣ ਲਈ ਚਾਚੇ ਅਜੀਤ ਸਿੰਘ ਹੁਰਾਂ ਬੀੜਾ ਚੁੱਕਿਆ, 'ਪੱਗੜੀ ਸੰਭਾਲ ਜੱਟਾ ਦੀ ਅਵਾਜ ਗੂੰਜੀ। ਸਮੇਂ ਦੇ ਹਾਕਮ ਇਸ ਅਵਾਜ ਨੂੰ ਡਾਂਗਾਂ, ਗੋਲੀਆ, ਦੇਸ ਨਿਕਾਲਿਆਂ ਤੇ ਕਾਲੇ ਪਾਣੀਆਂ ਨਾਲ ਮੁਖਾਤਬ ਹੋਏ। ਅੱਜ ਸੌ ਸਾਲ ਤੋਂ ਉੱਪਰ ਗੁਜਰ ਗਏ ਹਨ, ਅੰਗਰੇਜ ਹਕੂਮਤ ਦਾ ਕਦੇ ਨਾ ਡੁੱਬਣ ਵਾਲਾ ਸੂਰਜ ਕਦੋਂ ਦਾ ਅਸਤ ਹੋ ਗਿਆ ਹੈ, ਲੋਕਾਂ ਨੇ ਵੱਖ-ਵੱਖ ਰੰਗਾਂ ਦੀਆਂ ਹਕੂਮਤਾਂ ਦੇ ਰੰਗ ਦੇਖੇ ਨੇ,ਪਰ 100 ਸਾਲ ਮਗਰੋਂ ਵੀ ਹਾਕਮਾਂ ਦਾ ਚਿਹਰਾ ਬਦਲਿਆ ਹੈ ਕਿਰਦਾਰ ਨਹੀਂ।

ਹਾਕਮਾਂ ਦੇ ਦਰ ਤੇ ਮੁਆਵਜੇ ਦੀ ਮੰਗ ਲੈਕੇ ਗਏ ਕਿਸਾਨਾ ਦਾ ਸਵਾਗਤ ਪੁਲਸੀ ਧਾੜਾਂ ਨੇ ਕੀਤਾ ਹੈ,ਰਾਹਾਂ,ਸੜਕਾਂ ਤੇ ਲੱਗੇ ਨਾਕਿਆਂ ਨੇ ਕੀਤਾ ਹੈ,ਬੋਲਣ ਦੇ ਹੱਕਾਂ ਤੇ ਪਾਬੰਦੀਆਂ ਨੇ ਕੀਤਾ ਹੈ।ਹਾਕਮ ਨੇ ਕਿਸਾਨੀ ਦੇ ਦਰਦ ਨੂੰ ਕੁਦਰਤੀ ਆਫਤ ਤੇ ਮਾਮੂਲੀ ਲਾਪ੍ਰਵਾਹੀ ਕਹਿ ਕੇ ਪੱਲਾ ਝਾੜ ਦਿੱਤਾ ਹੈ।ਲੋਕ ਖੇਤੀ ਮਸ਼ੀਨਰੀ ਤੋਂ ਲੈਕੇ ਪਾਲਤੂ ਡੰਗਰਾਂ ਤੱਕ ਵੇਚ ਰਹੇ ਹਨ ਤੇ ਹਕੂਮਤ 17-17 ਰੁਪਏ ਦੇ ਚੈੱਕ ਵੰਡ ਰਹੀ ਹੈ।ਲੋਕਾਂ ਦੇ ਘਰਾਂ 'ਚ ਸੱਥਰ ਵਿਛੇ ਹਨ ਤੇ ਉੱਪ ਮੁੱਖ-ਮੰਤਰੀ ਕਬੱਡੀ ਕੱਪਾਂ ਦਾ ਐਲਾਨ ਕਰ ਰਿਹਾ ਹੈ, ਫਿਲਮੀ ਹੀਰੋਇਨਾ ਦੇ ਨਾਚ ਤੇ ਕਰੋੜਾਂ ਖਰਚਣ ਜਾ ਰਿਹਾ ਹੈ।ਇਹ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਟਿੱਚ ਕਰਕੇ ਜਾਨਣ ਦੀ ਸਦੀਆਂ ਤੋਂ ਤੁਰੀ ਆਉਂਦੀ ਹਾਕਮਾਂ ਦੀ ਰੀਤ ਦਾ ਇਜਹਾਰ ਹੈ, ਕਿਸਾਨ ਹਿਤੈਸ਼ੀ ਪੰਥਿਕ ਹਾਕਮਾਂ ਦਾ ਅਸਲੀ ਕਿਰਦਾਰ ਹੈ ਜੋ ਸੌ ਸਾਲ ਪਹਿਲਾਂ ਦੇ ਦਿਨਾਂ ਦੀ ਯਾਦ ਤਾਜਾ ਕਰਵਾ ਰਿਹਾ ਹੈ।

ਇਹ ਨਹੀਂ ਕਿ ਪੰਜਾਬ ਵਿੱਚ ਅੱਜ ਤੋਂ ਪਹਿਲਾਂ ਕਦੇ ਏਡੇ ਇੱਕਠ ਨਹੀਂ ਹੋਏ, ਰੋਸ ਪ੍ਰਦਰਸ਼ਨ ਨਹੀਂ ਹੋਏ ,ਜਾਂ ਪੰਜਾਬ ਦੇ ਲੋਕਾਂ ਨੇ ਹਕੂਮਤੀ ਜਬਰ ਨਹੀਂ ਦੇਖੇ ਪਰ ਅੱਜ ਪੰਜਾਬ, ਖਾਸਕਰ ਬਠਿੰਡੇ ਦੀ ਧਰਤੀ ਤੇ ਜੋ ਵਾਪਰ ਰਿਹਾ ਹੈ ਇਹ ਕੋਈ ਸਧਾਰਨ ਵਰਤਾਰਾ ਨਹੀਂ ਹੈ।ਇਸ ਵਰਤਾਰੇ ਚੋਂ ਉੱਠੇ ਸਵਾਲ ਵੱਡੇ ਹਨ ਜਿੰਨਾਂ ਨੇ ਬਹੁਤ ਕੁੱਝ ਨੂੰ ਕਟਿਹਰੇ 'ਚ ਖੜ੍ਹਾ ਦਿੱਤਾ ਹੈ।

ਕਿਸਾਨੀ ਖੁਦਕੁਸ਼ੀਆਂ ਦਾ ਵਰਤਾਰਾ ਪੰਜਾਬ ਦੀਆਂ ਹੱਦਾਂ ਤੱਕ ਮਹਿਦੂਦ ਨਹੀਂ ਹੈ,ਭਾਰਤ ਦੇ ਕੋਨੇ-ਕੋਨੇ 'ਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ।ਇਹ ਖੁਦਕੁਸ਼ੀਆਂ 1947 ਤੋਂ ਮਗਰੋਂ ਦੇ 70 ਸਾਲਾਂ ਤੇ ਸਵਾਲ ਹਨ ਜਿਨ੍ਹਾਂ ਸਾਲਾਂ 'ਚ ਬਾਹਰੋਂ ਅਨਾਜ ਮੰਗਵਾਉਣ ਵਾਲਾ ਮੁਲਕ ਅੱਜ ਵਿਦੇਸਾਂ ਨੂੰ ਅਨਾਜ ਭੇਜਣ ਲੱਗ ਪਿਆ ਪਰ ਮੁਲਕ ਦਾ ਅੰਨਦਾਤਾ ਅੱਜ ਵੀ ਆਪਣਾ ਢਿੱਡ ਭਰਨ ਤੋਂ ਅਸਮਰਥ ਹੈ।ਇਹ ਖੁਦਕੁਸ਼ੀਆਂ ਸਵਾਲ ਹਨ ਹਰੇ ਇਨਕਲਾਬ ਦੇ ਲਾਰਿਆਂ ਤੇ ਜਿਨ੍ਹਾਂ ਮੁਲਕ ਦੀ ਕਿਸਾਨੀ ਨੂੰ ਗਰੀਬੀ,ਕਰਜਾ ਤੇ ਖੁਦਕੁਸ਼ੀਆਂ ਹੀ ਨਹੀਂ ਦਿੱਤੀਆਂ ਬਲਕਿ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਵੀ ਹਰ ਘਰ ਦੀ ਹੋਣੀ ਬਣਾ ਦਿੱਤਾ ਹੈ।ਇਹ ਨੀਤੀਆਂ ਆਰਥਕਤਾ ਦੇ ਉਸ ਮਾਡਲ ਤੇ ਵੀ ਪ੍ਰਸ਼ਨ ਚਿੰਨ ਹਨ ਜਿਸਨੂੰ ਲਾਗੂ ਕਰਨ ਲਈ ਸਾਡੇ ਮੁਲਕ ਦੇ ਹਾਕਮ ਪਿਛਲੇ ਤੀਹ ਸਾਲਾਂ ਤੋਂ ਲੱਗੇ ਹੋਏ ਹਨ,ਜਿਸ ਮਾਡਲ ਨੂੰ ਲਾਗੂ ਕਰਨ ਲਈ ਮੁਲਕ ਦਾ ਪ੍ਰਧਾਨ ਮੰਤਰੀ ਅੱਜ ਵੀ ਵਿਦੇਸ਼ੀ ਮੁਲਕਾਂ ਤੇ ਬਹੁ-ਕੌਮੀ ਕੰਪਨੀਆਂ ਦੀ ਦੇਹਲੀ ਤੇ ਅੱਡੀਆਂ ਘਸਾਉਂਦਾ ਫਿਰਦਾ ਹੈ।

ਰਾਜ-ਗੱਦੀ ਤੇ ਕਾਬਜ ਹੋਣ ਲਈ ਹਰ ਹਰਬਾ ਵਰਤਣ ਤੇ ਤਹੂ ਰਹਿੰਦੀਆਂ ਸਿਆਸੀ ਪਾਰਟੀਆਂ ਨੇ ਹਮੇਸ਼ਾ ਵਾਂਗ ਸਿਵਾਏ ਸਿਆਸੀ ਰੋਟੀਆਂ ਸੇਕਣ ਤੋਂ, ਇਸ ਮਸਲੇ ਤੇ ਕੁੱਝ ਵੀ ਕਰਨ ਤੋਂ ਗੁਰੇਜ ਕੀਤਾ ਹੈ।ਕਿਸੇ ਫਿਲਮੀ ਅਦਾਕਾਰਾ ਦੇ ਚਿਹਰੇ ਤੇ ਲੱਗੀ ਝਰੀਟ ਜਿਸ ਮੀਡੀਏ ਲਈ ਰਾਸ਼ਟਰੀ ਮਸਲਾ ਬਣ ਜਾਂਦੀ ਹੈ ਉਹਨੇ ਇਸ ਮਸਲੇ ਤੇ ਇੱਕ ਸ਼ਬਦ ਵੀ ਬੋਲਣਾ ਜਰੂਰੀ ਨਹੀਂ ਸਮਝਿਆ।ਇਹ ਇਹਨਾਂ ਦੇ ਲੋਕ ਦੋਖੀ ਕਿਰਦਾਰ ਦੀ ਗਵਾਹੀ ਹੈ।

ਅਮਰੀਕਾ ਤੋਂ ਆਇਆ ਖੇਤੀ ਮਾਹਰ ਖੇਤੀ ਮੇਲੇ 'ਚ ਮੁਫਤ ਬਿਜਲੀ ਪਾਣੀ ਦੀਆਂ ਸਹੂਲਤਾਂ ਤੇ ਸਬਸਿਡੀਆਂ ਨੂੰ ਹਾਸੋ-ਹੀਣਾ ਕਰਾਰ ਦਿੰਦਾ ਹੈ ਤੇ ਇਹਨਾਂ ਨੂੰ ਬੰਦ ਕਰਨ ਅਤੇ ਖੁਦਕੁਸ਼ੀਆਂ ਰੋਕਣ ਲਈ ਕਿਸਾਨਾ ਦੀ ਮਾਨਸਿਕ ਹਾਲਤ ਠੀਕ ਕਰਨ ਲਈ ਮਨੋ-ਵਿਗਿਆਨਕਾਂ ਦੀ ਸ਼ਿਫਾਰਸ਼ ਕਰ ਕੇ ਜਾਂਦਾ ਹੈ।ਉਸ ਦੇ ਬੋਲਾਂ 'ਚੋਂ ਆਉਣ ਵਾਲੇ ਸਮੇਂ 'ਚ ਮਿਹਨਤਕਸ਼ ਲੋਕਾਂ ਦੇ ਮਸਲਿਆਂ ਪ੍ਰਤੀ ਹਾਕਮਾਂ ਦੇ ਅਗਲੇ ਕਦਮਾਂ ਕਨਸੋਅ ਮਿਲਦੀ ਹੈ।

ਸ਼ਰਕਾਰ ਨੇ ਕਿਸਾਨਾਂ ਦੀ ਮੰਗ ਨੂੰ ਕੋਈ ਹੁੰਗਾਰਾ ਨਹੀਂ ਭਰਿਆ,ਲੋਕਾਂ ਦੇ ਸਬਰ ਤੇ ਸਿਦਕ ਦੀ ਅਜੇ ਹੋਰ ਪਰਖ ਹੋਣੀ ਹੈ, ਪਰ ਇਸਦੇ ਸਭ ਦੇ ਬਾਵਜੂਦ ਬਠਿੰਡੇ ਦੇ ਕਿਸਾਨ ਮੋਰਚੇ ਦੀ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ।ਸਭ ਤੋਂ ਮਹਤੱਵਪੂਰਨ ਇਹ ਹੈ ਕਿ ਇਸ ਕਿਸਾਨੀ ਅਤੇ ਖੇਤੀ ਸੰਕਟ ਦੀ ਗੰਭੀਰਤਾ ਅਤੇ ਤਿੱਖ ਨੂੰ ਉਭਾਰ ਦਿੱਤਾ ਹੈ।ਕਿਸਾਨੀ ਕਰਜਿਆਂ ਤੇ ਖੁਦਕੁਸ਼ੀਆਂ ਨੂੰ ਕਿਸਾਨੀ ਦੇ ਬੇਲੋੜੇ ਖਰਚਿਆਂ ਤੇ ਅਗਿਆਨਤਾ ਦਾ ਸਿੱਟਾ ਗਰਦਾਨਣ ਵਾਲਾ ਕੁਫਰਮਈ ਪ੍ਰਚਾਰ ਹੁਣ ਗਾਇਬ ਹੋ ਗਿਆ ਹੈ।ਲੰਗਰ ਲਈ ਰਾਸ਼ਨ ਲੈਣ ਗਏ ਕਿਸਾਨਾ ਤੋਂ ਦੁਕਾਨਦਾਰ ਸਮਾਨ ਦੇ ਪੈਸੇ ਲੈਣ ਤੋਂ ਇਨਕਾਰ ਕਰ ਦਿੰਦਾ ਹੈ।ਮੰਦਰ 'ਚ ਲੰਗਰ ਦੇਣ ਜਾ ਰਿਹਾ ਪਰਿਵਾਰ ਕਿਸਾਨ ਮੋਰਚਾ ਦੇਖ ਕੇ ਲੰਗਰ ਕਿਸਾਨਾਂ ਨੂੰ ਛਕਾ ਦਿੰਦਾ ਹੈ।ਇਹ ਕਿਸਾਨ ਸੰਘਰਸ਼ ਨਾਲ ਰਸਮੀ ਹਮਦਰਦੀ ਨਹੀਂ ਹੈ ਇਹ ਕਿਸਾਨੀ ਦੀ ਖ਼ੁਸ਼ਹਾਲੀ ਨਾਲ ਹੋਰਨਾਂ ਹਿੱਸਿਆਂ ਦੀ ਜੁੜਦੀ ਹੋਣੀ ਦੀ ਮੁਹਤੱਤਾ ਦਾ ਅਹਿਸਾਸ ਦਾ ਝਲਕਾਰਾ ਹੈ।ਹਕੂਮਤੀ ਨੀਤੀਆਂ ਪ੍ਰਤੀ ਲੋਕਾਂ 'ਚ ਤਿੱਖੇ ਹੋ ਰਹੇ ਰੋਸ ਦਾ ਪ੍ਰਗਟਾਵਾ ਹੈ।ਕਿਸਾਨ ਧਰਨੇ 'ਚ ਸਿਆਸੀ ਰੋਟੀਆਂ ਸੇਕਣ ਆਏ ਸਿਆਸੀ ਲੀਡਰਾਂ ਨੂੰ ਕਿਸਾਨਾ ਨੇ ਫਿਟਕਾਰ ਦਿੱਤਾ ਹੈ।ਖੇਤੀ ਮੇਲੇ 'ਚ ਕੁਫਰ ਤੋਲਦਾ ਅਕਾਲੀ ਮੰਤਰੀ ਲੋਕਾਂ ਦੇ ਇਕੱਠ 'ਚੋਂ ਲਾਜਵਾਬ ਹੋਕੇ ਭੱਜਿਆ ਹੈ।70 ਸਾਲਾ ਬਜੁਰਗ ਬਾਪੂ ਦੇ ਬੋਲਾਂ "ਸਪਰੇਅ ਨੀ ਕਰਨੀ ਆਈ ਸਾਨੂੰ,ਉਏ ਤੁਸੀਂ ਸਪਰੇਅ ਕਰਨੀ ਸਿਖਾਰਗੇ ਸਾਨੂੰ,ਕਾਲਜੇ ਮੱਚੇ ਪਏ ਆ ਉਏ ਸਾਡੇ" 'ਚੋਂ ਕਿਸਾਨੀ ਦਾ ਦਰਦ ਹੀ ਨਹੀਂ ਰੋਹ ਵੀ ਝਲਕਦਾ ਹੈ।

ਕਿਸਾਨ ਧਰਨੇ 'ਚ ਗੂੰਜਦੇ ਨਾਅਰਿਆਂ 'ਚੋਂ ਇੱਕ ਨਾਅਰਾ ਹੈ ਕਿ 'ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ'। ਕਿਸਾਨੀ ਦੇ ਇਸ ਨਾਅਰੇ 'ਚੋਂ ਲੋਕਾਂ ਦੇ ਆਪਣੀ ਹੋਣੀ ਆਪ ਘੜਣ ਦੇ ਰਾਹ ਤੇ ਅੱਗੇ ਕਦਮ ਵਧਾਉਣ ਦੇ ਸੰਕੇਤ ਮਿਲਦੇ ਹਨ।

ਕਿਸਾਨ ਧਰਨੇ 'ਚ ਖੁਦਕੁਸ਼ੀ ਕਰ ਗਏ ਕੁਲਦੀਪ ਸਿੰਘ ਦਾ ਅਜੇ ਸਿਵਾ ਨਹੀਂ ਬਲਿਆ। ਉਹਦਾ ਪਰਿਵਾਰ ਕਰਜੇ ਦੀ ਮਨਸੂਖੀ ਤੇ ਮੁਆਵਜੇ ਦੀ ਮੰਗ ਕਰ ਰਿਹਾ ਹੈ, ਸਰਕਾਰ ਨੇ ਉਹਦੇ ਪਰਿਵਾਰ ਨੂੰ 17 ਰੁਪਏ ਦਾ ਚੈੱਕ ਭੇਜਿਆ ਹੈ। ਮੇਰੇ ਕੋਲ ਇਹਦੇ ਬਾਰੇ

(ਬਾਕੀ ਸਫ਼ਾ 20 'ਤੇ)

# ਭਾਰਤੀ ਨਕਸਲੀ ਲਹਿਰ ਅਤੇ ਆਦਿਵਾਸੀ ਜੀਵਨ, ਕੁਝ ਹਕੀਕਤਾਂ

**ਪਰਮਜੀਤ ਰੋਡੇ, ਯੂ.ਐਸ.ਏ.**

ਅੱਜ ਕੱਲ੍ਹ ਮਾਓਵਾਦੀਆਂ ਨਕਸਲੀਆਂ ਦੇ ਪ੍ਰਭਾਵ ਵਾਲੇ ਝਾਰਖੰਡ ਦੇ ਤਿਸਕੋਪੀ ਇਲਾਕੇ 'ਚ 'ਹਰੀਜਨ ਆਦੀਵਾਸੀ ਹਾਈ ਸਕੂਲ', ਲੋਕਾਂ ਅਤੇ ਸਕਿਓਰਿਟੀ ਬਲਾਂ 'ਚ ਤਣਾਅ ਅਤੇ ਸੰਘਰਸ਼ ਦਾ ਅਖਾੜਾ ਬਣਿਆ ਹੋਇਆ ਹੈ। ਸੰਕਟ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਸਕੂਲ ਟੀਚਰਾਂ ਦੇ ਵਿਰੋਧ ਦੇ ਬਾਵਜੂਦ 27 ਜੁਲਾਈ ਨੂੰ ਸੀ. ਆਰ. ਪੀ. ਅਤੇ ਪੁਲਿਸ ਨੇ ਅਚਾਨਕ ਸਕੂਲ 'ਤੇ ਕਬਜ਼ਾ ਕਰਕੇ ਇਸ ਨੂੰ ਪੁਲਿਸ ਚੌਕੀ 'ਚ ਤਬਦੀਲ ਕਰ ਲਿਆ। ਟੀਚਰਾਂ ਦੇ ਪੁੱਛਣ 'ਤੇ ਜਵਾਬ ਮਿਲਿਆ ਕਿ 'ਮਾਓਵਾਦੀਆਂ ਨੂੰ ਦਬੋਚਨ ਅਤੇ ਖਤਮ ਕਰਨ' ਲਈ ਇੰਝ ਕਰਨਾ ਬੇਹੱਦ ਜ਼ਰੂਰੀ ਹੈ। ਫਿਰ ਕੀ ਸੀ? ਹੈਡ ਮਾਸਟਰ ਨੇ ਅਣਮਿਥੇ ਸਮੇਂ ਲਏ ਵਿਦਿਆਰਥੀਆਂ ਨੂੰ ਘਰੋ-ਘਰ ਭੇਜ ਦਿੱਤਾ।

ਇਕ ਵਾਰ ਤਾਂ ਸਕੂਲ ਬੰਦ ਹੋ ਗਿਆ ਪਰ ਲੋਕ ਟੀਚਰ ਅਤੇ ਵਿਦਿਆਰਥੀਆਂ ਨੂੰ ਮੁੜ ਖੁਲਵਾਉਣ ਲਈ ਬਜ਼ਿੱਦ ਹਨ। ਉਨ੍ਹਾਂ ਨੇ ਸਾਂਝੇ ਤੌਰ 'ਤੇ ਗਵਰਨਰ ਤਰਾਉਪਤੀ ਮਰਮੂ, ਚੀਫ਼ ਮਨਿਸਟਰ ਰਘੂਬਰ ਦਾਸ ਅਤੇ ਪੁਲਿਸ ਅਧਿਕਾਰੀਆਂ ਨੂੰ ਲਿਖਤੀ ਅਪੀਲਾਂ ਕੀਤੀਆਂ ਕਿ ਸਕੂਲ 'ਚੋਂ ਹਥਿਆਰਬੰਦ ਸੁਰੱਖਿਆ ਬਲਾਂ ਨੂੰ ਡੰਡਾ ਤੇਰਾ ਚੁਕਾਇਆ ਜਾਵੇ ਤਾਂ ਕਿ ਵਿਦਿਆਰਥੀ ਦੁਬਾਰਾ ਪੜ੍ਹਾਈ ਸ਼ੁਰੂ ਕਰ ਸਕਣ ਪਰ ਕਿਸੇ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਤੀਹ ਪਿੰਡਾਂ ਦੇ ਘੇਰੇ 'ਚ ਪੈਂਦਾ ਇਹ ਇਕੋ ਇਕ ਪ੍ਰਾਈਵੇਟ ਹਾਈ ਸਕੂਲ ਹੈ, ਜਿਥੇ 30 ਪਿੰਡਾਂ ਦੇ ਮੁੰਡੇ ਕੁੜੀਆਂ ਪੜ੍ਹਦੇ ਹਨ। 700 ਵਿਦਿਆਰਥੀਆਂ ਅਤੇ 15 ਟੀਚਰਾਂ ਵਾਲਾ ਇਹ ਉਹ ਸਕੂਲ ਹੈ ਜਿਸ ਦੀ ਬਿਲਡਿੰਗ ਲੋਕਾਂ ਨੇ ਆਲੇ ਦੁਆਲੇ ਦੇ ਪਿੰਡਾਂ 'ਚੋਂ ਫੰਡ ਇਕੱਠਾ ਕਰਕੇ ਖੁਦ ਬਣਵਾਈ ਸੀ। ਛੇ ਸਾਲ ਪਹਿਲਾਂ 2009 'ਚ ਵੀ ਪੁਲਿਸ ਨੇ ਇਸੇ ਸਕੂਲ 'ਤੇ ਇਸੇ ਤਰ੍ਹਾਂ ਕਬਜ਼ਾ ਕਰ ਲਿਆ ਸੀ। ਜਦੋਂ ਪੁਲਿਸ ਨੇ ਕਬਜ਼ਾ ਛੱਡਿਆ ਤਾਂ ਮਾਓਵਾਦੀਆਂ ਨੇ 7 ਵੱਡੇ ਧਮਾਕੇ ਕਰਕੇ ਬਿਲਡਿੰਗ ਈ ਉਡਾ ਦਿੱਤੀ ਸੀ ਤਾਂ ਕਿ ਪੁਲਿਸ ਇਸ ਦੀ ਦੁਬਾਰਾ ਵਰਤੋਂ ਨਾ ਕਰ ਸਕੇ। ਲੋਕਾਂ ਨੇ ਜਿਵੇਂ ਕਿਵੇਂ ਦੁਬਾਰਾ ਫੰਡ ਇਕੱਠਾ ਕਰਕੇ ਇਹ ਬਿਲਡਿੰਗ ਦੁਬਾਰਾ ਖੜ੍ਹੀ ਕਰ ਲਈ ਪਰ ਸਕੂਲ ਦੀ ਮੁੜ ਉਸਾਰੀ ਲਈ ਸਰਕਾਰ ਨੇ ਇਕ ਪਾਈ ਵੀ ਨਹੀਂ ਸੀ ਦਿੱਤੀ। ਆਦੀ ਵਾਸੀ ਲੋਕ ਕਉਂਕਿ ਆਪਣੇ ਬੱਚਿਆਂ ਦਾ ਭਵਿੱਖ ਇਸ ਸਕੂਲ ਰਾਹੀਂ ਹੀ ਚਿਤਵਦੇ ਹਨ ਇਸ ਲਈ ਸਕੂਲ ਉਨ੍ਹਾਂ ਨੂੰ ਜਾਨ ਤੋਂ ਵੀ ਵੱਧ ਪਿਆਰਾ ਹੈ।

ਹੈਡ ਮਾਸਟਰ ਸੰਜੇ ਕੁਮਾਰ ਮਾਹਤੋਂ ਨੇ ਦੱਸਿਆ ਕਿ ਉਹ ਬਹੁਤ ਔਖੀਆਂ ਘੜੀਆਂ 'ਚੋਂ ਲੰਘ ਰਹੇ ਹਨ। ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹੈ ਉਧਰੋਂ ਮਾਓਵਾਦੀਆਂ ਵਲੋਂ ਧਮਕੀਆਂ ਵੀ ਆ ਰਹੀਆਂ ਹਨ ਕਿ ਜਾਂ ਤਾਂ ਇਨ੍ਹਾਂ ਖਾਕੀ ਵਰਦੀ ਵਾਲਿਆਂ ਨੂੰ ਸਕੂਲ ਤੋਂ ਬਾਹਰ ਕੱਢੋ, ਨਹੀਂ ਫਿਰ ਸਿੱਟੇ ਭੁਗਤਨ ਲਈ ਤਿਆਰ ਰਹੋ। ਲੋਕਾਂ ਦੀ ਬੇਚੈਨੀ ਅਤੇ ਗੁੱਸੇ 'ਚ ਹੋਰ ਵਾਧਾ ਉਦੋਂ ਹੋਇਆ ਜਦੋਂ ਡੀ. ਆਈ. ਜੀ. ਸੰਭੂ ਠਾਕਰ ਨੇ ਬੇਵਕੂਫ਼ੀ ਭਰਿਆ ਬਿਆਨ ਦਾਗ ਦਿੱਤਾ ਕਿ ਉਹ 'ਸ਼ਾਂਤੀ ਸਥਾਪਤ ਕਰਨ ਆਏ ਹਨ ਛੇਤੀ ਹੀ ਮਾਓਵਾਦੀਆਂ ਨੂੰ ਖਤਮ ਕਰ ਦੇਣਗੇ ਜੇ ਮਾਓਵਾਦੀ ਹੀ ਨਾ ਰਹੇ ਤਾਂ ਖਤਰਾ ਕਿਸ ਤੋਂ? ਪਰ ਜ਼ਮੀਨੀ ਹਕੀਕਤਾਂ ਕੀ ਹਨ? ਡੀ ਆਈ ਜੀ ਦੇ ਬਿਆਨ 'ਚ ਕਿੰਨਾ ਕੁ ਦਮ ਹੈ? ਇਸ ਨੂੰ ਸਥਾਨਕ ਲੋਕਾਂ ਤੋਂ ਵੱਧ ਹੋਰ ਕੌਣ ਜਾਣ ਸਕਦੈ? ਵੈਸੇ ਵੀ ਵਿਦਿਆਰਥੀਆਂ ਲਈ ਤਾਂ ਪਹਿਲਾਂ ਵੀ ਸ਼ਾਂਤੀ ਹੀ ਸੀ, ਉਹ ਤਾਂ ਪਿਛਲੇ ਛੇ ਸਾਲ ਤੋਂ ਨਿਰਵਿਘਨ ਪੜ੍ਹਾਈ ਕਰ ਰਹੇ ਸਨ, ਜੇ ਹੁਣ ਵਿਘਨ ਪਾਇਆ ਹੈ ਤਾਂ ਸਿਰਫ਼ ਪੁਲਿਸ ਨੇ।

ਅਸਲ 'ਚ ਅਜੋਕੀ ਮਾਓਵਾਦੀ (ਨਕਸਲੀ) ਲਹਿਰ ਨੇ ਦੇਸ਼ ਦੇ 10 ਸੂਬਿਆਂ (ਆਂਧਰਾ ਪ੍ਰਦੇਸ਼ ਤਿਲੰਗਾਨਾ, ਬਿਹਾਰ, ਸਤੀਸ਼ਗੜ੍ਹ, ਝਾਰਖੰਡ ਮੱਧ ਪ੍ਰਦੇਸ਼, ਉੜੀਸਾ, ਯੂ. ਪੀ., ਬੰਗਾਲ ਅਤੇ ਮਹਾਂਰਾਸ਼ਟਰ) 'ਚ ਪੈਰ ਪਸਾਰ ਲਏ ਹਨ। ਇਨ੍ਹਾਂ ਸੂਬਿਆਂ ਦੇ ਇਕ ਦੂਸਰੇ ਨਾਲ ਲਗਦੇ ਬਾਰਡਰ ਏਰੀਏ ਤਾਂ ਪੂਰੀ ਤਰ੍ਹਾਂ ਲਹਿਰ ਦੇ ਕਲਾਵੇ 'ਚ ਆ ਚੁੱਕੇ ਹਨ। ਨਕਸਲੀਆਂ ਨੂੰ ਖ਼ਤਮ ਕਰਨ ਲਈ ਕਾਂਗਰਸ ਸਰਕਾਰ ਨੇ ਕਈ ਜੰਗੀ ਮੁਹਿੰਮਾਂ ਚਲਾਈਆਂ ਸਨ ਪਰ ਗੱਲ ਨਹੀਂ ਸੀ ਬਣੀ। ਹੁਣ ਮੋਦੀ ਸਰਕਾਰ ਇਹ ਲਹਿਰ ਨੂੰ ਖਤਮ ਕਰਨ ਦੇ ਵੱਡੇ ਦਾਅਵੇ ਕਰ ਰਹੀ ਹੈ। ਇਹ ਆਪਣੇ ਇਸ ਮਕਸਦ 'ਚ ਕਿਸ ਹੱਕ ਤੱਕ ਸਫ਼ਲ ਹੁੰਦੀ ਹੈ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਹ ਸਪਸ਼ਟ ਹੈ ਕਿ ਸਰਕਾਰ ਨੇ ਮਾਓਵਾਦੀਆਂ ਖਿਲਾਫ਼ ਜਿਸ ਪੱਧਰ 'ਤੇ ਹਥਿਆਰਬੰਦ ਤਾਕਤਾਂ ਝੋਕੀਆਂ ਹਨ ਅਤੇ ਜਿੱਡੀ ਵੱਡੀ ਘੇਰਾਬੰਦੀ ਕੀਤੀ ਹੈ ਇਹ 1848 ਦੀ ਹਥਿਆਰਬੰਦ ਤਿਲੰਗਾਨਾ ਲਹਿਰ ਤੋਂ ਬਾਅਦ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰ ਹੋ ਰਿਹਾ ਹੈ। ਤਾਹੀਓਂ ਤਾਂ ਅਖ਼ਬਾਰ ਦੀ ਇਕਨਾਮਿਕ ਟਾਈਮਜ਼ ਨੇ ਇਸ ਨੂੰ 'ਇੰਡੀਆ ਦਾ ਮੋਸਟ ਮਿਲਟਰਾਈਜਡ ਜ਼ੋਨ' ਕਿਹਾ ਹੈ।

ਜਦੋਂ ਤੋਂ ਨਕਸਲੀ ਲਹਿਰ ਨੇ ਇਸ ਜੰਗਲੀ ਪਹਾੜੀ ਇਲਾਕੇ 'ਚ ਪੈਰ ਜਮਾਏ ਹਨ ਉਥੇ ਬਹੁਤ ਕੁਝ ਵਾਪਰ ਚੁੱਕਾ ਹੈ। ਆਦੀਵਾਸੀ ਲੋਕਾਂ ਦੀ ਸੋਚ ਅਤੇ ਜੀਵਨ ਢੰਗ ਬਹੁਤ ਬਦਲ ਚੁੱਕਾ ਹੈ। ਭਾਰਤੀ ਸਮਾਜ ਦੇ ਸਭ ਤੋਂ ਪਛੜੇ ਹੋਏ ਹਿੱਸੇ ਦੇ ਗਰਭ 'ਚ ਇਕ ਨਵਾਂ ਅਤੇ ਬਿਲਕੁਲ ਹੀ ਵੱਖਰਾ ਸਮਾਜ ਪਲ ਰਿਹਾ ਹੈ। ਸੱਚ ਇਹ ਹੈ ਕਿ ਮਾਓਵਾਦੀਆਂ ਨੇ ਆਦੀਵਾਸੀ ਲੋਕਾਂ ਦੇ ਮਨਾਂ 'ਚ ਇਸ ਨਵੇਂ ਸਮਾਜ ਦਾ ਅਜਿਹਾ ਭਵਿੱਖ ਨਕਸ਼ਾ ਚਿਤਵ ਦਿੱਤਾ ਹੈ, ਜਿਸ ਨੂੰ ਉਹ ਨਵ ਜਮਹੂਰੀ ਸਮਾਜ ਦਾ ਨਾਮ ਦਿੰਦੇ ਹਨ। ਮਾਓਵਾਦੀਆਂ ਨੇ ਆਪਣੇ ਪ੍ਰਭਾਵ ਵਾਲੇ ਖੇਤਰਾਂ 'ਚ ਠੇਕੇਦਾਰਾਂ ਸਰਕਾਰੀ ਅਧਿਕਾਰੀਆਂ ਅਤੇ ਪੁਲਿਸ ਦੇ ਨਾਪਾਕਿ ਗਠਜੋੜ ਦੀ ਤਾਕਤ ਨੂੰ ਚਕਨਾਚੂਰ ਕਰਦਿਆਂ ਲੋਕ ਸ਼ਕਤੀ ਦੇ ਨਵੇਂ ਕੇਂਦਰ ਉਭਾਰੇ ਹਨ। ਉਨ੍ਹਾਂ ਨੇ ਸਿਆਸੀ-ਆਰਥਿਕ-ਸਮਾਜਿਕ ਖੇਤਰ 'ਚ ਲੋਕ ਜਮਹੂਰੀਅਤ ਦੇ ਸੰਕਲਪ ਨੂੰ ਅਮਲੀ ਰੂਪ ਦਿੱਤਾ ਹੈ। ਉਨ੍ਹਾਂ ਨੇ ਭਾਰਤੀ ਸਰਕਾਰ ਦੇ ਸਮਾਨਅੰਤਰ ਆਪਣੀ ਸਰਕਾਰ ਸਥਾਪਤ ਕੀਤੀ ਹੈ ਜਿਸ ਨੂੰ ਉਹ ਜਨਤਕ ਸਰਕਾਰ ਕਹਿੰਦੇ ਹਨ ਜਿਸ ਦੇ ਨੁਮਾਇੰਦੇ, ਲੋਕ ਸਿੱਧੇ ਰੂਪ 'ਚ ਚੁਣਦੇ ਹਨ ਅਤੇ ਜਦੋਂ ਚਾਹੁਣ ਉਨ੍ਹਾਂ ਨੂੰ ਵਾਪਸ ਬੁਲਾਕੇ ਨਵੇਂ ਚੁਣ ਸਕਦੇ ਹਨ। ਉਨ੍ਹਾਂ ਨੇ ਜਨ ਅਦਾਲਤਾਂ ਦੀ ਨਵੀਂ ਪਿਰਤ ਪਾਈ ਹੈ ਜਿਨ੍ਹਾਂ 'ਚ ਫੈਸਲੇ ਲੈਣ ਦੇ ਮਾਮਲੇ 'ਚ ਲੋਕਾਂ ਦੀ ਸਿੱਧੀ ਸ਼ਮੂਲੀਅਤ ਕਰਾਈ ਹੈ। ਕਿਸੇ ਵੀ ਵਿਅਕਤੀ 'ਤੇ ਲੱਗੇ ਦੋਸ਼ਾਂ ਦੇ ਪੱਧਰ ਅਨੁਸਾਰ ਵੱਖ-ਵੱਖ ਪੱਧਰ ਦੀਆਂ ਲੋਕ ਅਦਾਲਤਾਂ ਫੈਸਲੇ ਲੈਂਦੀਆਂ ਤੇ ਲਾਗੂ ਕਰਦੀਆਂ ਹਨ। ਗਦਾਰਾਂ ਅਤੇ ਪੁਲਿਸ ਮੁਖਬਰਾਂ ਜਿਨ੍ਹਾਂ ਦੇ ਉਹ ਘਰ ਅਪਰਾਧ ਮਿੱਥਦੇ ਹਨ ਮੌਤ ਤੱਕ ਦੀਆਂ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਨਿਊਜ਼ ਏਜੰਸੀ ਪੀ.ਟੀ.ਆਈ. ਮੁਤਾਬਕ ਇਸ ਸਾਲ ਜੁਲਾਈ ਤੱਕ 7 ਮਹੀਨਿਆਂ 'ਚ 13 ਅਦਾਲਤਾਂ ਲੱਗੀਆਂ ਜਿਨ੍ਹਾਂ 'ਚ 25 ਵਿਅਕਤੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ, ਜਿਨ੍ਹਾਂ 'ਚੋਂ ਬਹੁਤਿਆਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਉਹ ਵੀ ਭਰੇ ਇਕੱਠ ਦੇ ਸਾਹਮਣੇ। ਇਨ੍ਹਾਂ ਅਦਾਲਤਾਂ ਨੂੰ ਉਹ ਕੰਗਰੂ ਅਦਾਲਤਾਂ ਵੀ ਕਹਿੰਦੇ ਹਨ।

ਮਾਓਵਾਦੀ 'ਜਨਤਕ ਸਰਕਾਰ' ਨੇ ਭੂਮੀ ਸੁਧਾਰ ਵੀ ਕੀਤੇ ਹਨ। ਇਨ੍ਹਾਂ ਇਲਾਕਿਆਂ 'ਚ ਪਈ ਸਰਕਾਰੀ ਅਤੇ ਬੇਅਬਾਦ ਜ਼ਮੀਨ ਦੇ ਛੋਟੇ-ਵੱਡੇ ਟੁਕੜਿਆਂ ਨੂੰ ਆਬਾਦ ਕਰਕੇ ਉਨ੍ਹਾਂ ਨੇ ਆਪਸ 'ਚ ਵੰਡ ਲਿਆ ਹੈ ਜਿਥੇ ਉਹ ਮਿਲ ਜੁਲਕੇ ਖੇਤੀ ਕਰਦੇ ਹਨ। ਮੀਹਾਂ ਅਤੇ ਝਰਨਿਆਂ ਦੇ ਆਵਾਰਾ ਪਾਣੀ ਨੂੰ ਕੰਟਰੋਲ ਹੇਠ ਲਿਆ ਕੇ ਸਿੰਚਾਈ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਦਾਲ ਅਤੇ ਚੌਲਾਂ ਦੀ ਮੁੱਠ ਤੇ ਗੁਜ਼ਾਰਾ ਕਰਨ ਵਾਲੇ ਆਦੀਵਾਸੀਆਂ ਨੇ ਨਵੀਆਂ ਫਸਲਾਂ ਅਤੇ ਸਬਜ਼ੀਆਂ ਉਗਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਨਕਸਲੀ ਲਹਿਰ ਦੇ ਪ੍ਰਭਾਵ ਵਾਲੇ ਇਲਾਕਿਆਂ 'ਚ ਮਰਦ-ਔਰਤਾਂ ਦੇ ਆਪਸੀ ਰਿਸ਼ਤੇ 'ਚ ਵੱਡੀ ਤਬਦੀਲੀ ਆਈ ਹੈ, ਉਥੇ ਔਰਤ ਕਿਸੇ ਵੀ ਸਮੇਂ ਨਾਲੋਂ ਵੱਧ ਆਜ਼ਾਦ ਹੈ। ਆਦੀਵਾਸੀਆਂ ਦੀ ਸਾਦੀ ਜਿਹੀ ਜ਼ਿੰਦਗੀ ਦੇ ਵੱਖ ਖੇਤਰਾਂ 'ਚ ਔਰਤ ਮਰਦ ਦੇ ਬਰਾਬਰ ਆਣ ਖੜ੍ਹੀ ਹੋਈ ਹੈ। ਨਕਸਲੀਆਂ ਦੀ ਗੁਰੀਲਾ ਫੌਜ ਦੀਆਂ 27 ਡਵੀਜ਼ਨਾਂ 'ਚੋਂ 20 ਡਵੀਜ਼ਨਾਂ ਦੀਆਂ ਕਮਾਂਡਰ ਔਰਤਾਂ ਹਨ। ਲੜਾਕੂ ਕੇਡਰ 'ਚ ਔਰਤਾਂ ਦਾ ਅਨੁਪਾਤ 45% ਤੋਂ ਵੱਧ ਕੇ 60% ਹੋ ਗਿਆ ਹੈ। ਮਾਓਵਾਦੀ ਪਾਰਟੀ ਦੀ ਚੇਤਨ ਕੋਸ਼ਿਸ਼ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੇ ਇਹ ਕ੍ਰਿਸਮਾਂ ਬਹੁਤ ਹੀ ਥੋੜ੍ਹੇ ਸਮੇਂ 'ਚ ਕਰ ਦਿਖਾਇਆ ਹੈ।

ਮਾਓਵਾਦੀ ਇਲਾਕਿਆਂ 'ਚ ਜਾਤਪਾਤੀ ਨਫ਼ਰਤ ਦੀ ਬੁਰਾਈ ਬਹੁਤ ਪਿਛੇ ਰਹਿ ਗਈ ਹੈ। ਸੁਰੱਖਿਆ ਬਲਾਂ ਅਤੇ ਸਰਕਾਰ ਵਿੱਚ ਲੜੀ ਜਾ ਰਹੀ ਇਸ ਲੜਾਈ 'ਚ ਜਾਤਪਾਤੀ ਅਤੇ ਕਬੀਲਿਆਂ ਦੀ ਆਪਸੀ ਸਾਂਝ ਵਾਲਾ ਪਹਿਲੂ ਮਜਬੂਤ ਹੋਇਆ ਹੈ। ਨੌਜਵਾਨਾਂ 'ਚ ਅੰਤਰ ਜਾਤੀ ਵਿਆਹਾਂ ਦੇ ਰੁਝਾਨ ਨੇ ਜ਼ੋਰ ਫੜਿਆ ਹੈ। ਉਚ ਨੀਚ ਦੀਆਂ ਸਮਾਜਿਕ ਕੰਧਾਂ ਢਹਿ ਢੇਰੀ ਹੋ ਰਹੀਆਂ ਹਨ। ਬੇਸ਼ੱਕ ਇਹ ਸ਼ੁਰੂਆਤੀ ਦੌਰ ਹੈ, ਪਰ ਇਹ ਲਹਿਰ ਦੀ ਬਾਹਰ ਮੁਖੀ ਅਤੇ ਅਣਸਰਦੀ ਲੋੜ ਬਣ ਗਈ ਹੈ। ਸੋ ਉਪਰੋਕਤ ਸਿਆਸੀ-ਆਰਥਿਕ-ਸਮਾਜਿਕ ਤਬਦੀਲੀਆਂ ਦੀ ਬਦੌਲਤ ਲੋਕਾਂ ਦੀ ਬਦਲੀ ਸੋਚ ਅਤੇ ਜੀਵਨ ਢੰਗ ਇਕ ਅਜਿਹਾ ਵਰਤਾਰਾ ਹੈ ਜਿਸ ਨੂੰ ਅਗਾਂਹ ਵਧਣ ਦੀ ਚੇਟਕ ਲੱਗ ਚੁੱਕੀ ਹੈ। ਅਣਖ ਨਾਲ ਜਿਉਣ ਦਾ ਗਰੂਰ ਅਤੇ ਬਿਹਤਰ ਜ਼ਿੰਦਗੀ ਲਈ ਲੜਨ ਦਾ ਸਰੂਰ ਦੋ ਅਜਿਹੇ ਪਹਿਲੂ ਹਨ ਜਿਨ੍ਹਾਂ ਸਦਕਾ ਉਨ੍ਹਾਂ ਦਾ ਮਨੋਬਲ ਬਹੁਤ ਉਚਾ ਹੈ। ਸਥਿਤੀ ਦਾ ਇਕ ਹੋਰ ਮਹੱਤਵਪੂਰਨ ਪਹਿਲੂ ਹੈ ਕਿ ਮਾਓਵਾਦੀ ਗੁਰੀਲਾ ਫੌਜ ਅਤੇ ਮਲੀਸੀਆ ਦੇ ਮੈਂਬਰ ਸਥਾਨਕ ਹਨ। ਸਥਾਨਕ ਹੋਣ ਕਰਕੇ ਉਹ ਜੰਗਲਾਂ ਅਤੇ ਪਹਾੜਾਂ ਦੇ ਚੱਪੇ ਚੱਪੇ ਤੋਂ ਜਾਣੂ ਹਨ ਉਤੋਂ ਵਾਧੇ ਦੀ ਗੱਲ ਇਹ ਕਿ ਸਥਾਨਕ ਲੋਕਾਂ ਦੀ ਬਹੁਗਿਣਤੀ ਦੀ ਹਮਦਰਦੀ ਵੀ ਹਾਸਿਲ ਹੈ। ਇਹੀ ਕਾਰਨ ਹੈ ਕਿ ਕਾਰਵਾਈ ਨੂੰ ਅੰਜਾਮ ਦੇਣ ਤੋਂ ਬਾਅਦ ਮਾਓਵਾਦੀ ਗੁਰੀਲੇ ਮੌਜ ਨਾਲ ਹੀ ਛੁੱਪ ਜਾਂਦੇ ਹਨ। ਜੇ ਠੀਕ ਕਹਿਣਾ ਹੋਵੇ ਤਾਂ ਇਸ ਪੱਖੋਂ ਸੁਰੱਖਿਆ ਦਲ ਬਹੁਤ ਹੀ ਘਾਟੇਵੰਦੇ ਹਾਲਤ 'ਚ ਹਨ। ਸਰਕਾਰੀ ਸੁਰੱਖਿਆ ਬਲਾਂ ਦੀ ਸਥਿਤੀ ਸਰਕਾਰ ਲਈ ਚਿੰਤਾ ਦਾ ਕਾਰਣ ਹੈ। ਹਰ ਸਮੇਂ ਦਾ ਮਾਨਸਿਕ ਤਣਾਓ ਅਤੇ ਅਸੁਰੱਖਿਅਤ ਹਾਲਤਾਂ ਕਈ ਮਾਨਸਿਕ ਰੋਗਾਂ ਦਾ ਕਾਰਨ ਬਣ ਰਿਹਾ ਹੈ। ਖੁਦਕਸ਼ੀਆਂ ਦੀ ਦਰ ਉਚੀ ਹੈ। ਪਿਛਲੇ ਚਾਰ - ਪੰਜ ਸਾਲਾਂ 'ਚ 650 ਤੋਂ ਵੱਧ ਸਿਪਾਹੀ ਖੁਦਕਸ਼ੀਆਂ, ਦਿਲ ਦੇ ਦੌਰੇ ਕਾਰਨ ਜ਼ਿੰਦਗੀ ਤੋਂ ਹੱਥ ਧੋ ਬੈਠੇ ਹਨ। ਟੀ.ਡੀ. ਟੀਵੀ ਦੇ ਪੱਤਰਕਾਰ ਸਿਧਾਰਥ ਰੰਜਨ ਦਾਸ ਜਦੋਂ ਕਿਸੇ ਤਰ੍ਹਾਂ ਮਾਓਵਾਦੀ ਇਲਾਕਿਆਂ 'ਚ ਦੌਰੇ 'ਤੇ ਗਿਆ ਤਾਂ ਉਸ ਨੂੰ ਸੀ. ਆਰ. ਪੀ. ਦੇ ਸਿਪਾਹੀਆਂ ਨੇ ਦੱਸਿਆ ਕਿ ਇਸ ਦੀ ਬਜਾਏ, ਉਹ ਬਾਰਡਰ 'ਤੇ ਡਿਊਟੀ ਸਮੇਂ ਬਹੁਤ ਖੁਸ਼ ਅਤੇ ਸੌਖੇ ਸਨ।

ਜ਼ਾਹਿਰ ਹੈ ਕਿ ਸਰਕਾਰ ਕੀ ਕੋਸ਼ਿਸ਼ ਹੈ ਕਿ ਨਕਸਲ ਨੂੰ ਜੰਗਲਾਂ ਤੋਂ ਬਾਹਰ ਨਾ ਫੈਲਣ ਦਿੱਤਾ ਜਾਵੇ ਤੇ ਲਹਿਰ ਨੂੰ ਵੱਧ ਤੋਂ ਵੱਧ ਕਮਜ਼ੋਰ ਕਰਦਿਆਂ ਇਥੇ ਹੀ ਜਾਮ ਕਰ ਦਿੱਤਾ ਜਾਵੇ। ਨਕਸਲੀਆਂ ਦੀ ਕੋਸ਼ਿਸ਼ ਹੈ ਕਿ 'ਜਨਤਕ ਸਰਕਾਰ' ਦੇ ਤਜਰਬੇ ਅਤੇ ਪ੍ਰਾਪਤੀਆਂ ਨੂੰ ਦੇਸ਼ ਦੇ ਬਾਕੀ ਹਿੱਸਿਆਂ 'ਚ ਖੂਬ ਪ੍ਰਚਾਰਿਆ ਜਾਵੇ ਪਰ ਸਰਕਾਰ ਦੀ ਕੋਸ਼ਿਸ਼ ਹੈ ਕਿ ਇਸ ਅਖੌਤੀ ਜਨ ਸਰਕਾਰ ਦੀ ਜੇ ਕੋਈ ਗੱਲ ਬਾਹਰ ਜਾਂਦੀ ਵੀ ਹੈ ਤਾਂ ਇਸ ਦਾ ਵਿਗੜਿਆ ਹੋਇਆ ਮੁਹਾਂਦਰਾ ਹੀ ਜਾਵੇ। ਹਾਲਾਤ ਕਿਸ ਕਰਵਟ ਮੋੜਾ ਲੈਂਦੇ ਹਨ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਆਉਣ ਵਾਲੇ ਸਮੇਂ 'ਚ 'ਸਭ ਅੱਛਾ' ਨਹੀਂ ਹੈ। ਭਾਰਤੀ ਸਿਆਸੀ ਆਰਥਿਕ ਪ੍ਰਬੰਧ ਬੁਰਾਈਆਂ ਅਤੇ ਬਦਫੈਲੀਆਂ ਅਤੇ ਕੇਂਦਰੀ ਤੇ ਸੂਬਾ ਸਰਕਾਰਾਂ ਦੇ ਨੇਤਾਵਾਂ ਦੇ ਭ੍ਰਿਸਟਾਚਾਰ ਦਾ ਕਾਰਣ, ਇਨ੍ਹਾਂ ਇਲਾਕਿਆਂ ਅੰਦਰ ਨਕਸਲੀ ਦੇ ਵਧਾਰੇ ਲਈ ਜਰਖੇਜ਼ ਜ਼ਮੀਨ ਤਿਆਰ ਕਰ ਰਿਹਾ ਹੈ। ਮਾਓਵਾਦੀ ਜੇ ਸੱਚਮੁੱਚ ਹੀ ਆਪਣਾ ਪ੍ਰੋਗਰਾਮ ਦੇਸ ਦੇ ਬਾਕੀ ਲੋਕਾਂ ਨੂੰ ਸਮਝਾਉਣ 'ਚ ਕਾਮਯਾਬ ਹੋ ਜਾਂਦੇ ਹਨ ਤਾਂ ਇਸ ਝਾਰਖੰਡ ਦੇ ਤਿਸਕੋਪੀ ਆਦਿਵਾਸੀ ਇਲਾਕੇ ਦੀ ਹਿੰਸਾ ਨੂੰ ਰੋਕ ਪਾਉਣਾ ਦੂਰ ਦੀ ਗੱਲ ਜਾਪਦੀ ਹੈ।

510-501-4191




STAR ★ TUTORING
MATH & SCIENCE
GRADE 6 TO 12
ONTARIO CERTIFIED TEACHER
Punjabi Classes Also Available
647-891-8500

# An analysis on the Canadian Express entry Comprehensive ranking system- Jan 2015

1. How the express entry works?
2. What can one do to increase the number of points?
3. Is this system effective to immigrate to Canada?

The express entry system for permanent residency of Canada was first introduced in January 2015.It accepts profiles from candidates all over the world which are then entered into a pool, from which a draw is held every two weeks and candidates are invited to apply for permanent residency. They are given a period of 60 days after this invitation to apply online with all documents. Then CIC will process complete applications within 6 months.

Now, an individual wants to enter this pool, in order to ensure that you get maximum points possible, needs to:

- Obtain a good score in the language test
- Find out if they qualify for any provincial nominee program
- Create a profile in the job bank and obtain a valid offer letter with a positive LMIA

Any candidate between the ages of 20 - 29 gets the maximum points for age factor. After the age of 30, one loses points for every year. The minimum being 6/ 110 at the age of 44.

Next factor being official languages of Canada, for the first language one can score up to a maximum of 136 points without spouse and 128 with a spouse. Whereas, the second language will get you another 24 or 22 points respectively.

For work experience of Canada one gets points ranging from 40 to 80 starting from one years' experience. The maximum which is considered for points system is five years.

If you are married, your spouse's education, language skills and Canadian work experience will also be awarded to a maximum of 40 points towards your profile.

This is a summary of 500 points.

The next 100 points are allotted towards a mixture foreign experience and good proficiency in first official language and a post-secondary degree along with it.

Those with a CLB of 7 or more, and under CLB 9 get a maximum of 25 points whereas those with a CLB 9 or more on all four abilities of first language can get 50 points with two or more post-secondary programs out of which one should be three years or more.

On top of this, one can obtain another 50 points max for the points of education + 2 years Canadian experience or 25 points for points of education+ 1 year experience. Let's say you have foreign experience, but you have anything less than CLB 7 in the language ability, you still get no points for this foreign experience. When you a CLB 7 or more and one or more under 9 you can get only 25 points with one or two years of experience. Whereas, if you have a CLB 9 or more on all four abilities you can get up to 50 points for three years or more experience. In addition to all this if you have a certificate of qualification for any trade occupation you can obtain another 50 points too. If you want additional 600 points, that is possible through obtaining a job offer letter with a positive LMIA (Labour market impact assessment) or provincial nominee.

Let us do a case analysis for someone who has a university master's (125 points) or Ph.D(150 points) and hasexcellent language skills (CLB 9 or more in one or more abilities). In this case, if a given candidate is married or has a common-law partner, the spouse's Canadian experience(max 10 points),language skills (20 points) and level of education (10 points with master degree or PhD) is included.So, a total of 40 points are allotted towards the spouse. Despite having a good education and language skills, it is hard to get noticed in the pool without a positive LMIA if your age is anything above 40 as the maximum points one can get is around 389 only. However, if the person is aged around 30-33 years, everything else being the same, one gets additional 95 points for age which comes around 464-479 points. That's why it is more important and necessary to be able to apply for immigration in your younger age or to apply with an LMIA. To get a job offer letter with a positive LMIA could be a bitchallenging as not all employers would be able to provide it easily.

Another scenario could be of Mr.X, 30 years, who is in Canada with one year of Canadian experience and has anything above 6.5 bands in each competency of IELTS, who also has two or more post-secondary degrees or certificates (one should be at least 3 years or more). Let us see what is the likelihood of this guy to be successful in express entry? This guy here has around three years of foreign experience (outside of Canada). But he has no LMIA. So he can score up to 423 points which is still good score if he wants to apply for the Ontario Provincial nominee program. However, if Mr.X wants to enter into the category of 450-499 points, I would recommend him to write his language test again and try his best to score above 7.5 in each competency with at least 9 or above in two of them. This is going to shoot up his score to 494 which is an excellent score as per the current scenario.

I would like to highlight here the Ontario nominee program for International students who have studied in Canada for 2 years and have a job offer for a permanent full-time position in NOC 0 A or B. or international graduates with masters or PhD back home. They can qualify for the provincial nominee program here in Canada especially if they intend to stay in Canada and / or have blood relatives in Ontario- like parents, uncle, aunt, sister or brothers.

One with a business background and with a good net worth as well as annual income can also be eligible for the British Columbia Investor category. So get your business vision in action and start working on this mission of setting up a business in the province of British Columbia. The points can vary from various factors such as area / region of proposed business, number of employees required for your business and so on. One can read between the lines, it looks like Canadian immigration is working smartly for immigrating only smart people to their country rather than having a pile of ineligible individuals who do not portray a good picture of the country as whole.

So try your best and analyse yourself how well you can score in this system and always try to improve your score as much as you can as the maximum number of files submitted according to the midyear report fell in the category of 350-399 points and the maximum number of files above a 1000 points was only 51. Let's say, your file gets picked and they invite you to apply for permanent residency. Then all you have to do is submit the online application and pay the processing fees. Canadian immigration will then have to process your application within a time frame of six months.

Now is this system effective? Looking at the grading system and the weightage given to education back home as well in Canada and the level of proficiency in the official languages, we can see that Canada immigration no longer wants people with poor communication skills. They want professionals who can work in corporate environment and bring good business to the Canadian economy by their talents and skills whether it is through new business ideas or through jobs under Canadian employers. They want their country to be represented by smart, talented and job-ready professionals.

**By Manasi S**
**Metro Immigration**

# Sahajvir Singh NDP Campaign Dinner a Success





Calgary : On Sunday night, the Sahajvir Singh NDP campaign for Calgary Skyview held a very well-attended community dinner.

"It was wonderful to see so many friends and community members come out to support my campaign," said Singh. "There was a lot of enthusiasm in the hall and a real feeling of change in the air."

After dinner was served, guests listened to speeches from long-time New Democrats who are excited about the opportunity to form the first NDP federal government. Special guest Harry Lali, a former Transportation Minister and four time MLA from British Columbia, travelled to Calgary to lend Singh and hand and also provided a speech to the full room showing his support for Singh.

"People are telling me that Stephen Harper's plan just isn't working and voters in Calgary Skyview feel like they can't get ahead. They think it is time for a government that shares their values and that will work to build a stronger middle class," said Singh. "This election, there is a clear choice for change. Tom Mulcair and the NDP are that change."

**For more information: Campaign Office 403-479-2222**

# The Conservative 1.3 million jobs promise would keep employment at recession levels

**David Macdonald**

As a CCPA economist, I sometimes feel like I'm constantly providing context to the big numbers governments throw out to impress or frighten us. Is $10 billion a big deficit? Well, if you're an individual, yes, but if you're a government with a $2 trillion economy (like Canada's), then no. So what to make of the Conservative promise to create 1.3 million new jobs by 2020?

First of all, no government gets to claim it "created" every single job that emerged in the economy over its mandate. The best it can do is suggest it "created" those jobs associated with its unique expenditures plus any multiplier effect, say for hiring people on an infrastructure construction site or in an EI office helping people who've lost their jobs.

But the provinces spend as much as the federal government does in the economy (depending on how you count transfer payments), and households spend considerably more than both (going into considerable debt to do so). So who gets credit for new jobs? If anything, Conservative claims of having created 1.3 million jobs since coming to power, and promises to do the same again if re-elected, are mostly observations about what happened in the Canadian economy during this time.

A second, more important thing to consider is that although 1.3 million jobs sounds like a lot, it's much less impressive once you realize there will be between 1.8 and 2.6 million more Canadians aged 15 years and over potentially looking for work in 2020. Statscan numbers help us explain the problem (see Table 1).




Table 1: Population and job projections from July 1, 2015 to July 1, 2020 (mil)

jobs-table

| | Jobs today (July 1 2015) | Proposed new jobs (by 2020) | Jobs in 2020 (July 1st) | Pop (+15) 2020 | Pop change (+15) 2015 to 2020 | Employment Rate (2020) |
|---|---|---|---|---|---|---|
| July 2020 (Low pop growth) | 17.9 mil | 1.3 mil | 19.2 mil | 31.0 mil | 1.8 mil | 62.0% |
| July 2020 (Med pop growth) | 17.9 mil | 1.3 mil | 19.2 mil | 31.0 mil | 2.2 mil | 61.1% |
| July 2020 (High pop growth) | 17.9 mil | 1.3 mil | 19.2 mil | 31.0 mil | 2.6 mil | 60.4% |
| Source: | June 2015 data from Cansim 282-0087 | Conservative Plan | Addition (jobs today + 1.3 mil) | July 1st, Cansim 052-0005 | July 1st Cansim 052-0005 minus Cansim 282-0087 | Jobs in 2020/ Population in 2020 |

The employment rate is the proportion of Canadians aged 15 years or older that have a job. Canada's employment rate was around 63% for much of the 2000s leading into the 2008-09 recession. It is currently at 61.3%, about the same as it was in 2009 at the worst of the recession. That drop implies the decline in the unemployment rate since the recession is not from people finding work, but in giving up their job searches or not looking in the first place.

In the lowest population growth estimate from Statscan for 2020, those 1.3 million jobs only increase the employment rate to 62%. That's better than it is today, but not by much. The middle population growth estimates (of which there are five: M1 through M5) produce an employment rate of 61.1%—worse than today and worse than what we saw from the 2008-09 recession.

But if population growth is at the high end of the spectrum, based on Statscan estimates, producing only 1.3 million jobs by 2020 would result in an employment rate of only 60.4%, much worse than the 2008-09 recession. I doubt most Canadians would go for the slogan "Five more years of a weak jobs market!" Unfortunately, that's all this promise would deliver.

ਸਮਾਜ ਵਿੱਚ ਇੱਕਾ-ਦੁੱਕਾ ਖੁਦਕੁਸ਼ੀਆਂ ਕਰਨ ਦਾ ਇਤਿਹਾਸ ਤਾਂ ਕਾਫ਼ੀ ਪੁਰਾਣਾ ਹੈ। ਲੇਕਿਨ ਭਾਰਤ ਵਿੱਚ ਵੱਡੇ ਪੱਧਰ ਤੇ ਖੁਦਕੁਸ਼ੀਆਂ ਦਾ ਰੁਝਾਨ ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਤੋਂ ਬਾਅਦ 1990ਵਿਆਂ ਦੇ ਮੱਧ 'ਚ ਹੀ ਵੇਖਣ ਨੂੰ ਮਿਲਦਾ ਹੈ। ਕੌਮੀ ਅਪਰਾਧ ਰਿਕਾਰਡ ਬਿਓਰੋ ਅਨੁਸਾਰ ਭਾਰਤ ਵਿੱਚ 1997 ਵਿੱਚ 95829 ਲੋਕਾਂ ਨੇ ਖੁਦਕੁਸ਼ੀਆਂ ਕੀਤੀਆਂ ਜਿਨਨਾਂ ਵਿਚੋਂ 13622 (14.2 ਪ੍ਰਤੀਸ਼ਤ) ਕਿਸਾਨ ਸਨ। ਇਸੇ ਤਰਨਾਂ 1998 ਵਿੱਚ 104713 ਵਿਅਕਤੀਆਂ ਨੇ, 1999 ਵਿੱਚ 110587, 2000 ਵਿੱਚ 108593 ਅਤੇ 2001 ਵਿੱਚ









108506 ਵਿਅਕਤੀਆਂ ਨੇ ਖੁਦਕੁਸ਼ੀਆਂ ਕੀਤੀਆਂ ਜਿਨ੍ਹਾਂ ਵਿੱਚੋਂ ਕਿਸਾਨਾਂ ਦੁਆਰਾ ਕੀਤੀਆਂ ਖੁਦਕੁਸ਼ੀਆਂ ਲਗਪਗ 15 ਪ੍ਰਤੀਸ਼ਤ ਸਨ। ਇਸ ਤੋਂ ਪਿੱਛੋਂ 2002 ਵਿਚ 110417 ਵਿਅਕਤੀਆਂ ਨੇ, 2003 ਵਿਚ 110851, 2004 ਵਿੱਚ 113967, 2005 ਵਿਚ 113914 ਅਤੇ 2006 ਵਿਚ 118112 ਵਿਅਕਤੀਆਂ ਨੇ ਖੁਦਕੁਸ਼ੀਆਂ ਕੀਤੀਆ ਜਿਨਨਾਂ ਵਿੱਚੋਂ ਲਗਪਗ 16 ਪ੍ਰਤੀਸ਼ਤ ਖੁਦਕੁਸ਼ੀਆਂ ਕਿਸਾਨਾਂ ਦੁਆਰਾਂ ਕੀਤੀਆਂ ਗਈਆਂ ਸਨ। ਇਸੇ ਤਰਨਾਂ ਕਿਸਾਨ ਖੁਦਕਸ਼ੀਆਂ ਦੀ ਗਿਣਤੀ ਵਿੱਚ ਵਾਧਾ ਹੁੰਦਾ ਗਿਆ। ਖੁਦਕੁਸ਼ੀਆਂ ਦੀ ਔਸਤਨ ਗਿਣਤੀ 1995 ਤੋਂ 2000 ਤੱਕ 14462 ਸਾਲਾਨਾ ਤੋਂ ਵਧ ਕੇ 2001 ਤੋਂ 2011 ਤੱਕ 16743 ਸਾਲਾਨਾ ਹੋ ਗਈ। ਪਿਛਲੇ 18 ਸਾਲਾਂ ਦੌਰਾਨ ਭਾਰਤ 'ਚ 2,84,694 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ। ਇਸੇ ਤਰਨਾਂ 2001 ਤੋਂ ਬਾਅਦ ਰੋਜ਼ਾਨਾ 46 ਕਿਸਾਨ ਭਾਵ ਹਰ ਅੱਧੇ ਘੰਟੇ ਬਾਅਦ ਇੱਕ ਕਿਸਾਨ ਖੁਦਕੁਸ਼ੀ ਕਰ ਲੈਂਦਾ ਹੈ। ਕਿਸਾਨਾਂ ਵਿਚ ਖੁਦਕੁਸ਼ੀਆਂ ਦੀ ਦਰ ਬਾਕੀ ਵਸੋਂ ਨਾਲੋਂ ਕਿਤੇ ਵੱਧ ਹੈ ਜਿੱਥੇ ਆਮ ਵਸੋਂ ਇੱਕ ਲੱਖ ਪਿੱਛੇ 10.6 ਵਿਅਕਤੀ ਖੁਦਕੁਸ਼ੀ ਕਰਦੇ ਹਨ ਉਥੇ ਕਿਸਾਨਾਂ ਵਿੱਚ ਇਹ ਵਰਤਾਰਾ ਇੱਕ ਲੱਖ ਪਿੱਛੇ 15.8 ਖੁਦਕੁਸ਼ੀਆਂ ਦਾ ਹੈ।

ਭਾਰਤ ਦੇ ਵੱਖ -ਵੱਖ ਰਾਜਾਂ ਵਿੱਚ ਹੋਈਆਂ ਖੁਦਕੁਸ਼ੀਆਂ ਤੋਂ ਪਤਾ ਲਗਦਾ ਹੈ ਕਿ ਇਹ ਵਰਤਾਰਾ ਲਗਪਗ ਸਾਰੇ ਹੀ ਸੂਬਿਆ ਵਿਚ ਪਾਇਆ ਜਾਂਦਾ ਹੈ। ਸਾਲ 2012 ਦੌਰਾਨ ਹੋਈਆਂ ਕਿਸਾਨ ਖੁਦਕੁਸ਼ੀਆਂ ਦੇ ਹਿਸਾਬ ਨਾਲ ਅਸੀਂ ਇਨਾਂ ਰਾਜਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਦੇ ਹਨ। ਪਹਿਲੇ ਗਰੁੱਪ ਵਿਚ ਮਹਾਰਾਸ਼ਟਰ, ਆਧਰਾਂ ਪ੍ਰਦੇਸ਼, ਕਰਨਾਟਕ, ਮੱਧ ਪ੍ਰਦੇਸ਼ ਅਤੇ ਕੇਰਲਾ ਰਾਜ ਆਉਂਦੇ ਹਨ। ਸਾਰੀਆਂ ਕਿਸਾਨ ਖੁਦਕੁਸ਼ੀਆਂ ਦਾ ਲਗਪਗ 76 ਪ੍ਰਤੀਸ਼ਤ ਇਨਾਂ ਪੰਜ ਰਾਜਾਂ ਵਿੱਚ ਵਾਪਰਿਆ ਹੈ। ਦੂਸਰੇ ਗਰੁੱਪ ਵਿੱਚ ਉਤਰ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਆਸਾਮ, ਹਰਿਆਣਾ, ਰਾਜਸਥਾਨ, ਉੜੀਸਾ ਅਤੇ ਝਾਰਖੰਡ ਆਉਂਦੇ ਹਨ, ਜਿਨਨਾਂ ਵਿਚ ਕੁੱਲ ਕਿਸਾਨ ਖੁਦਕੁਸ਼ੀਆਂ ਦਾ 22 ਪ੍ਰਤੀਸ਼ਤ ਵਾਪਰਿਆ ਹੈ, ਇਸੇ ਤਰਨਾਂ ਤੀਸਰੇ ਗਰੁੱਪ ਵਿਚ ਪੰਜਾਬ ਸਮੇਤ ਬਾਕੀ ਰਾਜਾਂ 'ਚ 2 ਪ੍ਰਤੀਸ਼ਤ ਕਿਸਾਨ ਖੁਦਕੁਸ਼ੀਆਂ ਹੋਈਆਂ ਹਨ।

ਉਪਰੋਕਤ ਵਿਸ਼ਲੇਸ਼ਣ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ 'ਤੇ ਅਧਾਰਤ ਕੀਤਾ ਗਿਆ ਹੈ।ਪਰ ਯੂਨੀਵਰਸਿਟੀਆਂ ਅਤੇ ਹੋਰ ਖੋਜ ਸੰਸਥਾਵਾਂ ਦੁਆਰਾ ਤਿਆਰ ਕੀਤੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਵੱਖ-ਵੱਖ ਰਾਜਾਂ 'ਚ ਖੁਦਕੁਸ਼ੀਆਂ ਦੀ ਗਿਣਤੀ ਇਸ ਨਾਲੋਂ ਕਿਤੇ ਵੱਧ ਹੈ ਜਿਵੇਂ ਕਿ ਪੰਜਾਬ ਨੂੰ ਸਭ ਤੋਂ ਘੱਟ ਖੁਦਕੁਸ਼ੀਆਂ ਵਾਲੇ ਗਰੁੱਪ ਵਿੱਚ ਮੰਨਿਆ ਗਿਆ ਹੈ। ਪ੍ਰੰਤੂ ਪੰਜਾਬ ਦੀਆਂ ਤਿੰਨ ਯੂਨੀਵਰਸਟੀਆਂ ਦੇ ਸਰਵੇ ਤੋਂ ਸਾਫ਼ ਹੈ ਕਿ ਇਥੇ 2000-2011 ਦੌਰਾਨ 6926 ਵਿਅਕਤੀਆਂ ਨੇ ਆਪਣੀ ਜ਼ਿੰਦਗੀ ਤੋਂ ਹੱਥ ਧੋ ਲਏ ਹਨ ਜਿਨਨਾਂ ਵਿੱਚੋਂ 3954 ਕਿਸਾਨ ਅਤੇ 2972 ਮਜ਼ਦੂਰ ਸਨ। ਇਨ੍ਹਾਂ ਖੁਦਕੁਸ਼ੀਆਂ ਦੇ ਸ਼ਿਕਾਰ ਜ਼ਿਆਦਾਤਰ ਉਹ ਕਿਸਾਨ ਸਨ ਜਿਨ੍ਹਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਸੀ। ਕਰਜ਼ੇ ਦੀ ਭਾਰੀ ਪੰਡ 74.4 ਪ੍ਰਤੀਸ਼ਤ ਕਿਸਾਨਾਂ ਦੀ ਅਤੇ 58.6 ਪ੍ਰਤੀਸ਼ਤ ਮਜ਼ਦੂਰਾਂ ਦੀ ਖੁਦਕੁਸ਼ੀ ਦਾ ਕਾਰਨ ਬਣੀ ਹੈ।

ਕਿਸਾਨਾਂ ਦੇ ਖੁਦਕੁਸ਼ੀਆ ਦੇ ਰਸਤੇ ਪੈਣ ਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਕਾਰਨ ਹੈ, ਖੇਤੀ ਦੀਆਂ ਲਾਗਤਾਂ ਵਿੱਚ ਵਿੱਚ ਵਾਧਾ ਹੋਣਾ ਅਤੇ ਇਸ ਦੇ ਮੁਕਾਬਲੇ ਫ਼ਸਲਾਂ ਦੀਆਂ ਕੀਮਤਾਂ ਵਿੱਚ ਖੜੋਤ ਆ ਜਾਣੀ। ਕੇਂਦਰ ਸਰਕਾਰ ਵੱਲੋਂ ਘੱਟੋ ਘੱਟ ਸਹਾਇਕ ਮੁੱਲ ਨਾ ਮਾਤਰ ਵਧਾਉਣ ਅਤੇ ਅੰਤਰ-ਰਾਸਟਰੀ ਮੰਡੀ ਵਿੱਚ ਫਸਲਾਂ ਦੀਆਂ ਕੀਮਤਾਂ ਦੇ ਘਟਨ ਕਰਕੇ 2001 ਤੋਂ 2005 ਤੱਕ ਕਣਕ ਅਤੇ ਝੋਨੇ ਦੀਆਂ ਘੱਟੋ-ਘੱਟ ਸਹਾਇਕ ਕੀਮਤਾਂ ਵਿਚ ਖੜੋਤ ਰਹੀ ਹੈ ਜਿਸ ਨਾਲ ਕਣਕ ਦੀਆਂ ਕੀਮਤਾਂ ਵਿੱਚ ਵਾਧਾ ਸਿਰਫ਼ 1.5 ਪ੍ਰਤੀਸ਼ਤ ਸਲਾਨਾ ਅਤੇ ਝੋਨੇ ਦੀਆਂ ਕੀਮਤਾਂ ਵਿੱਚ ਵਾਧਾ 2.5 ਪ੍ਰਤੀਸ਼ਤ ਸਲਾਨਾ ਹੋਇਆ ਜਦੋਂ ਕਿ ਇਸੇ ਸਮੇਂ ਦੌਰਾਨ ਇਨ੍ਹਾਂ ਫ਼ਸਲਾਂ ਦੀਆਂ ਲਾਗਤਾਂ ਵਿੱਚ ਵਾਧਾ ਲਗਪਗ 7 ਤੋਂ 9 ਪ੍ਰਤੀਸ਼ਤ ਸਲਾਨਾ ਹੋਇਆ। ਅਸਲ ਵਿੱਚ ਦੇਸੀ-ਵਿਦੇਸ਼ੀ ਕੰਪਨੀਆਂ ਦੀ ਖੇਤੀ ਲਾਗਤਾਂ ਉਪਰ ਇਜਾਰੇਦਾਰੀ ਹੈ। ਇਹ ਕੰਪਨੀਆਂ ਟਰੈਕਟਰ, ਕੰਬਾਈਨਾਂ, ਹੋਰ ਖੇਤੀ ਸੰਦਾਂ ਅਤੇ ਖੇਤੀ ਰਸਾਇਣਾਂ ਦੀਆਂ ਕੀਮਤਾਂ ਆਪ ਮਿਥਦੀਆਂ ਹਨ ਅਤੇ ਇਨ੍ਹਾਂ ਉੱਪਰ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ। ਇਸੇ ਕਰਕੇ ਖੇਤੀ ਖਰਚੇ ਕਿਸਾਨੀ ਦੇ ਵੱਸੋਂ ਬਾਹਰ ਹੋ ਰਹੇ ਹਨ ਅਤੇ ਮੁਨਾਫ਼ਾ ਲਗਾਤਾਰ ਘੱਟਦਾ ਜਾ ਰਿਹਾ ਹੈ। ਇਸ ਤੋਂ ਵੀ ਅੱਗੇ ਫ਼ਸਲ ਦੇ ਫੇਲ ਹੋ ਜਾਣ ਜਾਂ ਕਿਸੇ ਕੁਦਰਤੀ ਕਾਰਨ ਜਾਂ ਬਿਮਾਰੀ ਕਾਰਨ ਝਾੜ ਘਟ ਜਾਣ ਕਾਰਨ ਕਿਸਾਨਾਂ ਦਾ ਸੰਕਟ ਹੋਰ ਡੂੰਘਾ ਹੋ ਜਾਂਦਾ ਹੈ। ਜਿਵੇਂ ਅਮਰੀਕਨ ਸੁੰਡੀ ਅਤੇ ਬੀਮਾਰੀਆਂ ਦੇ ਹਮਲੇ ਨਾਲ 1997 ਤੋਂ 2003 ਦੌਰਾਨ ਨਰਮੇ ਦੀ ਫ਼ਸਲ ਲਗਾਤਾਰ ਤਬਾਹ ਹੁੰਦੀ ਰਹੀ। ਪ੍ਰਾਈਵੇਟ ਡੀਲਰਾਂ ਵੱਲੋਂ ਦਿੱਤੀਆਂ ਨਕਲੀ ਦਵਾਈਆਂ ਅਤੇ ਘਟੀਆਂ ਬੀਜਾਂ ਨੇ ਕਿਸਾਨਾਂ ਦੀ ਆਰਥਿਕਤਾ ਖੇਤੀ ਖਰਚੇ ਵਧਾ ਕੇ ਕਿਸਾਨਾਂ ਦੀ ਆਰਥਿਕ ਦਸ਼ਾ ਨੂੰ ਹੋਰ ਵੀ ਵਿਗਾੜ ਦਿੱਤਾ।

ਪੰਜਾਬ 'ਚ ਖੁਦਕੁਸ਼ੀਆਂ ਦਾ ਦੂਜਾ ਕਾਰਨ ਇਹ ਹੈ ਕਿ ਇਥੋਂ ਦੀ ਕਿਸਾਨੀ ਬੈਂਕਾਂ ਅਤੇ ਆੜ੍ਹਤੀਆਂ ਦੇ ਕਰਜ਼ੇ ਦੀ ਜਕੜ ਵਿਚ ਫਸੀ ਹੋਈ ਹੈ। ਪੰਜਾਬ ਦੀ ਕਿਸਾਨੀ ਸਿਰ ਕਰਜਾ 1997 ਵਿੱਚ 5700 ਕਰੋੜ ਰੁਪਏ ਤੋਂ ਵੱਧ ਕੇ 2003 ਵਿੱਚ 9886 ਕਰੋੜ ਰੁਪਏ, 2006 ਵਿੱਚ 21064 ਕਰੋੜ ਰੁਪਏ ਅਤੇ ਹੁਣ 23000 ਕਰੋੜ ਰੁਪਏ ਹੋ ਗਿਆ ਹੈ। ਇਸ ਕਰਜੇ ਵਿੱਚ ਸਾਹੂਕਾਰਾਂ ਦਾ ਕਰਜ਼ਾ ਵੀ ਲਗਾਤਾਰ ਵਧਦਾ ਗਿਆ ਹੈ ਜਿਹੜਾ 1997 ਵਿੱਚ 2641 ਕਰੋੜ ਰੁਪਏ, 2003 ਵਿੱਚ 4997 ਕਰੋੜ ਰੁਪਏ, 2006 ਵਿੱਚ 6736 ਕਰੋੜ ਰੁਪਏ ਅਤੇ ਹੁਣ ਵੱਧ ਕੇ 9000 ਕਰੋੜ ਰੁਪਏ ਹੋ ਗਿਆ ਹੈ। ਕਿਸਾਨਾਂ ਦਾ 89 ਪ੍ਰਤੀਸ਼ਤ ਹਿੱਸਾ ਅਤੇ ਖੇਤ ਮਜਦੂਰਾਂ ਦਾ 72 ਪ੍ਰਤੀਸ਼ਤ ਹਿੱਸਾ ਕਰਜੇ ਦੀ ਮਾਰ ਥੱਲੇ ਹੈ। ਜਿਹੜੇ 11 ਪ੍ਰਤੀਸ਼ਤ ਕਿਸਾਨ ਪਰਿਵਾਰ ਕਰਜੇ ਦੀ ਮਾਰ ਤੋਂ ਬਚੇ ਹੋਏ ਹਨ, ਉਨਨਾਂ ਕੋਲ ਖੇਤੀ ਤੋਂ ਇਲਾਵਾ ਹੋਰ ਆਮਦਨ ਦੇ ਸਾਧਨ ਵੀ ਹਨ। ਜੇਕਰ ਕਰਜ਼ੇ ਅਤੇ ਆਮਦਨ ਦੇ ਸਬੰਧ ਨੂੰ ਵੇਖਿਆ ਜਾਵੇ ਤਾਂ ਸਪਸ਼ਟ ਹੁੰਦਾ ਹੈ ਕਿ ਕਿਸਾਨੀ ਦੀਆਂ ਛੋਟੀਆਂ ਪਰਤਾਂ ਦੀ ਆਮਦਨ ਇੰਨੀ ਘੱਟ ਹੈ ਕਿ ਉਹ ਆਪਣੇ ਕਰਜ਼ੇ ਦੇ ਵਿਆਜ ਨੂੰ ਮੋੜਨ ਤੋਂ ਵੀ ਅਸਮਰਥ ਹਨ। ਸੂਬੇ ਦੇ 19 ਪ੍ਰਤੀਸ਼ਤ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਉਨਨਾਂ ਦੀ ਇਕ ਸਾਲ ਦੀ ਆਮਦਨ ਤੋਂ ਵੱਧ ਹੈ। ਇਸ ਤੋਂ ਅਗਲੇ 7 ਪ੍ਰਤੀਸ਼ਤ ਕਿਸਾਨਾਂ ਦਾ ਕਰਜ਼ਾ ਉਨ੍ਹਾਂ ਦੀ ਦੋ ਸਾਲ ਦੀ ਆਮਦਨ ਤੋਂ ਵੀ ਵੱਧ ਹੈ। ਇਸ ਹਿੱਸੇ ਵਿੱਚ ਸੀਮਾਂਤਕ ਕਿਸਾਨਾਂ ਦਾ 25 ਪ੍ਰਤੀਸ਼ਤ ਅਤੇ ਛੋਟੇ ਕਿਸਾਨਾਂ ਦਾ ਲਗਪਗ 12 ਪ੍ਰਤੀਸ਼ਤ ਹਿੱਸਾ ਆਉਂਦਾ ਹੈ। ਆਰਥਕ ਤੌਰ ਤੇ ਟੁੱਟੀ ਅਤੇ ਕਰਜ਼ੇ ਦੀ ਭੰਨੀ ਛੋਟੀ ਕਿਸਾਨੀ ਖੇਤੀ ਵਿਚੋਂ ਕਿਨਾਰਾ ਕਰ ਰਹੀ ਹੈ। ਕਰਜ਼ੇ ਦੀ ਪੰਡ ਦਾ ਬੋਝ ਨਾ ਸਹਾਰਦੀ ਹੋਈ ਕਿਸਾਨੀ ਅੱਜ ਗਹਿਣੇ, ਖੇਤੀ ਦੇ ਸੰਦ, ਪਸ਼ੂ ਅਤੇ ਹੋਰ ਸਮਾਨ ਹੀ ਨਹੀਂ ਵੇਚ ਰਹੀ ਸਗੋਂ ਆਪਣੀ ਜ਼ਮੀਨ ਵੀ ਵੇਚਣ ਲਈ ਮਜਬੂਰ ਹੋ ਰਹੀ ਹੈ। ਖੇਤੀ ਛੱਡਣ ਵਾਲੇ ਕਿਸਾਨਾਂ ਵਿਚੋਂ 36 ਪ੍ਰਤੀਸ਼ਤ ਕਿਸਾਨ ਆਪਣੀ ਸਾਰੀ ਜਮੀਨ ਵੇਚ ਚੁੱਕੇ ਹਨ, 12 ਪ੍ਰਤੀਸ਼ਤ ਕਿਸਾਨ ਨੇ ਆਪਣੀ ਜਮੀਨ ਦਾ ਕੁਝ ਹਿੱਸਾ ਵੇਚ ਦਿੱਤਾ ਹੈ ਅਤੇ ਬਾਕੀ ਕਿਸਾਨ ਆਪਣੀ ਜਮੀਨ ਨੂੰ ਠੇਕੇ ਤੇ ਦੇ ਕੇ ਕੁਝ ਹੋਰ ਧੰਦੇ ਕਰਨ ਲਈ ਹੱਥ ਪੱਲੇ ਮਾਰ ਰਹੀ ਹੈ। ਇੰਨਾ ਕੁੱਝ ਕਰਨ ਤੋਂ ਬਾਅਦ ਵੀ ਜਦੋਂ ਕਰਜ਼ੇ ਦਾ ਬੋਝ ਹਲਕਾ ਨਹੀਂ ਹੁੰਦਾ ਤਾਂ ਉਹ ਮਜਬੂਰਨ ਆਤਮ ਹੱਤਿਆ ਕਰਨ ਦਾ ਰਸਤਾ ਆਪਣਾਉਂਦੇ ਹਨ। ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਅਗਲਾ ਕਾਰਨ ਖੇਤੀ ਸੈਕਟਰ ਦੇ ਵਿਕਾਸ ਦੀ ਦਰ ਦਾ ਘਟਣਾ ਹੈ ਜਿਸ ਵਿੱਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਕਾਫ਼ੀ ਕਮੀ ਆਈ ਹੈ। 1980ਵਿਆਂ ਦੌਰਾਨ ਪੰਜਾਬ ਦੇ ਖੇਤੀ ਸੈਕਟਰ ਦੀ ਵਿਕਾਸ ਦਰ 2.28 ਪ੍ਰਤੀਸ਼ਤ ਸੀ ਜੋ 1990ਵਿਆਂ 'ਚ ਘੱਟਕੇ ਸਿਰਫ਼ 1.89 ਪ੍ਰਤੀਸ਼ਤ ਹੀ ਰਹਿ ਗਈ ਹੈ। ਸਾਫ਼ ਹੈ ਕਿ ਖੇਤੀਬਾੜੀ ਦੇ ਵਿਕਾਸ ਦਰ ਘਟਣ ਕਾਰਨ ਖੇਤੀ 'ਤੇ ਨਿਰਭਰ ਵਸੋਂ ਦੀ ਸ਼ੁੱਧ ਆਮਦਨ ਘਟ ਗਈ ਹੈ ਜਿਸ ਨਾਲ ਉਸ ਦੇ ਖ਼ਰਚ ਦੇ ਮੁਕਾਬਲੇ ਆਮਦਨ ਘੱਟ ਗਈ ਹੈ। ਨੈਸ਼ਨਲ ਸੈਂਪਲ ਸਰਵੇ ਸੰਗਠਨ (2005) ਦੇ ਅੰਕੜਿਆਂ ਅਨੁਸਾਰ ਸੀਮਾਂਤਕ ਕਿਸਾਨ (2.5 ਏਕੜ ਤੋਂ ਘੱਟ) ਦੀ ਆਮਦਨ 1617 ਰੁਪਏ ਮਹੀਨਾ ਹੈ ਜਦੋਂ ਕਿ ਇਨਨਾਂ ਦਾ ਖਰਚਾ 2453 ਰੁਪਏ ਮਹੀਨਾ ਹੈ । ਇਸੇ ਤਰਨਾਂ ਛੋਟੇ ਕਿਸਾਨਾਂ (2.5 ਤੋਂ 5 ਏਕੜ) ਦੀ ਆਮਦਨ 2493 ਰੁਪਏ ਮਹੀਨਾ ਹੈ ਜਦੋਂ ਕਿ ਇਨ੍ਹਾਂ ਦਾ ਖ਼ਰਚ 3148 ਰੁਪਏ ਮਹੀਨਾ ਹੈ। ਇਥੋਂ ਤੱਕ ਕਿ ਮਝਲੇ ਕਿਸਾਨ ਦੀ ਆਮਦਨ ਦਾ ਪੱਧਰ ਉਨਨਾਂ ਦੇ ਖ਼ਰਚ ਨਾਲੋਂ ਕੁਝ ਘੱਟ ਹੈ। ਇਸ ਦੇ ਉਲਟ ਵੱਡੇ ਕਿਸਾਨਾਂ ਦੀ ਆਮਦਨ ਦਾ ਪੱਧਰ ਉਹਨਾਂ ਦੇ ਖ਼ਰਚ ਨਾਲੋਂ ਲਗਪਗ ਡੇਢਾ ਹੈ। ਜਿਥੇ 25 ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਦੀ ਆਮਦਨ 9667 ਰੁਪਏ ਮਹੀਨਾ ਹੈ, ਉਥੇ ਇਨਨਾਂ ਦਾ ਖ਼ਰਚ ਸਿਰਫ਼ 6418 ਰੁਪਏ ਮਹੀਨਾ ਹੈ। ਸਪੱਸ਼ਟ ਹੈ ਕਿ ਸਮੁੱਚੀ ਕਿਸਾਨੀ ਘੱਟ ਆਮਦਨ ਕਰਕੇ ਸੰਕਟ ਵਿੱਚ ਫ਼ਸੀ ਹੋਈ ਹੈ।




ਇਸੇ ਤਰ੍ਹਾਂ ਸਿਹਤ ਸੇਵਾਵਾਂ ਅਤੇ ਵਿੱਦਿਆ ਦੇ ਨਿੱਜੀਕਰਨ ਨੇ ਕਿਸਾਨਾਂ ਦੇ ਖ਼ਰਚੇ ਵਧਾ ਦਿੱਤੇ ਹਨ ਅਤੇ ਰੋਜ਼ਮਰਾ ਲੋੜਾਂ ਦੀ ਮਹਿੰਗਾਈ ਨੇ ਕਿਸਾਨਾਂ ਦੀ ਹਾਲਤ ਹੋਰ ਵੀ ਤਰਸਯੋਗ ਬਣਾ ਦਿੱਤੀ ਹੈ। ਮਹਿੰਗੀ ਵਿੱਦਿਆ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣ ਕਰਕੇ ਕਿਸਾਨ ਅਤੇ ਹੋਰ ਪੇਂਡੂ ਤਬਕੇ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਨਹੀਂ ਦਿਵਾ ਸਕਦੇ ਜਿਸ ਕਾਰਨ ਉਨ੍ਹਾਂ ਦੇ ਬੱਚੇ ਰੁਜ਼ਗਾਰ ਦੇ ਮੌਕਿਆਂ ਤੋਂ ਬਾਂਝੇ ਹੋ ਰਹੇ ਹਨ। ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦੇ ਮਹਿੰਗੇ ਖ਼ਰਚੇ ਕਾਰਨ ਕਿਸਾਨੀ ਧੁੰਘਲ ਹੋ ਗਈ ਹੈ। ਖੇਤੀ ਆਰਥਿਕਤਾ 'ਚ ਪੂੰਜੀਵਾਦੀ ਕਦਰਾਂ ਕੀਮਤਾਂ ਦੇ ਭਾਰੂ ਹੋਣ ਨਾਲ ਪੇਂਡੂ ਭਾਈਚਾਰੇ ਦੀਆਂ ਤੰਦਾਂ ਕਮਜ਼ੋਰ ਹੋ ਗਈਆਂ ਜਿਸ ਕਰਕੇ ਭਾਈਚਾਰਕ ਹਮਦਰਦੀ ਅਤੇ ਸਮਾਜਿਕ ਮਦਦ ਵਾਲਾ ਢਾਂਚਾ ਖੇਰੂੰ-ਖੇਰੂੰ ਹੋ ਗਿਆ ਹੈ। ਜਿਸ ਨਾਲ ਕਿਸਾਨ ਸਮਾਜ ਤੋਂ ਟੁੱਟਿਆ ਹੋਇਆ ਮਹਿਸੂਸ ਕਰਨ ਲੱਗ ਪਿਆ। ਇਸ ਸਰਵਪੱਖੀ ਆਰਥਿਕ-ਸਮਾਜਿਕ ਸੰਕਟ ਨੇ ਸਮੁੱਚੇ ਦੇਸ਼ ਅੰਦਰ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਵੱਲ ਧੱਕ ਦਿੱਤਾ।

ਕਿਸਾਨ ਖੁਦਕੁਸ਼ੀਆਂ ਦਾ ਹੱਲ ਕਰਨ ਲਈ ਸਭ ਤੋਂ ਪਹਿਲਾਂ ਕਿਸਾਨਾਂ ਸਿਰ ਕਰਜ਼ੇ ਦਾ ਬੋਝ ਘਟਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਰਕਾਰੀ ਕਰਜ਼ੇ ਦੀ ਵਾਪਸੀ ਲਈ ਇਸ ਕਰਜ਼ੇ ਨੂੰ ਲੰਬੇ ਸਮੇਂ ਦੇ ਕਰਜ਼ੇ ਵਿਚ ਤਬਦੀਲ ਕਰ ਦੇਵੇ ਅਤੇ ਇਸ ਕਰਜ਼ੇ ਨੂੰ ਬਿਨਾਂ ਕਿਸੇ ਵਿਆਜ ਤੋਂ ਆਸਾਨ ਕਿਸ਼ਤਾਂ ਵਿੱਚ ਵਾਪਸ ਲਿਆ ਜਾਵੇ। ਇਸੇ ਤਰਨਾਂ ਆੜ੍ਹਤੀਆਂ ਦੇ ਕਰਜ਼ੇ ਦੇ ਹੱਲ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਆੜ੍ਹਤੀਆਂ ਤੋਂ ਕਿਸਾਨਾਂ ਦੇ ਕਰਜ਼ੇ ਦਾ ਹਿਸਾਬ-ਕਿਤਾਬ ਮੰਗੇ। ਕਿਸਾਨਾਂ ਨੂੰ ਲੰਬੇ ਸਮੇਂ ਦਾ ਸਰਕਾਰੀ ਕਰਜ਼ਾ ਮੁਹੱਈਆ ਕੀਤਾ ਜਾਵੇ ਅਤੇ ਇਸ ਪੈਸੇ ਨਾਲ਼ ਆੜ੍ਹਤੀਆਂ ਦੇ ਕਰਜ਼ੇ ਵਾਪਸ ਕੀਤੇ ਜਾਣ ਅਤੇ ਕਿਸਾਨਾਂ ਤੋਂ ਲੰਬੇ ਸਮੇਂ ਵਿੱਚ ਬਿਨਾਂ ਵਿਆਜ ਆਸਾਨ ਕਿਸ਼ਤਾਂ 'ਤੇ ਕਰਜ਼ ਵਾਪਸ ਲਿਆ ਜਾਵੇ। ਇਸ ਸਬੰਧ ਵਿੱਚ ਬੈਂਕਾਂ ਦੀ 'ਕਰਜ਼ਾ ਤਬਾਦਲਾ' ਸਕੀਮ ਨੂੰ ਕੁਸ਼ਲ ਬਣਾਇਆ ਜਾਵੇ। ਅੱਗੇ ਵਾਸਤੇ ਆੜ੍ਹਤੀ ਪ੍ਰਬੰਧ ਨੂੰ ਖ਼ਤਮ ਕੀਤਾ ਜਾਵੇ ਅਤੇ ਵਿੱਤੀ ਲੈਣ-ਦੇਣ ਦਾ ਕੰਮ ਬੈਂਕਾਂ, ਮਾਰਕਫੈੱਡ ਅਤੇ ਹੋਰ ਸਹਿਕਾਰੀ ਅਦਾਰਿਆਂ ਰਾਹੀਂ ਕੀਤਾ ਜਾਵੇ। ਕਿਸਾਨਾਂ ਦੇ ਉਹ ਪਰਿਵਾਰ ਜਿਨ੍ਹਾਂ ਸਿਰ ਕਰਜ਼ੇ ਦੀ ਪੰਡ ਦਾ ਭਾਰ ਉਨ੍ਹਾਂ ਦੀ ਦੋ ਸਾਲਾਂ ਦੀ ਆਮਦਨ ਤੋਂ ਵੀ ਵੱਧ ਹੋਵੇ, ਉਨ੍ਹਾਂ ਨੂੰ ਕਰਜ਼ਾ ਮਾਫ਼ੀ ਦਾ ਵਿਸ਼ੇਸ਼ ਪੈਕੇਜ ਦਿੱਤਾ ਜਾਵੇ। ਇਸੇ ਤਰ੍ਹਾਂ 5 ਏਕੜ ਤੋਂ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਸਬਸਿਡੀਆਂ ਦਿੱਤੀਆਂ ਜਾਣ। ਵੱਡੇ ਕਿਸਾਨਾਂ ਕੋਲ ਜ਼ਿਆਦਾ ਜ਼ਮੀਨ ਹੋਣ ਕਰਕੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਜਾਂ ਸਹੂਲਤਾਂ ਦਾ ਜ਼ਿਆਦਾ ਫਾਇਦਾ ਵੱਡੇ ਕਿਸਾਨਾਂ ਨੂੰ ਪਹੁੰਚਦਾ ਹੈ। ਬਿਜਲੀ, ਸਿੰਚਾਈ, ਖਾਦਾਂ ਦੀ ਸਬਸਿਡੀ ਦਾ ਛੋਟੀ ਕਿਸਾਨੀ ਜੋ ਕਿ ਕੁੱਲ ਕਿਸਾਨੀ ਦਾ 34 ਪ੍ਰਤੀਸ਼ਤ ਹੈ, ਨੂੰ ਮਹਿਜ਼ 6.5 ਪ੍ਰਤੀਸ਼ਤ ਹਿੱਸਾ ਹੀ ਮਿਲਦਾ ਹੈ। ਇਸ ਲਈ ਛੋਟੀ ਕਿਸਾਨੀ ਨੂੰ ਇਨ੍ਹਾਂ ਦੇ ਪਰਿਵਾਰਾਂ ਦੀ ਪ੍ਰਤੀਸ਼ਤਤਾ ਮੁਤਾਬਿਕ ਸਬਸਿਡੀਆਂ ਦਾ 34 ਪ੍ਰਤੀਸ਼ਤ ਹਿੱਸਾ ਜਰੂਰ ਮਿਲਣਾ ਚਾਹੀਦਾ ਹੈ।

ਆਤਮ ਹੱਤਿਆਵਾਂ ਕਰਨ ਵਾਲੇ ਪਰਿਵਾਰਾਂ ਨੂੰ ਹਰ ਹੀਲੇ ਵਾਜਬ ਆਰਥਿਕ ਸਹਾਇਤਾ ਦਿੱਤੀ ਜਾਵੇ ਤਾਂ ਕਿ ਇਹ ਉਜੜੇ ਹੋਏ ਪਰਿਵਾਰ ਆਪਣੇ ਮਾਨਸਿਕ, ਸਮਾਜਿਕ ਅਤੇ ਆਰਥਿਕ ਸੰਕਟ ਵਿੱਚੋਂ ਨਿਕਲ ਕੇ ਆਪਣੀ ਜ਼ਿੰਦਗੀ ਵਸਰ ਕਰ ਸਕਣ। ਪੰਜਾਬ ਦੇ ਖੇਤੀ ਛੱਡ ਚੁੱਕੇ ਕਿਸਾਨਾਂ ਜਿਹੜੇ ਮਜ਼ਦੂਰਾਂ ਦੀ ਕਤਾਰ ਵਿੱਚ ਸ਼ਾਮਲ ਹੋ ਗਏ ਹਨ ਜਾਂ ਆਪਣੇ ਨਵੇਂ ਧੰਦੇ ਤੋਂ ਅਸੰਤੁਸ਼ਟ ਹਨ, ਦੇ ਸਹਾਰੇ ਲਈ ਵੀ ਰੁਜ਼ਗਾਰ ਦੇ ਮੌਕੇ ਤਲਾਸ਼ ਕੀਤੇ ਜਾਣ। ਐਸ.ਐਸ. ਜੌਹਲ ਕਮੇਟੀ ਦੀ ਸਿਫ਼ਾਰਸ਼ ਨੂੰ ਲਾਗੂ ਕਰਕੇ ਕਿਸਾਨਾਂ ਦੇ ਰੁਜਗਾਰ ਅਤੇ ਉਪਜੀਵਕਾ ਲਈ ਪਿੰਡਾਂ ਵਿੱਚ ਖੇਤੀ ਅਧਾਰਿਤ ਅਤੇ ਹੋਰ ਉਦਯੋਗ ਲਗਾਏ ਜਾਣ। ਖੇਤੀ ਨੂੰ ਕੁਦਰਤੀ ਕਰੋਪੀਆਂ ਤੋਂ ਨਿਜ਼ਾਤ ਦਿਵਾਉਣ ਲਈ 'ਫ਼ਸਲੀ ਬੀਮਾ' ਕੁਸ਼ਲ ਢੰਗ ਨਾਲ਼ ਸ਼ੁਰੂ ਕੀਤਾ ਜਾਵੇ। ਸਹਾਇਕ ਧੰਦੇ, ਜਿਵੇਂ ਡੇਅਰੀ ਆਦਿ ਲਈ ਢੁਕਵੀਂ ਨੀਤੀ ਬਣਾਈ ਜਾਵੇ ਜਿਸ ਵਿੱਚ ਉਤਪਾਦਨ, ਪ੍ਰਾਸੈਸਿੰਗ ਅਤੇ ਮਾਰਕਿਟਿੰਗ ਨੂੰ ਕੁਸ਼ਲ ਬਣਾਇਆ ਜਾਵੇ।

ਖੁਦਕੁਸ਼ੀਆਂ ਨੂੰ ਠੱਲ ਪਾਉਣ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਇਆ ਜਾਵੇ। ਇਸ ਕਾਰਜ ਲਈ ਫਸਲਾਂ ਦੀ ਘੱਟੋ-ਘੱਟ ਸਹਾਇਕ ਕੀਮਤ ਇਸ ਹਿਸਾਬ ਨਾਲ ਨਿਰਧਾਰਤ ਕੀਤੀ ਜਾਵੇ ਕਿ ਇਸ ਵਿੱਚ ਜ਼ਮੀਨ ਦਾ ਅਸਲੀ ਠੇਕਾ ਅਤੇ ਕਿਸਾਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਨੂੰ ਵਿੱਚ ਸ਼ਾਮਿਲ ਕੀਤਾ ਜਾਵੇ। ਇਸੇ ਕੜੀ ਵਜੋਂ ਐਮ. ਐਸ. ਸਵਾਮੀਨਾਥਨ ਕਮੇਟੀ ਦੀਆਂ ਫਸਲਾਂ ਦੇ ਲਾਗਤ ਮੁੱਲ 'ਤੇ 50 ਪ੍ਰਤੀਸ਼ਤ ਮੁਨਾਫ਼ਾ ਦੇਣ ਵਾਲੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ। ਕਿਸਾਨ ਆਮਦਨ ਕਮਿਸ਼ਨ ਗਠਿਤ ਕਰਕੇ ਕਿਸਾਨਾਂ ਦੀ ਘੱਟੋ-ਘੱਟ ਆਮਦਨ ਨੂੰ ਹਰ ਹੀਲੇ ਯਕੀਨੀ ਬਣਾਇਆ ਜਾਵੇ। ਖੇਤੀ ਖੋਜ ਅਤੇ ਪ੍ਰਸਾਰ ਲਈ ਪਬਲਿਕ ਸੈਕਟਰ ਦੀਆਂ ਖੇਤੀ ਖੋਜ ਸੰਸਥਾਵਾਂ ਅਤੇ ਖੇਤੀ ਵਿਭਾਗ ਨੂੰ ਵੱਡੀ ਪੱਧਰ 'ਤੇ ਵਿਤ ਮੁਹੱਈਆ ਕੀਤਾ ਜਾਵੇ ਤਾਂ ਕਿ ਨਿੱਜੀ ਕੰਪਨੀਆਂ ਦੀ ਇਜ਼ਾਰੇਦਾਰੀ ਨਾ ਬਣਨ ਦਿੱਤੀ ਜਾਵੇ ਅਤੇ ਕਿਸਾਨਾਂ ਨੂੰ ਸਸਤੀ ਅਤੇ ਪਾਏਦਾਰ ਖੋਜ ਪ੍ਰਦਾਨ ਕੀਤੀ ਜਾਵੇ। ਕਿਸਾਨਾਂ ਨੂੰ ਸਸਤੀਆਂ ਸਿਹਤ ਅਤੇ ਸਿੱਖਿਆ ਸੇਵਾਵਾਂ ਮੁਹੱਈਆ ਕਰਾਉਣ ਲਈ ਇਨਨਾਂ ਸੇਵਾਵਾਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ। ਦੇਸ਼ ਦਾ ਅੰਨ ਦਾਤਾ ਹੋਣ ਕਰਕੇ ਕਿਸਾਨਾਂ ਨੂੰ ਬੁਢਾਪਾ ਪੈਨਸ਼ਨ ਸ਼ੁਰੂ ਕੀਤੀ ਜਾਵੇ।

ਖੁਦਕੁਸ਼ੀਆਂ ਅਤੇ ਖੇਤੀ ਸੰਕਟ ਦੇ ਹੱਲ ਲਈ ਸਹਿਕਾਰੀ ਖੇਤੀ ਪ੍ਰਨਾਲੀ ਨੂੰ ਵਿਕਸਤ ਕਰਨਾ ਚਾਹੀਦਾ ਹੈ। ਪਹਿਲੀ ਪੱਧਰ ਉੱਤੇ ਸੀਮਾਂਤ ਅਤੇ ਛੋਟੀ ਕਿਸਾਨੀ ਨੂੰ 'ਸਹਿਕਾਰੀ ਖੇਤੀ ਪ੍ਰਨਾਲੀ' 'ਚ ਜਥੇਬੰਦ ਕਰਕੇ ਹੌਲੀ-ਹੌਲੀ ਇਸ ਨੂੰ 'ਰਾਜਕੀ ਖੇਤੀ ਪ੍ਰਨਾਲੀ' ਵਿੱਚ ਤਬਦੀਲ ਕਰਕੇ ਸਰਕਾਰੀ ਖੇਤਰ ਅਧੀਨ ਲਿਆਉਣਾ ਚਾਹੀਦਾ ਹੈ। ਦਰਮਿਆਨੀ ਕਿਸਾਨੀ ਨੂੰ 'ਸਮੂਹਿਕ ਖੇਤੀ ਪ੍ਰਨਾਲੀ' ਲਈ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਲੈਂਡ ਸੀਲਿੰਗ ਕਾਨੂੰਨ ਨੂੰ ਅਮਲੀ ਰੂਪ 'ਚ ਲਾਗੂ ਕਰਕੇ ਵਾਧੂ ਜ਼ਮੀਨ 'ਤੇ ਵੀ 'ਰਾਜਕੀ ਖੇਤੀ ਪ੍ਰਨਾਲੀ' ਲਾਗੂ ਕੀਤੀ ਜਾਣੀ ਚਾਹੀਦੀ ਹੈ। ਅੰਤ ਸਮੁੱਚੀ ਜ਼ਰਈ ਆਰਥਿਕਤਾ ਨੂੰ 'ਰਾਜਕੀ ਖੇਤੀ ਪ੍ਰਨਾਲੀ' 'ਚ ਤਬਦੀਲ ਕਰਕੇ ਵੱਡੇ ਪੈਮਾਨੇ ਦੀ ਖੇਤੀ ਜਥੇਬੰਦ ਕਰਨੀ ਚਾਹੀਦੀ ਹੈ। ਅਜਿਹਾ ਕਰਕੇ ਹੀ ਜ਼ਰਈ ਉਤਪਾਦਨ ਨੂੰ ਨਿਯਮਤ ਕਰਕੇ ਖੇਤੀ ਵਿਭਿੰਨਤਾ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ। ਅਜਿਹੇ ਕਦਮ ਚੁੱਕ ਹੀ ਖੇਤੀਬਾੜੀ ਦੇ ਸੰਕਟ ਨੂੰ ਹੱਲ ਕਰਨ ਵੱਲ ਵਧਿਆ ਜਾ ਸਕਦਾ ਹੈ ਅਤੇ ਖੁਦਕੁਸ਼ੀਆਂ ਵਰਗੇ ਵਰਤਾਰੇ ਨੂੰ ਰੋਕਿਆ ਜਾ ਸਕਦਾ ਹੈ।

# ਸਾਮਰਾਜ ਦੀ ਉਪਜ ਦਹਿਸ਼ਤਗਰਦੀ, ਦਹਿਸ਼ਤਗਰਦੀ ਦੀ ਉਪਜ ਰਫਿਊਜੀ ਸੰਕਟ

(ਸਫ਼ਾ 32 ਦੀ ਬਾਕੀ)

ਕਨੂੰਨ ਦੀ ਰਾਖੀ ਲਈ ਕੋਈ ਗੰਭੀਰ ਤਰਦਦ ਨਾ ਕੀਤੇ। ਗੁੰਡੇ ਤੇ ਜਨੂੰਨੀ ਫਿਰਕਾਪ੍ਰਸਤ ਪਾਗਲਾਂ ਵਾਂਗ ਲੋਕਾਂ ਦੇ ਖੂਨ ਦੀ ਹੋਲੀ ਖੇਡਦੇ ਰਹੇ, ਔਰਤਾਂ ਦੇ ਬਲਾਤਕਾਰ ਕਰਦੇ ਰਹੇ। ਉਸੇ ਹੀ ਚਾਲ ਦਾ ਸਿੱਟਾ ਅੱਜ ਭਾਰਤੀ ਉਪ-ਮਹਾਂਦੀਪ ਵਿੱਚ ਹਿੰਦੂ, ਸਿੱਖ ਤੇ ਮੁਸਲਿਮ ਕੌਮਾਂ ਭੁਗਤ ਰਹੀਆਂ ਹਨ। ਇਹ ਲੜਦੀਆਂ ਰਹਿਣ ਤੇ ਅਸੀਂ ਦੋਹਾਂ ਲੜਦੀਆਂ ਬਿੱਲੀਆਂ ਦਰਮਿਆਨ ਬਾਂਦਰ ਚਾਲਾਂ ਚੱਲਦੇ ਰਹੀਏ। ਸਿੱਟਾ ਇਹ ਹੈ ਕਿ ਭਾਰਤੀ ਉਪ-ਮਹਾਂਦੀਪ ਅੱਜ ਤੱਕ ਤਿੰਨ ਵੱਡੀਆਂ ਜੰਗਾਂ ਵੇਖ ਚੁੱਕਿਐ ਅਤੇ ਚੌਥੀ ਨਿਊਕਲੀਅਰ ਦੇ ਦਹਾਨੇ 'ਤੇ ਬੈਠਾ ਹੈ। ਏਦਾਂ ਹੀ ਅਮਰੀਕੀ ਸਾਮਰਾਜ ਨੇ ਰੂਸ ਨੂੰ ਅਫਗਾਨਿਸਤਾਨ 'ਚੋਂ ਕੱਢਣ ਲਈ ਮੁਜਾਹਦੀਨ ਨੂੰ ਸ਼ਸਤਰਬਧ ਕੀਤਾ, ਸਿਖਲਾਈ ਦਿੱਤੀ। ਪਰ ਹੁਣ ਉਹ ਅਮਰੀਕਨ ਕੰਟਰੋਲ ਤੋਂ ਬਾਹਰ ਹੋ ਚੁੱਕੇ ਹਨ। ਉਹੋ ਹੀ ਹੁਣ ਅਲਕਾਇਦਾ ਤੇ ਤਾਲਿਬਾਨ ਆਦਿ ਦੇ ਅਨੇਕਾਂ ਗੁੱਟਾਂ, ਸਮੂਹਾਂ ਦੇ ਰੂਪ ਵਿੱਚ ਏਡੀ ਵੱਡੀ ਦਹਿਸ਼ਤਗਰਦੀ ਫੈਲਾ ਰਹੇ ਹਨ ਕਿ ਉਹ ਲੋਕਾਂ ਲਈ ਇੱਕ ਵੱਡੀ ਸਮੱਸਿਆ ਬਣ ਖਲੋਤੇ ਹਨ। ਉਹ ਫੌਜੀ ਛਾਉਣੀਆਂ, ਸਮੁੰਦਰੀ ਤੇ ਹਵਾਈ ਅੱਡਿਆਂ, ਸਕੂਲਾਂ ਅਤੇ ਮਸਜਿਦਾਂ 'ਤੇ ਆਤਮਘਾਤੀ ਹਮਲੇ ਕਰਨ ਤੋਂ ਵੀ ਦਰੇਗ ਨਹੀਂ ਕਰਦੇ। ਜਿਸ ਕਰਕੇ ਪਾਕਿਸਤਾਨ ਤੇ ਹਿੰਦੁਸਤਾਨ ਵਿੱਚ ਅਮਨ ਕਾਨੂੰਨ ਦੀ ਅਵਸਥਾ ਬਹਾਲ ਨਹੀਂ ਹੋ ਰਹੀ।

ਸੰਨ 1951 ਦੇ ਜਨੇਵਾ ਸਮਝੌਤੇ ਅਨੁਸਾਰ ਏਦਾਂ ਦੀ ਖਾਨਾਜੰਗੀ ਕਾਰਨ ਬੇਘਰੇ ਲੋਕ ਸ਼ਰਨਾਰਥੀ ਹੁੰਦੇ ਹਨ। ਬਰਾਏ ਮਿਹਰਬਾਨੀ ਸਾਮਰਾਜੀ ਜੰਗਬਾਜ਼ਾਂ ਦੇ। ਸਾਬਤ ਹੋ ਗਿਆ ਹੈ ਕਿ ਵਿਦਰੋਹੀਆਂ ਵੱਲੋਂ ਵਰਤੇ ਜਾਂਦੇ ਹਥਿਆਰ ਅਮਰੀਕਨ ਮਾਰਕਾ ਹਨ। ਅਮਰੀਕਾ ਸੀਰੀਆ ਨੂੰ ਨਿਰੀ ਹਥਿਆਰਾਂ ਦੀ ਮੰਡੀ ਵੱਜੋਂ ਹੀ ਨਹੀਂ ਵਰਤ ਰਿਹਾ, ਸਗੋਂ ਉਸ ਦੇ ਤੇਲ ਖੂਹਾਂ 'ਤੇ ਆਪਣੀ ਸਾਮਰਾਜੀ ਲੋਟੂ ਅੱਖ ਵੀ ਰੱਖਦੈ। ਅੱਜ ਦੇ ਮਾਹੌਲ ਵਿੱਚ ਜੋ ਵਾਪਰ ਰਿਹਾ ਹੈ ਉਸ ਦੀ ਨਿਸ਼ਾਨਦਹੀ ਦੀਆਂ ਪੈੜਾਂ ਸਪਸ਼ਟ ਤੌਰ ਤੇ ਅਮਰੀਕਨ ਸਾਮਰਾਜ ਤੇ ਉਸ ਦੇ ਸਹਿਯੋਗੀਆਂ ਦੇ ਦਰਾਂ ਤੱਕ ਪਹੁੰਚ ਰਹੀਆਂ ਹਨ। ਸੀਰੀਅਨ ਰਾਸ਼ਟਰਪਤੀ, ਬਸ਼ਰ-ਅਲ-ਅਸਦ, ਸ਼ਰ੍ਹੇਆਮ ਇਸ ਸੰਤਾਪ ਦੀ ਜ਼ਿੰਮੇਵਾਰੀ ਪੱਛਮੀ ਸਾਮਰਾਜੀ ਸ਼ਕਤੀਆਂ ਦੇ ਸਿਰ ਮੜਦਾ ਹੈ। ਜਰਮਨ ਦੇ ਚਾਂਸਲਰ ਨੇ ਵੀ ਖੁੱਲ੍ਹਕੇ ਕਿਹਾ ਹੈ ਕਿ ਪੱਛਮੀ ਦੇਸ਼ਾਂ ਨੇ ਹੀ ਇਹ ਸੰਕਟ ਪੈਦਾ ਕੀਤਾ ਹੈ। ਹੁਣ ਰਫਿਊਜੀ ਮਸਲੇ ਨੂੰ ਸੰਭਾਲਣਾ ਵੀ ਇਨ੍ਹਾਂ ਦਾ ਫਰਜ਼ ਬਣਦੈ। ਇਸ ਇੱਕ ਕਰੋੜ ਸ਼ਰਨਾਰਥੀਆਂ ਨੂੰ ਕੱਲਾ ਇੱਕ ਦੇਸ਼ ਸੰਭਾਲ ਨਹੀਂ ਸਕਦਾ। ਇਸ ਧੱਕੇਸ਼ਾਹੀ ਦੇ ਖੌਫ਼ਨਾਕ ਤੇ ਹੌਲਨਾਕ ਸਿੱਟਿਆਂ ਨੂੰ ਨਜਿੱਠਣਾ ਵੀ ਪੱਛਮੀ ਦੇਸ਼ਾਂ ਦੀ ਹੀ ਸਾਂਝੀ ਜ਼ਿੰਮੇਵਾਰੀ ਹੈ। ਏਦਾਂ ਦੇ ਕਾਰਿਆਂ ਦਾ ਸੂਤਰਧਾਰ ਸਾਮਰਾਜੀ ਗੱਠਜੋੜ ਦਾ ਆਗੂ ਨਿਸ਼ਚੇ ਹੀ ਅਮਰੀਕਾ ਨੂੰ ਹੀ ਸਮਝਿਆ ਜਾਂਦੈ। ਯੂ ਐੱਨ ਓ ਮੁਤਾਬਕ ਹੁਣ ਤੱਕ 40 ਲੱਖ ਸ਼ਰਨਾਰਥੀ ਆਸਰੇ ਦੀ ਉਡੀਕ ਵਿੱਚ ਭਟਕ ਰਹੇ ਹਨ। ਅਸਲ ਵਿੱਚ ਇਹ ਗਿਣਤੀ 1 ਕਰੋੜ ਤੋਂ ਵੱਧ ਹੈ। ਸੀਰੀਆ ਦੇ ਇਸ ਨਰਸੰਘਾਰ ਦਾ ਜਿੰਮੇਵਾਰ ਤੇ ਕੇਵਲ ਅਮਰੀਕਾ ਤੇ ਉਸ ਦੇ ਸਹਿਯੋਗੀ ਪੱਛਮੀ ਸਾਮਰਾਜੀ ਸਰਕਾਰਾਂ ਹਨ।

ਸਪਸ਼ਟ ਹੋ ਚੁੱਕਾ ਹੈ ਕਿ ਅਮਰੀਕਾ ਨੇ ਲਿਬਾਨ, ਇਰਾਕ, ਸੀਰੀਆ, ਮਿਸਰ, ਲੀਬੀਆ ਦੇ ਤੇਲ ਖੂਹਾਂ 'ਤੇ ਕਬਜ਼ੇ ਕਰਨ ਦੀ ਨੀਤ ਨਾਲ ਲੋਕਾਂ ਨੂੰ ਸਰਕਾਰਾਂ ਖਿਲਾਫ ਭੜਕਾਉਣ ਦੇ ਰਾਹੇ ਪਾਇਆ। ਪਰ ਮਜ਼ਹਬੀ ਦਹਿਸ਼ਤਗਰਦੀ ਬੇਲਗਾਮ ਰੂਪ ਧਾਰ ਚੁੱਕੀ ਹੈ। ਅਮਰੀਕਾ ਦਾ ਖਿਆਲ ਸੀ ਕਿ ਉਹ ਸੀਮਤ ਜਿਹੀ ਦਹਿਸ਼ਤਗਰਦੀ ਕਾਇਮ ਰੱਖੇਗੇ, ਇਸ ਖਿੱਤੇ ਦੇ ਲੋਕਾਂ ਨੂੰ ਆਪਣੀ ਮੁੱਠੀ 'ਚ ਕਰਕੇ ਆਪਣੀ ਮਰਜ਼ੀ ਕਰੇਗਾ, ਪਰ ਦਹਿਸ਼ਤਗਰਦੀ ਦਾ ਪ੍ਰੇਤ ਉਨ੍ਹਾਂ ਲਈ ਮੁਸੀਬਤਾਂ ਤੇ ਮੁਸੀਬਤਾਂ ਪੈਦਾ ਕਰ ਰਿਹੈ। ਸੰਸਾਰ ਦੀ ਉਹ ਕਿਹੜੀ ਖਾਨਾਜੰਗੀ ਹੈ ਜਿੱਥੇ ਅਮਰੀਕਨ ਫੌਜਾਂ ਨੇ ਸੁਖੀ ਵੱਸਦੇ ਦੇਸ਼ਾਂ ਵਿੱਚ ਜਾਕੇ ਆਪਣੀ ਦਖ਼ਲਅੰਦਾਜ਼ੀ ਨਾ ਕੀਤੀ ਹੋਵੇ। ਅਫਗਾਨਿਸਤਾਨ, ਪਾਕਿਸਤਾਨ, ਸੀਰੀਆ, ਇਰਾਕ, ਆਦਿ ਵਿੱਚ ਅਮਰੀਕਨ ਸਾਮਰਾਜ ਇੱਕ ਪਾਸੇ ਦਹਿਸ਼ਤਗਰਦੀ ਨੂੰ ਹਲਾਸ਼ੇਰੀ ਦਿੰਦਾ ਹੈ, ਦੂਜੇ ਪਾਸੇ ਸਰਕਾਰ ਨੂੰ ਇਸ ਦਾ ਮੁਕਾਬਲਾ ਕਰਨ ਲਈ ਸਹਾਇਤਾ ਵੀ ਵੰਡੀ ਜਾਂਦੈ। ਉੱਤਰੀ ਵੀਤਨਾਮ ਪਿੱਛੋਂ, ਇਸ ਦਾ ਅਰਬਦੇਸ਼ਾਂ ਦੇ ਤੇਲ ਸਰੋਤਾਂ 'ਤੇ ਕਾਬਜ਼ ਹੋਣ ਦੀਆਂ ਚਾਲਾਂ ਦਾ ਛੜਯੰਤਰ ਇੱਕ ਲੜੀਵਾਰ ਇਤਿਹਾਸ ਹੈ। ਜੰਗਾਂ ਹੋਈਆਂ। ਇਸ ਦਾ ਹੀ ਥਾਪੜਾ ਪ੍ਰਾਪਤ ਓਸਾਮਾ ਬਿਨ ਲਾਦੈਨ ਦੇ ਦਹਿਸ਼ਤਗਰਦਾਂ ਨੇ ਜਦੋਂ ਵਰਲਡ ਟਰੇਡ ਸੈਂਟਰ 'ਤੇ ਸਿੱਧੇ ਹੀ ਜਹਾਜ਼ ਆ ਠੋਕੇ ਤਾਂ ਉੱਤਰੀ ਅਮਰੀਕਾ ਦੇ ਲੋਕ ਤਰਹਾ ਤਰਹਾ ਕਰ ਉੱਠੇ। ਪਰ ਇਹਦੇ ਮੂੰਹ ਨੂੰ ਲਹੂ ਲੱਗਾ ਹੋਇਐ। ਇਸ ਸਾਮਰਾਜੀ ਸ਼ਕਤੀ ਹਾਲੀ ਵੀ ਕਿਹੜੀ ਬਾਜ ਆਉਂਦੀ ਹੈ। ਹਾਲੀ ਵੀ ਆਲਮੀ ਪੁਲਿਸਮੈਨ ਬਣ ਇੱਕ ਨਾ ਇੱਕ ਦੇਸ਼ ਵਿੱਚ ਲੂਤੀ ਲਾਈ ਰੱਖਦੈ। ਇਰਾਕ ਦਾ ਸ਼ਾਸਕ ਸਦਾਮ ਹੁਸੈਨ ਜਿਵੇਂ ਕਿਵੇਂ ਆਪਣੇ ਦੇਸ਼ ਨੂੰ ਸੰਭਾਲੀ ਬੈਠਾ ਸੀ। ਰਾਸ਼ਟਰਪਤੀ ਬੁਸ਼ 'ਇਸ ਕੋਲ ਜੈਨੋਸਾਈਡ ਹਥਿਆਰ ਹਨ' ਦੀ ਮੁਹਾਰਨੀ ਉਚਾਰਦਿਆਂ ਹਮਲਾ ਕਰਨੋ ਬਾਜ ਨਾ ਆਇਆ। ਯੂ ਐਨ ਓ ਨੇ ਵੀ ਇਸ ਨੂੰ ਬੜਾ ਰੋਕਿਆ। ਸਕਿਉਰਿਟੀ ਕੌਂਸਲ ਦੀਆਂ ਜਾਂਚ ਟੀਮ ਨੇ ਵੀ ਕਿਹਾ ਕਿ ਇਸ ਦੇ ਭੰਡਾਰਾਂ ਵਿੱਚ ਏਦਾਂ ਦੇ ਕੋਈ ਹਥਿਆਰ ਨਹੀਂ ਹਨ। ਹਮਲਾ ਕਰ ਦਿੱਤਾ। ਤਬਾਹੀ ਹੋਈ। ਪਰ ਉੱਥੋਂ ਆਪ ਤਾਂ ਨਿਕਲ ਆਇਆ ਹੈ ਪਰ ਦਹਿਸ਼ਤਗਰਦੀ ਹਾਲੀ ਵੀ ਬੇਕਾਬੂ ਹੈ। ਜਿਸ ਦਾ ਸੰਤਾਪ ਇਰਾਕੀ ਭੋਗ ਰਹੇ ਹਨ। ਉੱਥੇ ਹੀ ਇਨ੍ਹਾਂ ਦੀ ਸੀਰੀਆ ਵਿੱਚ ਬਣਾਈ ਆਈ ਐੱਸ ਆਈ ਐੱਸ ਦਨਦਨਾਉਂਦੀ ਫਿਰਦੀ ਹੈ। ਹਰ ਰੋਜ਼ ਮਨੁੱਖੀ ਘਾਣ ਦੀਆਂ ਲੂੰਕੰਡੇ ਖੜ੍ਹੇ ਕਰਨ ਵਾਲੀਆਂ ਖ਼ਬਰਾਂ ਆ ਰਹੀਆਂ ਹਨ। ਹਜ਼ਮ ਇਨ੍ਹਾਂ ਨੂੰ ਇਰਾਨ ਵੀ ਨਹੀਂ ਸੀ ਹੁੰਦਾ। ਪਰ ਉਨ੍ਹੇ ਕਿਸੇ ਨਾ ਕਿਸੇ ਤਰੀਕੇ ਆਪਣੀ ਪ੍ਰਮਾਣੂ ਸ਼ਕਤੀ ਤੇ ਕੂਟਨੀਤਕ ਸੂਝ ਨਾਲ ਇਸ ਨੂੰ ਆਪਣੇ ਸਹੀ ਥਾਂ ਰਹਿਣ ਲਈ ਜ਼ਰੂਰ ਮਜਬੂਰ ਕਰ ਦਿੱਤੈ।

ਜਦੋਂ ਮਨੁੱਖੀ ਅਧਿਕਾਰਾਂ ਦੀਆਂ ਟਾਰ੍ਹਾਂ ਮਾਰਨ ਵਾਲੇ ਨੂੰ ਲੋਕਾਂ ਨੇ ਸ਼ਰਮਸਾਰ ਕੀਤਾ ਤਾਂ ਕੋਟੇ ਲਾਕੇ ਸਮੱਸਿਆ ਨਜਿੱਠਣ ਦਾ ਭਰਮ ਪਾਲਿਆ ਜਾ ਰਿਹਾ ਹੈ। ਪਰ ਇਨ੍ਹਾ ਮਸਲਿਆਂ ਦਾ ਪੱਕਾ ਤੇ ਪਾਏਦਾਰ ਹੱਲ ਏਦਾਂ ਦੀ ਨੀਤੀ ਛਡਿਆਂ ਲੱਭਣਾ ਹੈ। ਇਹ ਹੀ ਅਕਲ ਦੀ ਗੱਲ ਹੈ। ਇਹੋ ਜਿਹੀਆਂ ਕਾਰਵਾਈਆਂ ਤੋਂ ਤੋਬਾ ਕਰੋ ਐ ਸਾਮਰਾਜੋ! ਪਰ ਇਹ ਕਿੱਥੇ ਛੱਡਣ ਵਾਲੇ ਹਨ। ਜਿਵੇਂ ਬਘਿਆੜ ਕਦੀ ਘਾਹ ਨਹੀਂ ਖਾਂਦੇ, ਓਵੇਂ ਹੀ ਇਹ ਸਾਮਰਾਜੀ ਸ਼ਕਤੀ ਹਰ ਦੇਸ਼ ਦੇ ਕੁਦਰਤੀ ਸਰੋਤਾਂ ਨੂੰ ਲੁੱਟਣ, ਮੰਡੀ ਬਣਾ ਮਾਲ ਵੇਚਣ ਨੂੰ ਛੱਡ ਨਹੀਂ ਸਕਦੀ। ਇਨ੍ਹਾਂ ਸਾਮਰਾਜੀ ਦੇਸ਼ ਆਪਣੇ ਲੋਟੂ ਕਾਰਪੋਰੇਟੀ ਮਾਲਕਾਂ ਤੋਂ ਬਾਹਰ ਜਾ ਹੀ ਨਹੀਂ ਸਕਦੇ। ਕਾਰਪੋਰੇਟਸ ਤਾਂ ਪਲਦੇ ਹੀ ਆਪਣੇ ਮਾਲ ਵਾਸਤੇ ਮੰਡੀਆਂ ਦੇ ਆਸਰੇ ਹੀ ਹਨ। ਦੂਜੇ ਦੇਸ਼ਾਂ ਦੇ ਸਰੋਤਾਂ ਨੂੰ ਲੁੱਟਣ ਤੇ ਲੋਕਾਂ ਨੂੰ ਖੌਫਜ਼ਦਾ ਕਰਕੇ ਆਪਣੀ ਈਨ ਮਨਾਉਣ ਲਈ ਧਰਮ, ਫਿਰਕਿਆਂ ਵਿੱਚ ਵੰਡੀਆਂ ਪਾ ਦਿੰਦੇ ਹਨ। ਇਸ ਕੰਮ ਲਈ ਇਨ੍ਹਾਂ ਨੇ ਜ਼ਰਖ਼ਰੀਦ ਏਜੰਟ ਛੱਡੇ ਹੁੰਦੇ ਹਨ। ਇਹ ਹੀ ਦਹਿਸ਼ਤਗਰੀ ਫੈਲਾਕੇ ਲੋਕ ਹਿਤੂ ਲਹਿਰਾਂ ਨੂੰ ਕੁਚਲਕੇ ਲੋਕ ਰਾਜਾਂ ਨੂੰ ਲੁੱਟ ਰਾਜ ਵਿੱਚ ਤਬਦੀਲ ਕਰਨ ਤੋਂ ਵੀ ਦਰੇਗ ਨਹੀਂ ਕਰਦੇ। ਕਦੀ ਅਮਰੀਕਾ ਦੀ ਥਾਪੜੀ ਨਾਲ ਤਿਆਰ ਹੋਇਆ ਅਲਕਾਇਦਾ ਓਭਾਰਿਆ ਗਿਆ ਸੀ ਹੁਣ ਇੱਕ ਨਵੇਂ ਰੂਪ ਵਿੱਚ ਆਈ ਐੱਸ ਆਈ ਐੱਸ ਵਿੱਚ ਉਹੋ ਕਾਰਜ ਕਰ ਰਿਹਾ ਹੈ ਜਿਹੜਾ ਤਾਲਿਬਾਨੀ ਅਲਕਾਇਦਾ ਹਾਲੀ ਤੱਕ ਕਰ ਰਿਹਾ ਹੈ।

ਕਾਰਪੋਰੇਟਸ ਦਾ ਦੁੰਮਛੱਲੀ ਸਰਕਾਰਾਂ ਕੀ ਜਾਣਨ ਇਸ ਸੰਤਾਪ ਨੂੰ! ਉਹ ਤਾਂ ਕੇਵਲ ਏਨਾਂ ਹੀ ਸੋਚਦੀਆਂ ਹਨ ਕਿ ਦੁਨੀਆਂ ਦੇ ਕੁਦਰਤੀ ਸਰੋਤਾਂ 'ਤੇ ਕਾਬਜ਼ ਕਿਵੇਂ ਕਰਨਾ ਹੈ ਅਤੇ ਆਲਮੀ ਮੰਡੀ 'ਚ ਮਾਲ ਕਿਵੇਂ ਖਪਾਉਣੈ ਤੇ ਮੁਨਾਫ਼ੇ ਕਿਵੇਂ ਕਮਾਉਣੇ ਨੇ। ਮਾਨਵਤਾ ਪਵੇ ਢੱਠੇਖੂਹ, ਮਰੇ ਜਾਂ ਖਪੇ! ਉਹ ਕੀ ਜਾਣਨ ਮਨੁੱਖੀ ਕਦਰਾਂ ਨੂੰ! ਬਿਆਨਾਂ 'ਚ ਮਨੁੱਖੀ ਰੱਖਿਆ, ਸੁਰੱਖਿਆ ਦੇ ਸੋਹਲੇ ਜ਼ਰੂਰ ਗਾਏ ਜਾਂਦੇ ਹਨ। ਨਿਰੀ 'ਮੂੰਹ 'ਚ ਰਾਮ ਰਾਮ, ਬਗਲ ਵਿੱਚ ਛੁਰੀ' ਵਾਲੀ ਗੱਲ।

ਅਕਲ ਦੀ ਗੱਲ ਏਥੇ ਹੀ ਮੁਕਦੀ ਹੈ ਕਿ ਹਰ ਦੇਸ਼ ਦੀ ਸਰਕਾਰ ਆਪਣੇ ਦੇਸ਼ਾਂ ਦੇ ਲੋਕ ਮਸਲਿਆਂ ਵੱਲ ਆਪਣੇ ਸਰੋਤਾਂ, ਸਾਧਨਾਂ ਨੂੰ ਜੁਟਾਏ। ਲੋਕਾਂ ਰਾਜਾਂ ਵਿੱਚ ਲੋਕ ਲਾਜ ਦੀ ਪਾਲਣਾ ਹੋਵੇ। ਲੋਕਾਂ ਲਈ ਆਸਾਨ, ਚੰਗੀ ਤੇ ਚੁਸਤ-ਫੁਰਤ ਮੁਫਤੀ ਤੋਂ ਉਚੇਰੀ ਸਿਹਤ ਸਹੂਲਤ ਦਾ ਪ੍ਰਬੰਧ ਹੋਵੇ। ਬੇਰੁਜ਼ਗਾਰੀ ਖ਼ਤਮ ਕੀਤੀ ਜਾਵੇ। ਲੋਕ ਵਧੀਆ ਸਿੱਖਿਆ, ਸਿਹਤ, ਸੁਰੱਖਿਆ ਸਹੂਲਤਾਂ ਵਿੱਚ ਸੁਖੀ ਵੱਸਣ। ਵੱਡੇ ਮਨੁਖੀ ਹਿਤਾਂ ਜਿਨ੍ਹਾਂ ਦੇ ਉਪਦੇਸ਼ ਹਰ ਧਰਮ ਤੇ ਲੋਕ ਚਿੰਤਨ ਦਿੰਦਾ ਹੈ ਦੀ ਪਾਲਣਾ ਕੀਤੀ ਜਾਵੇ। ਪਰ ਕੌਣ ਪੁੱਛਦੈ, ਸੁਣਦੈ ਇਨ੍ਹਾਂ ਅਕਲ ਦੀਆਂ ਗੱਲਾਂ ਨੂੰ ਇਸ ਕਾਰਪੋਰੇਟੀ ਸਾਮਰਾਜੀ ਧੱਕੜਸ਼ਾਹੀ ਦੇ ਬੰਬਾਂ ਤੇ ਜੰਗੀ ਮਿਜ਼ਾਈਲਾਂ ਦੀਆਂ ਗੂੰਜਾਂ ਵਿੱਚ ਭਰਾਵੋ! ਪਰ ਫਿਰ ਵੀ ਕਦੀ ਤਾਂ ਕਦੀ ਲੋਕ ਆਪਣੀਆਂ ਸਰਕਾਰਾਂ ਨੂੰ ਲੋਕ ਨੀਤੀਆਂ ਅਪਣਾਉਣ ਲਈ ਮਜਬੂਰ ਜ਼ਰੂਰ ਕਰਨਗੇ। 'ਕੂੜਿ ਨਿਖੁਟੇ ਨਾਨਕਾ, ਓੜਕ ਸੱਚ ਰਹੀ' ਜ਼ਰੂਰ ਹੋਵੇਗਾ। ਇਹ ਲੋਟੂ ਭੂਤ ਲੋਕ ਫਤਵੇ ਬਿਨਾਂ ਬਾਜ ਨਹੀਂ ਆਉਣੇ। ਜੇ ਇਨ੍ਹਾਂ ਕੋਲ ਦੇਸ਼ ਦੀ ਵਾਗਡੋਰ ਨਾ ਹੋਵੇ, ਤਾਂ ਇਹ ਏਦਾਂ ਨਹੀਂ ਕਰ ਸਕਣਗੇ। ਵੋਟਾਂ ਨਾਲ ਜਿੱਤਣ ਲੋਕ ਆਪਣੇ ਸਮਾਜਿਕ ਹਿਤਾਂ ਦੇ ਚਿੰਤਕ ਤੇ ਝੰਡਾਬਰਦਾਰ ਨੁਮਾਇੰਦਾ ਪਾਰਟੀਆਂ ਦੀ ਚੋਣ ਕਰਨ ਲੱਗ ਪਏ, ਓਦੋਂ ਵੇਖਿਓ ਆਲਮ ਭਰ ਵਿੱਚ ਸ਼ਾਂਤੀ, ਖ਼ੁਸ਼ਹਾਲੀ ਦੇ ਦਰ ਖੁੱਲ੍ਹ ਜਾਣਗੇ। ਹੁਣੇ ਹੁਣੇ ਆਕਸਫੋਰਡ ਬਰੁੱਕਸ ਯੂਨੀਵਰਸਟੀ, ਆਕਸਫੋਰਡ (ਯੂ.ਕੇ.) ਦੇ ਇੱਕ ਅਰਥ ਸ਼ਾਸਤਰ ਦੇ ਪ੍ਰੋਫੈਸਰ ਨੇ ਆਪਣੇ ਲੇਖ 'ਪੱਛਮ ਵਿੱਚ ਸਮਾਜਵਾਦੀ ਸਿਆਸਤ ਦੀ ਜ਼ੋਰਦਾਰ ਵਾਪਸੀ' ਵਿੱਚ ਬੜਾ ਠੋਸ ਓਲੇਖ ਕੀਤੈ। ਲੱਗਦੈ ਅੱਜ ਸਮਾਜਵਾਦੀ ਸੋਚ ਮੁੱਖ ਸਾਮਰਾਜੀ ਦੇਸ਼ਾਂ ਦੀਆਂ ਬਰੂਹਾਂ 'ਤੇ ਦਸਤਕ ਦੇ ਰਹੀ ਹੈ। ਗਰੀਸ, ਸਪੇਨ, ਕਿਊਬਾ, ਬਲੋਵੀਆ, ਵੈਨਜ਼ੂਏਲਾ ਤਾਂ ਇਸ ਦਿਸ਼ਾ 'ਚ ਤੁਰੇ ਪਏ ਹਨ। ਬਾਕੀਆਂ ਦੇ ਦਰ ਖੋਲ੍ਹਣ ਦਾ ਫੈਸਲਾ ਲੋਕਾਂ ਦੇ ਹੱਥ ਵਿੱਚ ਹੈ। ਲੋਕ ਹੀ ਆਪਣੀ ਹੋਣੀ ਦੇ ਸਿਰਜਣਹਾਰ ਹੁੰਦੇ ਹਨ, ਅਤੇ ਬਣ ਵੀ ਸਕਦੇ ਹਨ। ਇਸ ਲਈ ਲੋਕੋ! ਆਪਣੀਆਂ ਸਰਕਾਰਾਂ ਸੋਚ ਸਮਝਕੇ ਚੁਣੋ। ਐਵੇਂ ਮੂੰਹ ਮੁਲਾਹਜ਼ਿਆਂ ਦੇ ਦਬਾਅ ਹੇਠ ਵੋਟਾਂ ਨਾ ਪਾਓ! ਅਮੀਨ!

ਫੋਨ: 647-402-2170

# ਬਠਿੰਡੇ ਦੀ ਧਰਤੀ ਤੇ ਕਿਸਾਨ ਰੋਹ ਦੀਆਂ ਤਰੰਗਾ

(ਸਫ਼ਾ 9 ਦੀ ਬਾਕੀ)

ਕੁੱਝ ਵੀ ਕਹਿਣ ਲਈ ਸ਼ਬਦ ਨਹੀਂ ਹਨ।

ਜੋ ਅੱਜ ਵਾਪਰ ਰਿਹਾ ਹੈ ਉਹ 100 ਸਾਲ ਪਹਿਲਾਂ ਵੀ ਵਾਪਰਿਆ ਸੀ। ਵੀਹਵੀਂ ਸਦੀ ਦੇ ਪਹਿਲਾ ਦਹਾਕੇ, ਸਾਲ 1907,ਅੰਗਰੇਜ ਹਕੂਮਤ ਦੀਆਂ ਕਿਸਾਨ ਵਿਰੋਧੀ ਨੀਤੀਆਂ ਤੇ ਅਕਾਲਾਂ ਦੇ ਭੰਨੇ ਕਿਸਾਨਾਂ ਨੇ ਜਦੋਂ ਖੁਦਕੁਸ਼ੀਆਂ ਦਾ ਰਾਹ ਫੜ੍ਹਿਆ ਤਾਂ ਪੰਜਾਬ ਦੀ ਡੁੱਬਦੀ ਕਿਸਾਨੀ ਨੂੰ ਬਚਾਉਣ ਲਈ ਚਾਚੇ ਅਜੀਤ ਸਿੰਘ ਹੁਰਾਂ ਬੀੜਾ ਚੁੱਕਿਆ, 'ਪੱਗੜੀ ਸੰਭਾਲ ਜੱਟਾ ਦੀ ਅਵਾਜ ਗੂੰਜੀ। ਸਮੇਂ ਦੇ ਹਾਕਮ ਇਸ ਅਵਾਜ ਨੂੰ ਡਾਂਗਾਂ,ਗੋਲੀਆ, ਦੇਸ ਨਿਕਾਲਿਆਂ ਤੇ ਕਾਲੇ ਪਾਣੀਆਂ ਨਾਲ ਮੁਖਾਤਬ ਹੋਏ।ਅੱਜ ਸੌ ਸਾਲ ਤੋਂ ਉੱਪਰ ਗੁਜਰ ਗਏ ਹਨ,ਅੰਗਰੇਜ ਹਕੂਮਤ ਦਾ ਕਦੇ ਨਾ ਡੁੱਬਣ ਵਾਲਾ ਸੂਰਜ ਕਦੋਂ ਦਾ ਅਸਤ ਹੋ ਗਿਆ ਹੈ,ਲੋਕਾਂ ਨੇ ਵੱਖ-ਵੱਖ ਰੰਗਾਂ ਦੀਆਂ ਹਕੂਮਤਾਂ ਦੇ ਰੰਗ ਦੇਖੇ ਨੇ,ਪਰ 100 ਸਾਲ ਮਗਰੋਂ ਵੀ ਹਾਕਮਾਂ ਦਾ ਚਿਹਰਾ ਬਦਲਿਆ ਹੈ ਕਿਰਦਾਰ ਨਹੀਂ।

ਹਾਕਮਾਂ ਦੇ ਦਰ ਤੇ ਮੁਆਵਜੇ ਦੀ ਮੰਗ ਲੈਕੇ ਗਏ ਕਿਸਾਨਾ ਦਾ ਸਵਾਗਤ ਪੁਲਸੀ ਧਾੜਾਂ ਨੇ ਕੀਤਾ ਹੈ, ਰਾਹਾਂ, ਸੜਕਾਂ ਤੇ ਲੱਗੇ ਨਾਕਿਆਂ ਨੇ ਕੀਤਾ ਹੈ, ਬੋਲਣ ਦੇ ਹੱਕਾਂ ਤੇ ਪਾਬੰਦੀਆਂ ਨੇ ਕੀਤਾ ਹੈ। ਹਾਕਮ ਨੇ ਕਿਸਾਨੀ ਦੇ ਦਰਦ ਨੂੰ ਕੁਦਰਤੀ ਆਫਤ ਤੇ ਮਾਮੂਲੀ ਲਾਪ੍ਰਵਾਹੀ ਕਹਿ ਕੇ ਪੱਲਾ ਝਾੜ ਦਿੱਤਾ ਹੈ।ਲੋਕ ਖੇਤੀ ਮਸ਼ੀਨਰੀ ਤੋਂ ਲੈਕੇ ਪਾਲਤੂ ਡੰਗਰਾਂ ਤੱਕ ਵੇਚ ਰਹੇ ਹਨ ਤੇ ਹਕੂਮਤ 17-17 ਰੁਪਏ ਦੇ ਚੈੱਕ ਵੰਡ ਰਹੀ ਹੈ।ਲੋਕਾਂ ਦੇ ਘਰਾਂ 'ਚ ਸੱਥਰ ਵਿਛੇ ਹਨ ਤੇ ਉੱਪ ਮੁੱਖ-ਮੰਤਰੀ ਕਬੱਡੀ ਕੱਪਾਂ ਦਾ ਐਲਾਨ ਕਰ ਰਿਹਾ ਹੈ, ਫਿਲਮੀ ਹੀਰੋਇਨਾਂ ਦੇ ਨਾਚ ਤੇ ਕਰੋੜਾਂ ਖਰਚਣ ਜਾ ਰਿਹਾ ਹੈ। ਇਹ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਟਿੱਚ ਕਰਕੇ ਜਾਨਣ ਦੀ ਸਦੀਆਂ ਤੋਂ ਤੁਰੀ ਆਉਂਦੀ ਹਾਕਮਾਂ ਦੀ ਰੀਤ ਦਾ ਇਜਹਾਰ ਹੈ, ਕਿਸਾਨ ਹਿਤੈਸ਼ੀ ਪੰਥਕ ਹਾਕਮਾਂ ਦਾ ਅਸਲੀ ਕਿਰਦਾਰ ਹੈ ਜੋ ਸੌ ਸਾਲ ਪਹਿਲਾਂ ਦੇ ਦਿਨਾਂ ਦੀ ਯਾਦ ਤਾਜਾ ਕਰਵਾ ਰਿਹਾ ਹੈ।

ਇਹ ਨਹੀਂ ਕਿ ਪੰਜਾਬ ਵਿੱਚ ਅੱਜ ਤੋਂ ਪਹਿਲਾਂ ਕਦੇ ਏਡੇ ਇੱਕਠ ਨਹੀਂ ਹੋਏ, ਰੋਸ ਪ੍ਰਦਰਸ਼ਨ ਨਹੀਂ ਹੋਏ, ਜਾਂ ਪੰਜਾਬ ਦੇ ਲੋਕਾਂ ਨੇ ਹਕੂਮਤੀ ਜਬਰ ਨਹੀਂ ਦੇਖੇ ਪਰ ਅੱਜ ਪੰਜਾਬ, ਖਾਸਕਰ ਬਠਿੰਡੇ ਦੀ ਧਰਤੀ ਤੇ ਜੋ ਵਾਪਰ ਰਿਹਾ ਹੈ ਇਹ ਕੋਈ ਸਧਾਰਨ ਵਰਤਾਰਾ ਨਹੀਂ ਹੈ। ਇਸ ਵਰਤਾਰੇ 'ਚੋਂ ਉੱਠੇ ਸਵਾਲ ਵੱਡੇ ਹਨ ਜਿੰਨਾਂ ਨੇ ਬਹੁਤ ਕੁੱਝ ਨੂੰ ਕਟਿਹਰੇ 'ਚ ਖੜ੍ਹਾ ਦਿੱਤਾ ਹੈ।

ਕਿਸਾਨੀ ਖੁਦਕੁਸ਼ੀਆਂ ਦਾ ਵਰਤਾਰਾ ਪੰਜਾਬ ਦੀਆਂ ਹੱਦਾਂ ਤੱਕ ਮਹਿਦੂਦ ਨਹੀਂ ਹੈ, ਭਾਰਤ ਦੇ ਕੋਨੇ-ਕੋਨੇ 'ਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਇਹ ਖੁਦਕੁਸ਼ੀਆਂ 1947 ਤੋਂ ਮਗਰੋਂ ਦੇ 70 ਸਾਲਾਂ ਤੇ ਸਵਾਲ ਹਨ ਜਿਨ੍ਹਾਂ ਸਾਲਾਂ 'ਚ ਬਾਹਰੋਂ ਅਨਾਜ ਮੰਗਵਾਉਣ ਵਾਲਾ ਮੁਲਕ ਅੱਜ ਵਿਦੇਸ਼ਾਂ ਨੂੰ ਅਨਾਜ ਭੇਜਣ ਲੱਗ ਪਿਆ ਪਰ ਮੁਲਕ ਦਾ ਅੰਨਦਾਤਾ ਅੱਜ ਵੀ ਆਪਣਾ ਢਿੱਡ ਭਰਨ ਤੋਂ ਅਸਮਰੱਥ ਹੈ। ਇਹ ਖੁਦਕੁਸ਼ੀਆਂ ਸਵਾਲ ਹਨ ਹਰੇ ਇਨਕਲਾਬ ਦੇ ਲਾਰਿਆਂ ਤੇ ਜਿਨ੍ਹਾਂ ਮੁਲਕ ਦੀ ਕਿਸਾਨੀ ਨੂੰ ਗਰੀਬੀ, ਕਰਜ਼ਾ ਤੇ ਖੁਦਕੁਸ਼ੀਆਂ ਹੀ ਨਹੀਂ ਦਿੱਤੀਆਂ ਬਲਕਿ ਕੈਂਸਰ ਵਰਗੀਆਂ ਬਿਮਾਰੀਆਂ ਨੂੰ ਵੀ ਹਰ ਘਰ ਦੀ ਹੋਣੀ ਬਣਾ ਦਿੱਤਾ ਹੈ। ਇਹ ਨੀਤੀਆਂ ਆਰਥਕਤਾ ਦੇ ਉਸ ਮਾਡਲ ਤੇ ਵੀ ਪ੍ਰਸ਼ਨ ਚਿੰਨ ਹਨ ਜਿਸਨੂੰ ਲਾਗੂ ਕਰਨ ਲਈ ਸਾਡੇ ਮੁਲਕ ਦੇ ਹਾਕਮ ਪਿਛਲੇ ਤੀਹ ਸਾਲਾਂ ਤੋਂ ਲੱਗੇ ਹੋਏ ਹਨ, ਜਿਸ ਮਾਡਲ ਨੂੰ ਲਾਗੂ ਕਰਨ ਲਈ ਮੁਲਕ ਦਾ ਪ੍ਰਧਾਨ ਮੰਤਰੀ ਅੱਜ ਵੀ ਵਿਦੇਸ਼ੀ ਮੁਲਕਾਂ ਤੇ ਬਹੁ-ਕੌਮੀ ਕੰਪਨੀਆਂ ਦੀ ਦੇਹਲੀ ਤੇ ਅੱਡੀਆਂ ਘਸਾਉਂਦਾ ਫਿਰਦਾ ਹੈ।

ਰਾਜ-ਗੱਦੀ ਤੇ ਕਾਬਜ ਹੋਣ ਲਈ ਹਰ ਹਰਬਾ ਵਰਤਣ ਤੇ ਤਹੂ ਰਹਿੰਦੀਆਂ ਸਿਆਸੀ ਪਾਰਟੀਆਂ ਨੇ ਹਮੇਸ਼ਾ ਵਾਂਗ ਸਿਵਾਏ ਸਿਆਸੀ ਰੋਟੀਆਂ ਸੇਕਣ ਤੋਂ, ਇਸ ਮਸਲੇ ਤੇ ਕੁੱਝ ਵੀ ਕਰਨ ਤੋਂ ਗੁਰੇਜ ਕੀਤਾ ਹੈ। ਕਿਸੇ ਫਿਲਮੀ ਅਦਾਕਾਰਾ ਦੇ ਚਿਹਰੇ ਤੇ ਲੱਗੀ ਝਰੀਟ ਜਿਸ ਮੀਡੀਏ ਲਈ ਰਾਸ਼ਟਰੀ ਮਸਲਾ ਬਣ ਜਾਂਦੀ ਹੈ ਉਹਨੇ ਇਸ ਮਸਲੇ ਤੇ ਇੱਕ ਸ਼ਬਦ ਵੀ ਬੋਲਣਾ ਜ਼ਰੂਰੀ ਨਹੀਂ ਸਮਝਿਆ। ਇਹ ਇਨ੍ਹਾਂ ਦੇ ਲੋਕ ਦੋਖੀ ਕਿਰਦਾਰ ਦੀ ਗਵਾਹੀ ਹੈ।

ਅਮਰੀਕਾ ਤੋਂ ਆਇਆ ਖੇਤੀ ਮਾਹਰ ਖੇਤੀ ਮੇਲੇ 'ਚ ਮੁਫਤ ਬਿਜਲੀ ਪਾਣੀ ਦੀਆਂ ਸਹੂਲਤਾਂ ਤੇ ਸਬਸਿਡੀਆਂ ਨੂੰ ਹਾਸੋ-ਹੀਣਾ ਕਰਾਰ ਦਿੰਦਾ ਹੈ ਤੇ ਇਹਨਾਂ ਨੂੰ ਬੰਦ ਕਰਨ ਅਤੇ ਖੁਦਕੁਸ਼ੀਆਂ ਰੋਕਣ ਲਈ ਕਿਸਾਨਾਂ ਦੀ ਮਾਨਸਿਕ ਹਾਲਤ ਠੀਕ ਕਰਨ ਲਈ ਮਨੋ-ਵਿਗਿਆਨਕਾਂ ਦੀ ਸਿਫ਼ਾਰਸ਼ ਕਰ ਕੇ ਜਾਂਦਾ ਹੈ। ਉਸ ਦੇ ਬੋਲਾਂ 'ਚੋਂ ਆਉਣ ਵਾਲੇ ਸਮੇਂ 'ਚ ਮਿਹਨਤਕਸ਼ ਲੋਕਾਂ ਦੇ ਮਸਲਿਆਂ ਪ੍ਰਤੀ ਹਾਕਮਾਂ ਦੇ ਅਗਲੇ ਕਦਮਾਂ ਕਨਸੋਅ ਮਿਲਦੀ ਹੈ।

ਸ਼ਰਕਾਰ ਨੇ ਕਿਸਾਨਾਂ ਦੀ ਮੰਗ ਨੂੰ ਕੋਈ ਹੁੰਗਾਰਾ ਨਹੀਂ ਭਰਿਆ, ਲੋਕਾਂ ਦੇ ਸਬਰ ਤੇ ਸਿਦਕ ਦੀ ਅਜੇ ਹੋਰ ਪਰਖ ਹੋਣੀ ਹੈ, ਪਰ ਇਸਦੇ ਸਭ ਦੇ ਬਾਵਜੂਦ ਬਠਿੰਡੇ ਦੇ ਕਿਸਾਨ ਮੋਰਚੇ ਦੀ ਨੇ ਕਈ ਪ੍ਰਾਪਤੀਆਂ ਕੀਤੀਆਂ ਹਨ। ਸਭ ਤੋਂ ਮਹੱਤਵਪੂਰਨ ਇਹ ਹੈ ਕਿ ਇਸ ਕਿਸਾਨੀ ਅਤੇ ਖੇਤੀ ਸੰਕਟ ਦੀ ਗੰਭੀਰਤਾ ਅਤੇ ਤਿੱਖ ਨੂੰ ਉਭਾਰ ਦਿੱਤਾ ਹੈ। ਕਿਸਾਨੀ ਕਰਜਿਆਂ ਤੇ ਖੁਦਕੁਸ਼ੀਆਂ ਨੂੰ ਕਿਸਾਨੀ ਦੇ ਬੇਲੋੜੇ ਖਰਚਿਆਂ ਤੇ ਅਗਿਆਨਤਾ ਦਾ ਸਿੱਟਾ ਗਰਦਾਨਣ ਵਾਲਾ ਕੁਫਰਮਈ ਪ੍ਰਚਾਰ ਹੁਣ ਗਾਇਬ ਹੋ ਗਿਆ ਹੈ। ਲੰਗਰ ਲਈ ਰਾਸ਼ਨ ਲੈਣ ਗਏ ਕਿਸਾਨਾ ਤੋਂ ਦੁਕਾਨਦਾਰ ਸਮਾਨ ਦੇ ਪੈਸੇ ਲੈਣ ਤੋਂ ਇਨਕਾਰ ਕਰ ਦਿੰਦਾ ਹੈ।ਮੰਦਰ 'ਚ ਲੰਗਰ ਦੇਣ ਜਾ ਰਿਹਾ ਪਰਿਵਾਰ ਕਿਸਾਨ ਮੋਰਚਾ ਦੇਖ ਕੇ ਲੰਗਰ ਕਿਸਾਨਾਂ ਨੂੰ ਛਕਾ ਦਿੰਦਾ ਹੈ। ਇਹ ਕਿਸਾਨ ਸੰਘਰਸ਼ ਨਾਲ ਰਸਮੀ ਹਮਦਰਦੀ ਨਹੀਂ ਹੈ ਇਹ ਕਿਸਾਨੀ ਦੀ ਖੁਸ਼ਹਾਲੀ ਨਾਲ ਹੋਰਨਾਂ ਹਿੱਸਿਆਂ ਦੀ ਜੁੜਦੀ ਹੋਣੀ ਦੀ ਮਹੱਤਤਾ ਦਾ ਅਹਿਸਾਸ ਦਾ ਝਲਕਾਰਾ ਹੈ। ਹਕੂਮਤੀ ਨੀਤੀਆਂ ਪ੍ਰਤੀ ਲੋਕਾਂ 'ਚ ਤਿੱਖੇ ਹੋ ਰਹੇ ਰੋਸ ਦਾ ਪ੍ਰਗਟਾਵਾ ਹੈ। ਕਿਸਾਨ ਧਰਨੇ 'ਚ ਸਿਆਸੀ ਰੋਟੀਆਂ ਸੇਕਣ ਆਏ ਸਿਆਸੀ ਲੀਡਰਾਂ ਨੂੰ ਕਿਸਾਨਾ ਨੇ ਫਿਟਕਾਰ ਦਿੱਤਾ ਹੈ। ਖੇਤੀ ਮੇਲੇ 'ਚ ਕੁਫਰ ਤੋਲਦਾ ਅਕਾਲੀ ਮੰਤਰੀ ਲੋਕਾਂ ਦੇ ਇਕੱਠ 'ਚੋਂ ਲਾਜਵਾਬ ਹੋਕੇ ਭੱਜਿਆ ਹੈ।70 ਸਾਲਾ ਬਜੁਰਗ ਬਾਪੂ ਦੇ ਬੋਲਾਂ "ਸਪਰੇਅ ਨੀ ਕਰਨੀ ਆਈ ਸਾਨੂੰ, ਉਏ ਤੁਸੀਂ ਸਪਰੇਅ ਕਰਨੀ ਸਿਖਾਰਗੇ ਸਾਨੂੰ,ਕਾਲਜੇ ਮੱਚੇ ਪਏ ਆ ਉਏ ਸਾਡੇ" 'ਚੋਂ ਕਿਸਾਨੀ ਦਾ ਦਰਦ ਹੀ ਨਹੀਂ ਰੋਹ ਵੀ ਝਲਕਦਾ ਹੈ।

ਕਿਸਾਨ ਧਰਨੇ 'ਚ ਗੂੰਜਦੇ ਨਾਅਰਿਆਂ 'ਚੋਂ ਇੱਕ ਨਾਅਰਾ ਹੈ ਕਿ 'ਸਰਕਾਰਾਂ ਤੋਂ ਨਾ ਝਾਕ ਕਰੋ, ਆਪਣੀ ਰਾਖੀ ਆਪ ਕਰੋ'। ਕਿਸਾਨੀ ਦੇ ਇਸ ਨਾਅਰੇ 'ਚੋਂ ਲੋਕਾਂ ਦੇ ਆਪਣੀ ਹੋਣੀ ਆਪ ਘੜਣ ਦੇ ਰਾਹ ਤੇ ਅੱਗੇ ਕਦਮ ਵਧਾਉਣ ਦੇ ਸੰਕੇਤ ਮਿਲਦੇ ਹਨ।

ਕਿਸਾਨ ਧਰਨੇ 'ਚ ਖੁਦਕੁਸ਼ੀ ਕਰ ਗਏ ਕੁਲਦੀਪ ਸਿੰਘ ਦਾ ਅਜੇ ਸਿਵਾ ਨਹੀਂ ਬਲਿਆ। ਉਹਦਾ ਪਰਿਵਾਰ ਕਰਜੇ ਦੀ ਮਨਸੂਖੀ ਤੇ ਮੁਆਵਜੇ ਦੀ ਮੰਗ ਕਰ ਰਿਹਾ ਹੈ, ਸਰਕਾਰ ਨੇ ਉਹਦੇ ਪਰਿਵਾਰ ਨੂੰ 17 ਰੁਪਏ ਦਾ ਚੈੱਕ ਭੇਜਿਆ ਹੈ। ਮੇਰੇ ਕੋਲ ਇਹਦੇ ਬਾਰੇ ਕੁੱਝ ਵੀ ਕਹਿਣ ਲਈ ਸ਼ਬਦ ਨਹੀਂ ਹਨ।

# ਵਿਕੀਪੀਡੀਆ : ਗਿਆਨ ਇਨਕਲਾਬ ਅਤੇ ਪੰਜਾਬੀ



ਸੁਖਵੰਤ ਹੁੰਦਲ

ਇੰਟਰਨੈੱਟ ਦੀ ਆਮਦ ਨੇ ਜਾਣਕਾਰੀ ਦੇ ਸੰਚਾਰ ਅਤੇ ਸੰਭਾਲ ਦੇ ਖੇਤਰ ਵਿੱਚ ਇਕ ਇਨਕਲਾਬੀ ਤਬਦੀਲੀ ਲਿਆਂਦੀ ਹੈ। ਇਸ ਤਬਦੀਲੀ ਵਿੱਚ ਹਿੱਸਾ ਪਾਉਣ ਲਈ ਇੰਟਰਨੈੱਟ 'ਤੇ ਕਈ ਤਰ੍ਹਾਂ ਦੇ ਤਕਨੀਕੀ ਸਾਧਨ/ਪਲੇਟਫਾਰਮ/ਵਰਤਾਰੇ ਹੋਂਦ ਵਿੱਚ ਆਏ ਹਨ ਜਿਹਨਾਂ ਵਿੱਚੋਂ ਕੁੱਝ ਇਸ ਪ੍ਰਕਾਰ ਹਨः ਵਲਡ ਵਾਈਡ ਵੈੱਬ ਜਾਂ ਵੈੱਬ ਸਾਈਟ, ਗੂਗਲ, ਯਾਹੂ, ਅਤੇ ਉਹਨਾਂ ਵਰਗੇ ਹੋਰ ਸਰਚ ਇੰਜਨ, ਯੂ ਟਿਊਬ, ਫੇਸਬੁੱਕ ਅਤੇ ਸੋਸ਼ਲ ਮੀਡੀਏ ਨਾਲ ਸੰਬੰਧਤ ਹੋਰ ਸਾਧਨ, ਬਲਾਗ, ਵਿਕੀਪੀਡੀਆ ਆਦਿ। ਇਹਨਾਂ ਸਾਧਨਾਂ/ਵਰਤਾਰਿਆਂ ਵਿੱਚੋਂ ਜਿੱਥੇ ਬਹੁਤੇ ਵਪਾਰ ਅਤੇ ਮੁਨਾਫਾ ਕਮਾਉਣ ਲਈ ਕੰਮ ਕਰ ਰਹੇ ਹਨ ਅਤੇ ਵੱਡੀਆਂ ਕਾਰਪੋਰੇਸ਼ਨਾਂ ਵਲੋਂ ਚਲਾਏ ਜਾ ਰਹੇ ਹਨ, ਉੱਥੇ ਵਿਕੀਪੀਡੀਆ ਮੁਨਾਫੇ ਦੇ ਮਕਸਦ ਤੋਂ ਬਿਨਾਂ ਵੱਧ ਤੋਂ ਵੱਧ ਲੋਕਾਂ ਤੱਕ ਗਿਆਨ ਪਹੁੰਚਾਉਣ ਦੇ ਮਕਸਦ ਲਈ ਕੰਮ ਕਰ ਰਿਹਾ ਹੈ ਅਤੇ ਇਕ ਗੈਰ-ਮੁਨਾਫੇਦਾਰ (ਨਾਨ-ਪਰਾਫਿਟ) ਫਾਊਂਡੇਸ਼ਨ ਵਲੋਂ ਚਲਾਇਆ ਜਾ ਰਿਹਾ ਹੈ। ਵਿਕੀਪੀਡੀਏ ਉੱਪਰ ਜਾਣਕਾਰੀ ਅਤੇ ਗਿਆਨ ਦੀ ਸੰਭਾਲ ਦਾ ਕੰਮ ਦੁਨੀਆਂ ਭਰ ਵਿੱਚ ਫੈਲੇ ਅਣਗਿਣਤ ਵਲੰਟੀਅਰ ਲੋਕਾਂ ਵਲੋਂ ਕੀਤਾ ਜਾ ਰਿਹਾ ਹੈ। 6 ਜੂਨ 2015 ਦੀ ਗਿਣਤੀ ਅਨੁਸਾਰ ਅੰਗਰੇਜ਼ੀ ਵਿਕੀਪੀਡੀਏ ਉੱਪਰ 48 ਲੱਖ 86 ਹਜ਼ਾਰ 49 ਲੇਖ ਹਨ। ਅੰਗਰੇਜ਼ੀ ਵਿਕੀਪੀਡੀਏ ਦਾ ਸਾਈਟ ਸਭ ਤੋਂ ਵੱਧ ਦੇਖੇ ਜਾਣ ਵਾਲੇ ਸਿਖਰ ਦੇ 10 ਵੈੱਬਸਾਈਟਾਂ ਵਿੱਚੋਂ ਇਕ ਹੈ। ਅੰਗਰੇਜ਼ੀ ਸਮੇਤ ਵਿਕੀਪੀਡੀਆ ਦੁਨੀਆ ਦੀਆਂ 288 ਬੋਲੀਆਂ ਵਿੱਚ ਛਪਦਾ ਹੈ। ਇਹਨਾਂ ਵਿੱਚੋਂ 12 ਬੋਲੀਆਂ ਅਜਿਹੀਆਂ ਹਨ ਜਿਹਨਾਂ ਵਿੱਚ ਵਿਕੀਪੀਡੀਏ 'ਤੇ ਛਪਣ ਵਾਲੇ ਲੇਖਾਂ ਦੀ ਗਿਣਤੀ 10-10 ਲੱਖ ਤੋਂ ਵੱਧ ਹੈ। 40 ਬੋਲੀਆਂ ਅਜਿਹੀਆਂ ਹਨ ਜਿਹਨਾਂ ਵਿੱਚ ਵਿਕੀਪੀਡੀਏ 'ਤੇ ਛਪਣ ਵਾਲੇ ਲੇਖਾਂ ਦੀ ਗਿਣਤੀ 1-1 ਲੱਖ ਤੋਂ ਵੱਧ ਹੈ। ਛੇ ਜੂਨ 2015 ਦੀ ਗਿਣਤੀ ਅਨੁਸਾਰ ਸਾਰੀਆਂ 288 ਬੋਲੀਆਂ ਵਿੱਚ ਵਿਕੀਪੀਡੀਏ 'ਤੇ ਛਪਣ ਵਾਲੇ ਲੇਖਾਂ ਦੀ ਗਿਣਤੀ 3 ਕਰੋੜ 52 ਲੱਖ 56 ਹਜ਼ਾਰ 4 ਸੌ 99 ਹੈ। ਇਸ ਤਰ੍ਹਾਂ ਵਿਕੀਪੀਡੀਆ ਦੁਨੀਆ ਵਿੱਚ ਗਿਆਨ ਦਾ ਇਕ ਵੱਡਾ ਸ੍ਰੋਤ ਬਣ ਗਿਆ ਹੈ। ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਬਹੁਗਿਣਤੀ ਲੋਕ ਗਾਹੇ ਬਗਾਹੇ ਇਸ ਦੀ ਵਰਤੋਂ ਕਰਦੇ ਰਹਿੰਦੇ ਹਨ। ਇਸ ਲਈ ਇਸ ਸਾਧਨ/ਵਰਤਾਰੇ/ਪਲੇਟਫਾਰਮ ਦਾ ਨੋਟਿਸ ਲੈਣਾ, ਇਸ ਨੂੰ ਸਮਝਣਾ ਅਤੇ ਇਸ ਵਿੱਚ ਸ਼ਾਮਲ ਹੋਣਾ ਅੱਜ ਦੇ ਸਮੇਂ ਦੀ ਲੋੜ ਹੈ। ਇਸ ਮਕਸਦ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਸ ਲੇਖ ਵਿੱਚ ਵਿਕੀਪੀਡੀਏ ਦੇ ਸੰਕਲਪ, ਇਸ ਦੇ ਅੰਗਰੇਜ਼ੀ ਵਿੱਚ ਹੋਏ ਵਿਕਾਸ, ਅੰਗਰੇਜ਼ੀ ਤੋਂ ਬਾਅਦ ਦੂਜੀਆਂ ਭਾਸ਼ਾਵਾਂ ਵਿੱਚ ਹੋ ਰਹੇ ਕੰਮ ਅਤੇ ਫਿਰ ਪੰਜਾਬੀ ਵਿੱਚ ਹੋ ਰਹੇ ਯਤਨਾਂ ਬਾਰੇ ਗੱਲ ਕਰਾਂਗੇ। ਅੰਤ ਵਿੱਚ ਪੰਜਾਬੀ ਵਿੱਚ ਹੋ ਰਹੇ ਯਤਨਾਂ ਦਾ ਅੰਗਰੇਜ਼ੀ ਅਤੇ ਦੂਜੀਆਂ ਭਾਸ਼ਾਂਵਾਂ ਵਿੱਚ ਹੋ ਰਹੇ ਕੰਮ ਨਾਲ ਮੁਕਾਬਲਾ ਕਰ ਕੇ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਕੀ ਪੰਜਾਬੀ ਵਿਕੀਪੀਡੀਏ ਦੇ ਵਿਕਾਸ ਦੀ ਦਰ ਤਸੱਲੀਬਖਸ਼ ਹੈ? ਕੀ ਇਸ ਨੂੰ ਹੋਰ ਤੇਜ਼ ਕਰਨ ਦੀ ਲੋੜ ਹੈ? ਜੇ ਅਜਿਹਾ ਹੈ ਤਾਂ ਇਸ ਨੂੰ ਤੇਜ਼ ਕਿਵੇਂ ਕੀਤਾ ਜਾ ਸਕਦਾ ਹੈ?

**ਵਿਕੀਪੀਡੀਆ ਕੀ ਹੈ?**

ਵਿਕੀਪੀਡੀਏ ਦੇ ਆਪਣੇ ਸਾਈਟ 'ਤੇ ਲਿਖੇ ਸ਼ਬਦਾਂ ਅਨੁਸਾਰ ਇਹ ਇਕ "ਆਜ਼ਾਦ ਵਿਸ਼ਵਗਿਆਨਕੋਸ਼" ਹੈ, ਜਿਸ ਵਿੱਚ ਵੱਖ ਵੱਖ ਵਿਸ਼ਿਆਂ ਬਾਰੇ ਸਾਢੇ ਤਿੰਨ ਕਰੋੜ ਦੇ ਲਗਭਗ ਲੇਖ ਹਨ ਅਤੇ ਇਹ ਗਿਣਤੀ ਹਰ ਰੋਜ਼ ਵੱਧ ਰਹੀ ਹੈ। ਕੰਪਿਊਟਰ ਅਤੇ ਇੰਟਰਨੈੱਟ ਰੱਖਣ ਵਾਲਾ ਦੁਨੀਆ ਦਾ ਹਰ ਇਕ ਵਿਅਕਤੀ ਇਹਨਾਂ ਲੇਖਾਂ ਤੱਕ ਮੁਫਤ ਪਹੁੰਚ ਕਰ ਸਕਦਾ ਹੈ। ਵਿਕੀਪੀਡੀਏ ਬਾਰੇ ਗੱਲ ਕਰਦਿਆਂ, ਇਸ ਦਾ ਬਾਨੀ ਜਿੰਮੀ ਵੇਲਜ਼ ਕਹਿੰਦਾ ਹੈ, "ਇਕ ਅਜਿਹੇ ਸੰਸਾਰ ਦੀ ਕਲਪਨਾ ਕਰੋ, ਜਿਸ ਵਿੱਚ ਹਰ ਇਕ ਇਨਸਾਨ ਦੀ ਸਾਰੀ ਮਨੁੱਖਤਾ ਦੇ ਗਿਆਨ ਤੱਕ ਮੁਫਤ ਪਹੁੰਚ ਹੋਵੇ। ਅਸੀਂ ਇਹ ਕਰ ਰਹੇ ਹਾਂ।" ਬੇਸ਼ੱਕ ਇਸ ਸਮੇਂ ਦੁਨੀਆ ਵਿੱਚ ਕਾਫੀ ਗਿਣਤੀ ਵਿੱਚ ਲੋਕ ਕੰਪਿਊਟਰ ਅਤੇ ਇੰਟਰਨੈੱਟ ਤੱਕ ਪਹੁੰਚ ਦੀ ਅਣਹੋਂਦ ਕਾਰਨ ਵਿਕੀਪੀਡੀਏ ਤੱਕ ਪਹੁੰਚ ਨਹੀਂ ਕਰ ਸਕਦੇ, ਪਰ ਜਿਹਨਾਂ ਲੋਕਾਂ ਕੋਲ ਕੰਪਿਊਟਰ ਅਤੇ ਇੰਟਰਨੈੱਟ ਤੱਕ ਪਹੁੰਚ ਹੈ, ਉਹ ਇਸ ਸਾਈਟ 'ਤੇ ਮੌਜੂਦ ਜਾਣਕਾਰੀ ਅਤੇ ਗਿਆਨ ਦੇ ਭੰਡਾਰ ਦੀ ਮੁਫਤ ਵਰਤੋਂ ਕਰ ਸਕਦੇ ਹਨ। ਵਿਕੀਪੀਡੀਏ ਦੇ ਸੰਬੰਧ ਵਿੱਚ ਸਮਝਣ ਵਾਲੀ ਅਗਲੀ ਗੱਲ ਇਹ ਹੈ ਕਿ ਇਸ ਸਾਈਟ ਨੂੰ ਹਰ ਕੋਈ, ਬਿਨਾਂ ਕਿਸੇ ਰੁਕਾਵਟ ਦੇ, ਬਹੁਤ ਹੀ ਸੁਖਾਲੇ ਢੰਗ ਨਾਲ ਐਡਿਟ ਕਰ ਸਕਦਾ ਹੈ। ਭਾਵ ਇਸ ਜਾਣਕਾਰੀ ਅਤੇ ਗਿਆਨ ਦੇ ਭੰਡਾਰ ਨੂੰ ਵਰਤਣ ਦੇ ਨਾਲ ਨਾਲ ਇਸ ਨੂੰ ਸੋਧ ਸਕਦਾ ਹੈ ਅਤੇ ਇਸ ਵਿੱਚ ਹੋਰ ਵਾਧਾ ਕਰ ਸਕਦਾ ਹੈ। ਇਸ ਲਈ ਦੁਨੀਆ ਭਰ ਦੇ ਲੋਕ ਇਸ ਨੂੰ ਤਿਆਰ ਕਰਨ ਲਈ ਮਿਲ ਕੇ ਕੰਮ ਕਰ ਸਕਦੇ ਹਨ ਅਤੇ ਕਰ ਰਹੇ ਹਨ। ਇਹਨਾਂ ਗੱਲਾਂ ਦੇ ਆਧਾਰ 'ਤੇ ਅਸੀਂ ਇਸ ਸਾਧਨ/ਵਰਤਾਰੇ ਨੂੰ ਇਕ ਤਕਨੀਕੀ ਅਤੇ ਸਮਾਜਕ ਵਰਤਾਰੇ ਵਜੋਂ ਦੇਖ ਸਕਦੇ ਹਾਂ।

ਤਕਨੀਕੀ ਪੱਖ ਤੋਂ ਵਿਕੀਪੀਡੀਏ ਦੀ ਹੋਂਦ ਲਈ ਲੋੜੀਂਦੀਆਂ ਲੋੜਾਂ ਬਹੁਤ ਸਾਧਾਰਣ ਹਨ। ਇਸ ਦੀ ਹੋਂਦ ਲਈ ਇਕ ਡੈਟਾਬੇਸ, ਵੈੱਬ ਸਰਵਰ, ਵੈੱਬ ਬਰਾਉਜ਼ਰ ਅਤੇ ਵਿੱਕੀ ਸੌਫਟਵੇਅਰ ਪ੍ਰੋਗਰਾਮ ਦੀ ਲੋੜ ਹੈ। ਦੂਸਰੇ ਪਾਸੇ ਸਮਾਜਕ ਪੱਧਰ 'ਤੇ ਵਿਕੀਪੀਡੀਏ ਲਈ ਸਮੱਗਰੀ ਤਿਆਰ ਕਰਨ ਲਈ ਲੱਖਾਂ ਵਲੰਟੀਅਰਾਂ ਦੀ ਲੋੜ ਹੈ, ਜੋ ਇਸ ਕੰਮ ਲਈ ਆਪਣਾ ਸਮਾਂ, ਗਿਆਨ ਅਤੇ ਹੁਨਰ ਦਾਨ ਕਰਨ ਲਈ ਤਿਆਰ ਹੋਣ। ਇਹਨਾਂ ਲੱਖਾਂ ਵਲੰਟੀਅਰਾਂ ਦੇ ਭਾਈਚਾਰੇ ਵਲੋਂ ਮਿਲ ਕੇ ਕੰਮ ਕਰਨ ਲਈ ਨਿਯਮਾਂ ਅਤੇ ਪ੍ਰਬੰਧਕੀ ਢਾਂਚੇ ਦੀ ਲੋੜ ਹੈ। ਵਿਕੀਪੀਡੀਏ ਦੇ ਤਜਰਬੇ ਵਿੱਚ ਇਹ ਨਿਯਮ ਅਤੇ ਪ੍ਰਬੰਧਕੀ ਢਾਂਚਾ ਬਣਾਉਣ ਦਾ ਕੰਮ ਵੀ ਇਹ ਲੱਖਾਂ ਵਾਲੰਟੀਅਰ ਆਪ ਹੀ ਕਰਦੇ ਹਨ।

**ਅੰਗਰੇਜ਼ੀ ਵਿਕੀਪੀਡੀਏ ਦੀ ਸ਼ੁਰੂਆਤ ਅਤੇ ਵਿਕਾਸ**

ਅੰਗਰੇਜ਼ੀ ਵਿਕੀਪੀਡੀਆ 15 ਜਨਵਰੀ 2001 ਨੂੰ ਵਿਕੀਪੀਡੀਆ ਡਾਟ ਕਾਮ ਸਾਈਟ ਵਜੋਂ ਸ਼ੁਰੂ ਹੋਇਆ। ਇਸ ਦਾ ਮਕਸਦ ਦੁਨੀਆਂ ਦੇ ਸਾਰੇ ਗਿਆਨ ਨੂੰ ਇਕ ਥਾਂ 'ਤੇ ਇਕੱਤਰ ਕਰਨਾ ਸੀ ਤਾਂ ਕਿ ਲੋਕ ਇਸ ਤੱਕ ਮੁਫਤ ਪਹੁੰਚ ਕਰ ਸਕਣ। ਆਨਲਾਈਨ ਗਿਆਨਕੋਸ਼ (ਇਨਸਾਈਕਲੋਪੀਡੀਆ) ਬਣਾਉਣ ਦਾ ਇਹ ਸੰਕਲਪ ਉਸ ਸਮੇਂ ਆਨਲਾਈਨ 'ਤੇ ਉਪਲਬਧ ਦੂਸਰੇ ਗਿਆਨ ਕੋਸ਼ਾਂ- ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਤੇ ਮਾਈਕਰੋਸੌਫਟ ਦੇ ਇਨਕਾਰਤਾ-ਤੋਂ ਵੱਖਰਾ ਸੀ। ਇਹ ਦੋਵੇਂ ਆਨਲਾਈਨ ਗਿਆਨਕੋਸ਼ਾਂ ਦਾ ਮਕਸਦ ਮੁਨਾਫਾ ਕਮਾਉਣਾ ਸੀ। ਇਹਨਾਂ ਤੱਕ ਪਹੁੰਚ ਕਰਨ ਲਈ ਵਰਤੋਂਕਾਰ ਨੂੰ ਪੈਸੇ ਦੇਣੇ ਪੈਂਦੇ ਸਨ ਅਤੇ ਉਹਨਾਂ ਸਾਈਟਾਂ 'ਤੇ ਉਪਲਬਧ ਜਾਣਕਾਰੀ ਪੜ੍ਹਨ ਲਈ ਲਾਗ-ਇਨ ਕਰਨ ਲਈ ਪਾਸਵਰਡ ਦੀ ਜ਼ਰੂਰਤ ਸੀ। ਇਸ ਲਈ ਉਹਨਾਂ ਦੀ ਜਾਣਕਾਰੀ ਸਿਰਫ ਉਨ੍ਹਾਂ ਲੋਕਾਂ ਨੂੰ ਮਿਲ ਸਕਦੀ ਸੀ ਜੋ ਉਹਨਾਂ ਦੀ ਫੀਸ ਤਾਰਨ ਦੀ ਸਮਰੱਥਾ ਰੱਖਦੇ ਹੋਣ। ਪਰ ਵਿਕੀਪੀਡੀਏ ਦੇ ਬਾਨੀਆਂ ਦੀ ਸੋਚ ਅਨੁਸਾਰ ਵਿਕੀਪੀਡੀਏ 'ਤੇ ਅਜਿਹੀ ਕੋਈ ਬੰਦਸ਼ ਨਹੀਂ ਸੀ। ਕੰਪਿਊਟਰ ਅਤੇ ਇੰਟਰਨੈੱਟ ਤੱਕ ਪਹੁੰਚ ਰੱਖਣ ਵਾਲਾ ਕੋਈ ਵੀ ਵਿਅਕਤੀ ਬਿਨਾਂ ਕਿਸੇ ਪਾਸਵਰਡ ਅਤੇ ਲਾਗ ਇਨ ਖਾਤੇ ਦੇ ਇਹ ਜਾਣਕਾਰੀ ਪੜ੍ਹ ਸਕਦਾ ਸੀ।



ਵਿਕੀਪੀਡੀਏ ਨਾਲ ਸੰਬੰਧਤ ਦੂਸਰੀ ਵੱਖਰੀ ਗੱਲ ਇਹ ਸੀ/ਹੈ ਕਿ ਇਸ ਨੂੰ ਪੜ੍ਹਨ ਦੇ ਨਾਲ ਨਾਲ ਕੋਈ ਵੀ ਵਿਅਕਤੀ ਇਸ ਵਿੱਚ ਜਾਣਕਾਰੀ ਜੋੜ ਸਕਦਾ ਸੀ/ਹੈ ਅਤੇ ਇਸ ਦੇ ਸਫਿਆਂ ਨੂੰ ਸੋਧ (ਐਡਿਟ ਕਰ) ਸਕਦਾ ਸੀ/ਹੈ। ਇਸ 'ਤੇ ਕੀਤੀ ਜਾਣ ਵਾਲੀ ਹਰ ਇਕ ਤਬਦੀਲੀ ਦਾ ਰਿਕਾਰਡ ਰੱਖਿਆ ਜਾਣਾ ਸੀ/ਜਾਂਦਾ ਹੈ। ਇਸ 'ਤੇ ਜਾਣਕਾਰੀ ਜੋੜਨ ਅਤੇ ਸਫਿਆਂ ਨੂੰ ਸੋਧਣ ਲਈ ਵਿਅਕਤੀ ਨੂੰ ਕੋਈ ਖਾਤਾ ਖੁਲ੍ਹਾਉਣ ਅਤੇ ਪਾਸਵਰਡ ਬਣਾਉਣ ਦੀ ਲੋੜ ਨਹੀਂ ਸੀ/ਹੈ। ਪਰ ਜੇ ਵਿਅਕਤੀ ਚਾਹੇ ਤਾਂ ਆਪਣਾ ਖਾਤਾ ਵੀ ਖੋਲ੍ਹ ਸਕਦਾ ਸੀ/ਹੈ। ਖਾਤੇ ਖੋਲ੍ਹੇ ਤੋਂ ਬਿਨਾਂ ਤਬਦੀਲੀ ਕਰਨ ਖਾਤਾ ਖੋਲ੍ਹ ਕੇ ਆਪਣੇ ਵਰਤੋਂਕਾਰ ਨਾਂ ਹੇਠ ਤਬਦੀਲੀ ਕਰਨ ਵਿੱਚ ਸਿਰਫ ਏਨਾ ਫਰਕ ਹੈ ਕਿ ਜੇ ਤੁਸੀਂ ਖਾਤੇ ਖੋਲ੍ਹੇ ਤੋਂ ਬਿਨਾਂ ਕੋਈ ਜਾਣਕਾਰੀ ਪਾਉਂਦੇ ਹੋ ਜਾਂ ਕਿਸੇ ਜਾਣਕਾਰੀ ਨੂੰ ਸੋਧਦੇ ਹੋ ਤਾਂ ਰਿਕਾਰਡ ਵਿੱਚ ਤੁਹਾਡੇ ਕੰਪਿਊਟਰ ਦਾ ਆਈ ਪੀ ਨੰਬਰ ਆਉਂਦਾ ਹੈ ਅਤੇ ਜੇ ਤੁਸੀਂ ਖਾਤਾ ਖੁਲ੍ਹਵਾ ਕੇ ਇਸ 'ਤੇ ਜਾਣਕਾਰੀ ਪਾਉਂਦੇ ਹੋ ਜਾਂ ਇਸ ਦੀ ਜਾਣਕਾਰੀ ਸੋਧਦੇ ਹੋ ਤਾਂ ਸਿਰਫ ਤੁਹਾਡਾ ਵਰਤੋਂਕਾਰ ਵਜੋਂ ਰੱਖਿਆ ਨਾਂ ਹੀ ਰਿਕਾਰਡ ਵਿੱਚ ਆਉਂਦਾ ਹੈ। ਵਰਤੋਂ ਕਾਰ ਵਜੋਂ ਰੱਖੇ ਨਾਂ ਦੇ ਮੁਕਾਬਲੇ ਤੁਹਾਡਾ ਆਈ ਪੀ ਨੰਬਰ ਆਮ ਪਾਠਕਾਂ ਸਾਹਮਣੇ ਤੁਹਾਡੇ ਬਾਰੇ ਜ਼ਿਆਦਾ ਜਾਣਕਾਰੀ ਦਿਖਾਉਂਦਾ ਹੈ, ਇਸ ਲਈ ਬਹੁਤੇ ਲੋਕ ਖਾਤਾ ਖੋਲ੍ਹ ਕੇ ਇਸ ਵਿੱਚ ਜਾਣਕਾਰੀ ਪਾਉਂਦੇ ਹਨ। ਵਿਕੀਪੀਡੀਏ 'ਤੇ ਕਿਸੇ ਵੀ ਵਿਅਕਤੀ ਵਲੋਂ ਜਾਣਕਾਰੀ ਪਾਉਣ ਜਾਂ ਸੋਧ ਕਰ ਸਕਣ ਦੀ ਸੁਵਿਧਾ ਦਾ ਹੋਣਾ ਵਾਰਡ ਕਨਿੰਘਮ ਵਲੋਂ ਤਿਆਰ ਕੀਤੇ ਵਿੱਕੀ ਸਾਫਟਵੇਅਰ ਦੇ ਕਾਰਨ ਸੰਭਵ ਹੋ ਸਕਿਆ ਹੈ।

ਵਿਕੀਪੀਡੀਏ 'ਤੇ ਕਿਸੇ ਵੀ ਵਿਅਕਤੀ ਵਲੋਂ ਜਾਣਕਾਰੀ ਪਾ ਸਕਣ ਅਤੇ ਸੋਧ ਸਕਣ ਦੀ ਸੁਵਿਧਾ ਦਾ ਮਤਲਬ ਇਹ ਸੀ ਕਿ ਵਿਕੀਪੀਡੀਏ ਨੂੰ ਦੁਨੀਆ ਭਰ ਦੇ ਲੱਖਾਂ ਵਾਲੰਟੀਅਰਾਂ ਵਲੋਂ ਲਿਖਿਆ ਜਾਣਾ ਸੀ। ਵਾਲੰਟੀਅਰਾਂ ਵਲੋਂ ਲਿਖੇ ਜਾਣ ਦਾ ਨਤੀਜਾ ਇਹ ਹੋਇਆ ਕਿ ਸ਼ੁਰੂ ਤੋਂ ਹੀ ਵਿਕੀਪੀਡੀਏ 'ਤੇ ਲਿਖੇ ਜਾਣ ਵਾਲੇ ਆਰਟੀਕਲਾਂ ਦੀ ਗਿਣਤੀ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋ ਗਿਆ। ਇਸ ਦੇ ਵਿਕਾਸ ਬਾਰੇ ਐਂਡਰਿਊ ਲੀਹ ਦੀ ਕਿਤਾਬ ਵਿਕੀਪੀਡੀਆ ਰੈਵੂਲੂਸ਼ਨ ਵਿੱਚੋਂ ਕੁੱਝ ਅੰਕੜੇ ਪੇਸ਼ ਹਨ। ਜਨਵਰੀ 2001 ਦੇ ਅਖੀਰ 'ਤੇ ਵਿਕੀਪੀਡੀਏ ਉੱਤੇ 600 ਦੇ ਕਰੀਬ ਆਰਟੀਕਲ ਹੋ ਗਏ ਅਤੇ 12 ਫਰਵਰੀ 2001 'ਚ ਇਹ ਗਿਣਤੀ 1000 ਤੱਕ ਪਹੁੰਚ ਗਈ। ਇਕ ਸਾਲ ਬਾਅਦ ਜਨਵਰੀ 2002 ਵਿੱਚ ਇਸ ਉੱਤੇ ਮੌਜੂਦ ਆਰਟੀਕਲਾਂ ਦੀ ਗਿਣਤੀ 20,000 ਹੋ ਗਈ। ਪ੍ਰਬੰਧਕਾਂ ਅਨੁਸਾਰ ਇਸ ਸਮੇਂ ਵਿਕੀਪੀਡੀਏ ਉੱਤੇ ਹਰ ਰੋਜ਼ 200 ਲੋਕ ਕੰਮ ਕਰਦੇ ਸਨ, ਅਤੇ ਸਮੁੱਚੇ ਰੂਪ ਵਿੱਚ ਇਸ ਵਿੱਚ ਯੋਗਦਾਨ ਪਾਉਣ ਵਾਲੇ 1000 ਦੇ ਕਰੀਬ ਸਨ। ਮਾਰਚ 2003 ਵਿੱਚ ਵਿਕੀਪੀਡੀਏ 'ਤੇ ਮੌਜੂਦ ਆਰਟੀਕਲਾਂ ਦੀ ਗਿਣਤੀ 1 ਲੱਖ ਤੋਂ ਵੱਧ ਹੋ ਗਈ ਅਤੇ ਵਿਕੀਪੀਡੀਆ ਵਪਾਰਕ ਆਨਲਾਈਨ ਗਿਆਨਕੋਸ਼ਾਂ ਦੇ ਬਰਾਬਰ ਆ ਖੜ੍ਹਾ ਹੋਇਆ। ਮਾਰਚ 2005 ਵਿੱਚ ਵਿਕੀਪੀਡੀਏ 'ਤੇ 5 ਲੱਖ ਆਰਟੀਕਲ ਹੋ ਗਏ ਅਤੇ 2007 ਵਿੱਚ 20 ਲੱਖ ਤੋਂ ਵੱਧ। ਅੱਜ ਇਹਨਾਂ ਆਰਟੀਕਲਾਂ ਦੀ ਗਿਣਤੀ 48 ਲੱਖ ਤੋਂ ਵੱਧ ਹੈ।

48 ਲੱਖ ਤੋਂ ਵੱਧ ਆਰਟੀਕਲਾਂ ਦਾ ਇਹ ਗਿਆਨ ਭੰਡਾਰ ਕਿੰਨਾ ਕੁ ਵੱਡਾ ਹੈ, ਇਸ ਗੱਲ ਦਾ ਤਸੱਵਰ ਕਰਨ ਲਈ ਅਸੀਂ ਇਹ ਸਵਾਲ ਪੁੱਛ ਸਕਦੇ ਹਾਂ ਕਿ ਜੇ ਇੰਨੀ ਸਮੱਗਰੀ ਨੂੰ ਕਿਤਾਬੀ ਰੂਪ ਵਿੱਚ ਛਾਪਣਾ ਹੋਵੇ ਤਾਂ ਇਸ ਦੀਆਂ ਕਿੰਨੀਆਂ ਕਿਤਾਬਾਂ ਬਣਨਗੀਆਂ? ਫਰਵਰੀ 2014 ਵਿੱਚ ਲਾਏ ਇਕ ਅੰਦਾਜ਼ੇ ਮੁਤਾਬਕ ਉਸ ਸਮੇਂ ਤੱਕ ਵਿਕੀਪੀਡੀਏ 'ਤੇ ਛਪੀ ਸਮੱਗਰੀ ਨੂੰ ਕਿਤਾਬੀ ਰੂਪ ਵਿੱਚ ਛਾਪਣ ਲਈ ਬਾਰ੍ਹਾਂ ਬਾਰ੍ਹਾਂ ਸੌ ਸਫੇ ਦੀਆਂ 1000 ਕਿਤਾਬਾਂ ਛਾਪਣ ਦੀ ਲੋੜ ਪੈਣੀ ਸੀ। ਇਸ ਤੱਥ ਤੋਂ ਅਸੀਂ ਸਮਝ ਸਕਦੇ ਹਾਂ ਕਿ ਵਿਕੀਪੀਡੀਏ 'ਤੇ ਇਕੱਤਰ ਕੀਤਾ ਗਿਆ ਗਿਆਨ ਭੰਡਾਰ ਕਿੰਨਾ ਵਿਆਪਕ ਹੈ।

ਇਹਨਾਂ ਆਰਟੀਕਲਾਂ ਨੂੰ ਲਿਖਣ ਵਾਲੇ ਵਾਲੰਟੀਅਰਾਂ ਦੀ ਗਿਣਤੀ ਵਿੱਚ ਵੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਵੱਡਾ ਵਾਧਾ ਹੋਇਆ ਹੈ। ਇਹਨਾਂ ਵਾਲੰਟੀਅਰਾਂ ਦੀ ਗਿਣਤੀ ਦਾ ਰਿਕਾਰਡ ਰੱਖਣ ਲਈ ਇਹਨਾਂ ਨੂੰ ਵੱਖ ਵੱਖ ਸ੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਇਸ ਲਈ ਵਿਕੀਪੀਡੀਏ 'ਤੇ ਆਰਟੀਕਲ ਲਿਖਣ ਵਾਲੇ ਵਾਲੰਟੀਅਰਾਂ ਦੇ ਯੋਗਦਾਨ ਨੂੰ ਸਮਝਣ ਲਈ ਉਹਨਾਂ ਦੀਆਂ ਵੱਖ ਵੱਖ ਸ੍ਰੇਣੀਆਂ ਬਾਰੇ ਸਮਝਣਾ ਜ਼ਰੂਰੀ ਹੈ। ਉਦਾਹਰਨ ਲਈ ਜਿਹੜਾ ਵਿਅਕਤੀ ਵਿਕੀਪੀਡੀਏ 'ਤੇ ਆਪਣਾ ਖਾਤਾ ਖੁਲ੍ਹਵਾਉਣ ਤੋਂ ਬਾਅਦ ਵਿਕੀਪੀਡੀਏ 'ਤੇ 10 ਸੋਧਾਂ ਕਰ ਦਿੰਦਾ ਹੈ ਉਸ ਨੂੰ ਕੰਟਰੀਬਿਊਟਰ (ਯੋਗਦਾਨ ਪਾਉਣ ਵਾਲੇ) ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ ਅਤੇ ਉਹਨੂੰ ਸਦਾ ਇਕ ਕੰਟਰੀਬਿਊਟਰ ਵਜੋਂ ਗਿਣਿਆ ਜਾਂਦਾ ਹੈ। ਜਿਹੜਾ ਵਿਅਕਤੀ ਕਿਸੇ ਵੀ ਇਕ ਮਹੀਨੇ ਵਿੱਚ ਵਿਕੀਪੀਡੀਏ 'ਤੇ ਘੱਟੋ-ਘੱਟ 5 ਸੋਧਾਂ ਕਰਦਾ ਹੈ, ਉਸ ਨੂੰ ਉਸ ਮਹੀਨੇ ਦੌਰਾਨ ਐਕਟਿਵ ਐਡੀਟਰ ਜਾਂ ਯੂਜ਼ਰ (ਸਰਗਰਮ ਵਰਤੋਂਕਾਰ) ਦੀ ਸ੍ਰੇਣੀ ਵਿੱਚ ਰੱਖਿਆ ਜਾਂਦਾ ਹੈ ਅਤੇ ਜਿਹੜਾ ਵਿਅਕਤੀ ਇਕ ਮਹੀਨੇ ਵਿੱਚ ਘੱਟੋ-ਘੱਟ 100 ਸੋਧਾਂ ਕਰਦਾ ਹੈ, ਉਸ ਨੂੰ ਵੈਰੀ ਐਕਟਿਵ ਐਡੀਟਰ ਜਾਂ ਯੂਜ਼ਰ (ਬਹੁਤ ਸਰਗਰਮ ਵਰਤੋਂਕਾਰ) ਦੀ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। ਇਹਨਾਂ ਸ੍ਰੇਣੀਆਂ ਦੇ ਆਧਾਰ 'ਤੇ ਅੰਗਰੇਜ਼ੀ ਵਿਕੀਪੀਡੀਏ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਇਸ ਲਈ ਆਰਟੀਕਲ ਲਿਖਣ ਵਾਲੇ ਵਾਲੰਟੀਅਰਾਂ ਦੇ ਕਾਫਲੇ ਵਿੱਚ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੁੰਦੇ ਆ ਰਹੇ ਹਨ। ਉਦਾਹਰਨ ਲਈ, ਸ਼ੁਰੂਆਤ ਤੋਂ ਇਕ ਸਾਲ ਬਾਅਦ ਜਨਵਰੀ 2002 ਨੂੰ ਵਿਕੀਪੀਡੀਏ 'ਤੇ ਆਰਟੀਕਲ ਲਿਖਣ ਵਾਲਿਆਂ ਦੀ ਗਿਣਤੀ ਇਸ ਪ੍ਰਕਾਰ ਸੀः 338 ਕੰਟਰੀਬਿਊਟਰ, 151 ਐਕਟਿਵ ਐਡੀਟਰ ਅਤੇ 22 ਬਹੁਤ ਐਕਟਿਵ ਐਡੀਟਰ। ਜਨਵਰੀ 2003 ਵਿੱਚ ਇਹ ਗਿਣਤੀ ਹੋ ਗਈः 1168 ਕੰਟਰੀਬਿਊਟਰ, 486 ਐਕਟਿਵ ਐਡੀਟਰ ਅਤੇ 113 ਬਹੁਤ ਸਰਗਰਮ ਐਡੀਟਰ। ਸਮਾਂ ਪੈਣ ਨਾਲ ਇਸ ਗਿਣਤੀ ਵਿੱਚ ਵਾਧਾ ਹੁੰਦਾ ਰਿਹਾ। ਸ਼ੁਰੂਆਤ ਤੋਂ 5 ਸਾਲ ਬਾਅਦ ਜਨਵਰੀ 2006 ਵਿੱਚ ਵਿਕੀਪੀਡੀਏ ਲਈ ਲਿਖਣ ਵਾਲਿਆਂ ਵਿੱਚ ਸਨः 58011 ਕੰਟਰੀਬਿਊਟਰ, 23786 ਐਕਟਿਵ ਐਡੀਟਰ, ਅਤੇ 3047 ਬਹੁਤ ਐਕਟਿਵ ਐਡੀਟਰ। ਇਸ ਸਮੇਂ (ਮਾਰਚ 2015) ਵਿੱਚ ਇਹ ਗਿਣਤੀ ਹੈः 967200 ਕੰਟਰੀਬਿਊਟਰ, 34243 ਐਕਟਿਵ ਐਡੀਟਰ, ਅਤੇ 3310 ਬਹੁਤ ਐਕਟਿਵ ਐਡੀਟਰ।

ਵਿਕੀਪੀਡੀਏ 'ਤੇ ਕੰਮ ਕਰਨ ਵਾਲਿਆਂ ਅਤੇ ਮੌਜੂਦ ਆਰਟੀਕਲਾਂ ਦੀ ਗਿਣਤੀ ਦੇ ਵਾਧੇ ਦੇ ਨਾਲ ਨਾਲ ਇਸ ਸਾਈਟ ਨੂੰ ਦੇਖਣ ਪੜ੍ਹਨ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਰਿਹਾ ਹੈ। ਨਤੀਜੇ ਵਜੋਂ ਆਪਣੀ ਸ਼ੁਰੂਆਤ ਦੇ ਸਾਢੇ ਚਾਰ ਸਾਲਾਂ ਬਾਅਦ ਅਗਸਤ 2005 ਵਿੱਚ ਵਿਕੀਪੀਡੀਆ ਦੁਨੀਆ ਭਰ ਵਿੱਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਸਿਖਰ ਦੇ 50 ਵੈੱਬਸਾਈਟਾਂ ਦੀ ਲਿਸਟ ਵਿੱਚ ਸ਼ਾਮਲ ਹੋ ਗਿਆ ਅਤੇ 2005 ਦੇ ਅਖੀਰ ਵਿੱਚ ਇਸ ਦਾ ਨਾਂ ਦੁਨੀਆ ਦੇ ਸਿਖਰ ਦੇ 30 ਸਾਈਟਾਂ ਵਿੱਚ ਆ ਗਿਆ। ਸੰਨ 2006 ਵਿੱਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਵੈੱਬਸਾਈਟਾਂ ਦੀ ਦਰਜਾਬੰਦੀ ਵਿੱਚ ਵਿਕੀਪੀਡੀਆ ਦਾ ਸਥਾਨ ਸਿਖਰ ਦੇ 10 ਵੈੱਬਸਾਈਟਾਂ ਵਿੱਚ ਹੋ ਗਿਆ ਅਤੇ ਮਾਰਚ 2015 ਦੇ ਅੰਕੜਿਆਂ ਅਨੁਸਾਰ ਇਹ ਦੁਨੀਆ 'ਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਸਾਈਟਾਂ ਵਿੱਚੋਂ ਛੇਵੇਂ ਨੰਬਰ 'ਤੇ ਆਉਂਦਾ ਹੈ। ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਇਸ ਤੋਂ ਉੱਪਰ ਆਉਣ ਵਾਲੇ ਵੈੱਬਸਾਈਟਾਂ ਵਿੱਚ ਗੂਗਲ, ਫੇਸਬੁੱਕ, ਯੂ ਟਿਊਬ, ਯਾਹੂ, ਬਾਇਦੂ ਅਤੇ ਐਮਾਜ਼ੋਨ.ਕਾਮ ਹਨ ਜਿਹਨਾਂ ਦਾ ਸਾਲਾਨਾ ਬੱਜਟ ਕਈ ਕਈ ਅਰਬ ਡਾਲਰ ਹੈ ਅਤੇ ਉਹਨਾਂ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਕਰਮਚਾਰੀ ਹਨ। ਉਹਨਾਂ ਦੇ ਮੁਕਾਬਲੇ ਵਿਕੀਪੀਡੀਆ ਦਾ ਸਾਲਾਨਾ ਬੱਜਟ ਕਈ ਗੁਣਾਂ ਘੱਟ ਹੈ। ਵਿੱਕੀਮੀਡੀਆ ਫਾਊਂਡੇਸ਼ਨ ਤੋਂ ਮਈ 2015 ਵਿੱਚ ਪ੍ਰਾਪਤ ਅੰਕੜਿਆਂ ਅਨੁਸਾਰ ਵਿਕੀਪੀਡੀਏ ਦੀ ਸਾਲਾਨਾ ਆਮਦਨ 5 ਕ੍ਰੋੜ ਅਮਰੀਕਨ ਡਾਲਰ ਹੈ ਅਤੇ ਇਸ ਦੇ ਨਾਲ ਕੰਮ ਕਰਦੇ ਕਰਮਚਾਰੀਆਂ ਦੀ ਗਿਣਤੀ 250 ਦੇ ਕਰੀਬ ਹੈ।

ਵਿਕੀਪੀਡੀਏ ਨੂੰ ਦੇਖਣ/ਪੜ੍ਹਨ ਵਾਲਿਆਂ ਦੀ ਗਿਣਤੀ ਵਿੱਚ ਹੋਏ ਇਸ ਤਰ੍ਹਾਂ ਦੇ ਵੱਡੇ ਵਾਧੇ ਨੂੰ ਦੇਖਦੇ ਹੋਏ ਅਸੀਂ ਇਹ ਕਹਿ ਸਕਦੇ ਹਾਂ ਕਿ ਅੱਜ ਵਿਕੀਪੀਡੀਆ ਲੋਕਾਂ ਵਲੋਂ ਜਾਣਕਾਰੀ ਪ੍ਰਾਪਤ ਕਰਨ ਦਾ ਇਕ ਬਹੁਤ ਹੀ ਮਹੱਤਵਪੂਰਨ ਸ੍ਰੋਤ ਬਣ ਚੁੱਕਾ ਹੈ। ਜਦੋਂ ਵੀ ਇੰਟਰਨੈੱਟ ਤੱਕ ਪਹੁੰਚ ਰੱਖਣ ਵਾਲੇ ਕਿਸੇ ਵਿਅਕਤੀ ਨੇ ਕਿਸੇ ਵਿਸ਼ੇ ਜਾਂ ਗੱਲ ਬਾਰੇ ਜਾਣਕਾਰੀ ਲੈਣੀ ਹੁੰਦੀ ਹੈ ਤਾਂ ਉਹ ਇਸ ਲਈ ਸਭ ਤੋਂ ਪਹਿਲਾਂ ਵਿਕੀਪੀਡੀਏ ਨੂੰ ਦੇਖਦਾ ਹੈ। ਜੇ ਤੁਸੀਂ ਇੰਟਰਨੈੱਟ 'ਤੇ ਕਿਸੇ ਵੀ ਵਿਸ਼ੇ ਬਾਰੇ ਖੋਜ ਕਰੋ ਤਾਂ ਬਹੁਤੇ ਕੇਸਾਂ ਵਿੱਚ ਇਹ ਸੰਭਵ ਨਹੀਂ ਹੈ ਕਿ ਉਸ ਖੋਜ ਬਾਰੇ ਆਉਣ ਵਾਲੇ ਪਹਿਲੇ ਪੰਜ ਨਤੀਜਿਆਂ ਵਿੱਚ ਇਕ ਨਤੀਜਾ ਵਿਕੀਪੀਡੀਏ 'ਤੇ ਛਪਿਆ ਆਰਟੀਕਲ ਨਾ ਹੋਵੇ। ਇਕ ਅੰਦਾਜ਼ੇ ਮੁਤਾਬਕ ਦੁਨੀਆ ਭਰ ਵਿੱਚ ਹਰ ਮਹੀਨੇ 50 ਕ੍ਰੋੜ (500 ਮਿਲੀਅਨ) ਤੋਂ ਵੱਧ ਲੋਕ ਵਿਕੀਪੀਡੀਏ ਦੀ ਵਰਤੋਂ ਕਰਦੇ ਹਨ। ਅੱਗੇ

ਦਿੱਤੇ ਅੰਕੜੇ ਵਿਕੀਪੀਡੀਏ ਦੀ ਵਰਤੋਂ ਅਤੇ ਪਹੁੰਚ ਦੀ ਵਿਆਪਕਤਾ ਨੂੰ ਉਜਾਗਰ ਕਰਨ ਲਈ ਹੋਰ ਸਹਾਈ ਹੋ ਸਕਦੇ ਹਨ। ਅਮਰੀਕਾ ਦੀਆਂ 7 ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਬਾਰੇ ਕੀਤੇ ਇਕ ਅਧਿਅਨ ਅਨੁਸਾਰ 75 ਫੀਸਦੀ ਵਿਦਿਆਰਥੀ ਆਪਣੀਆਂ ਅਸਾਇਨਮੈਂਟਾਂ ਪੂਰੀਆਂ ਕਰਨ ਲਈ ਵਿਕੀਪੀਡੀਏ ਦੀ ਵਰਤੋਂ ਕਰਦੇ ਹਨ। ਅਮਰੀਕਾ ਵਿੱਚ ਡਾਕਟਰੀ ਦੇ ਖੇਤਰ ਵਿੱਚ ਕੀਤੇ ਅਧਿਅਨਾਂ ਨੇ ਦਰਸਾਇਆ ਹੈ ਕਿ ਵਿਕੀਪੀਡੀਆ ਇਸ ਖੇਤਰ ਵਿੱਚ ਕੰਮ ਕਰਦੇ ਲੋਕਾਂ ਲਈ ਜਾਣਕਾਰੀ ਦਾ ਪ੍ਰਮੁੱਖ ਸ੍ਰੋਤ ਬਣ ਚੁੱਕਾ ਹੈ। ਅਮਰੀਕਾ ਵਿੱਚ ਆਨਲਾਈਨ ਜਾ ਕੇ ਜਾਣਕਾਰੀ ਲੱਭਣ ਵਾਲੇ ਡਾਕਟਰਾਂ ਵਿੱਚੋਂ 50 ਫੀਸਦੀ ਡਾਕਟਰ ਜਾਣਕਾਰੀ ਲੱਭਣ ਲਈ ਵਿਕੀਪੀਡੀਏ ਦੀ ਵਰਤੋਂ ਕਰਦੇ ਹਨ। ਇੰਗਲੈਂਡ ਵਿੱਚ ਡਾਕਟਰੀ ਖੇਤਰ ਵਿੱਚ ਕੀਤੇ ਗਏ ਅਧਿਐਨਾਂ ਤੋਂ ਪਤਾ ਲੱਗਾ ਹੈ ਕਿ 47 ਫੀਸਦੀ ਅਤੇ 70 ਫੀਸਦੀ ਵਿਚਕਾਰ ਡਾਕਟਰ ਅਤੇ ਡਾਕਟਰੀ ਦੇ ਵਿਦਿਆਰਥੀ ਜਾਣਕਾਰੀ ਲੈਣ ਲਈ ਵਿਕੀਪੀਡੀਏ ਨੂੰ ਦੇਖਦੇ ਹਨ। ਗੂਗਲ ਵਰਗੇ ਸਰਚ ਇੰਜਨ ਵਰਤੋਂਕਾਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜੁਆਬ ਦੇਣ ਲਈ ਵਿਕੀਪੀਡੀਏ ਉੱਤੇ ਪ੍ਰਕਾਸ਼ਤ ਸਮੱਗਰੀ ਨੂੰ ਵਰਤਦੇ ਹਨ। ਵਿਕੀਪੀਡੀਏ ਦੀ ਇਸ ਤਰ੍ਹਾਂ ਦੀ ਵਿਆਪਕ ਪਹੁੰਚ ਨੂੰ ਦੇਖਦੇ ਹੋਏ ਹੀ ਸ਼ਾਇਦ ਕਈ ਲੋਕ, ਖਾਸ ਕਰਕੇ ਨੌਜਵਾਨ ਪੀੜ੍ਹੀ ਦੇ ਲੋਕ, ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਜੇ ਕੋਈ ਜਾਣਕਾਰੀ ਵਿਕੀਪੀਡੀਏ 'ਤੇ ਨਹੀਂ ਹੈ ਤਾਂ ਉਹ ਜਾਣਕਾਰੀ ਹੈ ਹੀ ਨਹੀਂ।

ਪਿਛਲੇ ਡੇਢ ਦਹਾਕੇ ਦੌਰਾਨ ਹੋਏ ਇਸ ਤੇਜ਼ ਵਿਕਾਸ ਦੌਰਾਨ ਵਿਕੀਪੀਡੀਏ ਨੂੰ ਕਈ ਤਰ੍ਹਾਂ ਦੇ ਸਵਾਲਾਂ/ਚਣੌਤੀਆਂ ਦਾ ਸਾਹਮਣਾ ਵੀ ਕਰਨਾ ਪਿਆ ਹੈ। ਬੇਸ਼ੱਕ ਇਸ ਲੇਖ ਵਿੱਚ ਇਹਨਾਂ ਸਾਰੇ ਸਵਾਲਾਂ/ਚੁਣੌਤੀਆਂ ਬਾਰੇ ਵਿਸਥਾਰ ਨਾਲ ਗੱਲ ਕਰ ਸਕਣਾ ਸੰਭਵ ਨਹੀਂ ਹੈ, ਫਿਰ ਵੀ ਅਸੀਂ ਇੱਥੇ ਉਹਨਾਂ ਤਿੰਨ ਪ੍ਰਮੁੱਖ ਸਵਾਲਾਂ ਬਾਰੇ ਗੱਲਬਾਤ ਕਰਾਂਗੇ ਜਿਹੜੇ ਸਵਾਲ ਵਿਕੀਪੀਡੀਏ ਦੀ ਪ੍ਰਮਾਣਿਕਤਾ ਬਾਰੇ ਸ਼ੱਕ ਪੈਦਾ ਕਰਦੇ ਹਨ। ਸਭ ਤੋਂ ਪਹਿਲਾ ਸਵਾਲ ਤਾਂ ਇਹ ਉੱਠਦਾ ਹੈ ਕਿ ਕੀ ਵਿਕੀਪੀਡੀਏ ਵਿੱਚ ਦਿੱਤੀ ਜਾਣਕਾਰੀ 'ਤੇ ਭਰੋਸਾ ਕੀਤਾ ਜਾ ਸਕਦਾ ਹੈ? ਵਿਕੀਪੀਡੀਏ ਦੇ ਜਨਮ ਤੋਂ ਬਾਅਦ ਇਹ ਸਵਾਲ ਵਾਰ ਵਾਰ ਉੱਠਦਾ ਆ ਰਿਹਾ ਹੈ। ਇਹ ਸਵਾਲ ਉੱਠਣ ਦਾ ਮੁੱਖ ਕਾਰਨ ਵਿਕੀਪੀਡੀਏ ਲਈ ਜਾਣਕਾਰੀ ਇਕੱਤਰ ਕਰਨ ਲਈ ਵਰਤੀ ਜਾਂਦੀ ਪਹੁੰਚ ਹੈ ਜੋ ਇਸ ਤੋਂ ਪਹਿਲਾਂ ਦੇ ਗਿਆਨਕੋਸ਼ਾਂ ਨੂੰ ਤਿਆਰ ਕਰਨ ਲਈ ਵਰਤੀ ਜਾਂਦੀ ਪਹੁੰਚ ਤੋਂ ਵੱਖਰੀ ਜਾਪਦੀ ਹੈ। ਇਸ ਤੋਂ ਪਹਿਲਾਂ ਤਿਆਰ ਕੀਤੇ ਜਾਂਦੇ ਗਿਆਨਕੋਸ਼ਾਂ ਵਿੱਚ ਛਪਣ ਵਾਲਾ ਇਕ ਲੇਖ ਛਪਣ ਤੋਂ ਪਹਿਲਾਂ ਇਕ ਬਹੁਤ ਹੀ ਵਿਸਤ੍ਰਿਤ ਅਤੇ ਸਖਤ ਅਮਲ ਵਿੱਚ ਦੀ ਲੰਘਦਾ ਸੀ। ਉਦਾਹਰਨ ਲਈ ਬ੍ਰਿਟੈਨਿਕਾ ਇਨਸਾਈਕਲੋਪੀਡੀਏ ਅਨੁਸਾਰ ਇਸ ਵਿੱਚ ਛਪਣ ਵਾਲੇ ਆਰਟੀਕਲਾਂ ਨੂੰ ਅੱਗੇ ਦਿੱਤੇ ਕੁਝ ਇਸ ਤਰ੍ਹਾਂ ਦੇ ਅਮਲ ਵਿੱਚੋਂ ਦੀ ਲੰਘਣਾ ਪੈਂਦਾ ਹੈ। ਸਭ ਤੋਂ ਪਹਿਲਾਂ ਲਿਖਣ ਵਾਲਾ ਕਿਸੇ ਵਿਸ਼ੇ 'ਤੇ ਆਰਟੀਕਲ ਲਿਖਦਾ ਜਾਂ ਸੋਧਦਾ ਹੈ, ਅਤੇ ਉਹਨਾਂ ਲਿਖਤਾਂ ਨੂੰ ਰਿਕਾਰਡ ਕਰਦਾ ਹੈ ਜਿਹਨਾਂ ਦੇ ਆਧਾਰ 'ਤੇ ਉਹ ਆਰਟੀਕਲ ਲਿਖਿਆ ਗਿਆ ਹੋਵੇ। ਫਿਰ ਤੱਥਾਂ ਦੀ ਜਾਂਚ ਕਰਨ ਵਾਲੇ ਉਸ ਆਰਟੀਕਲ ਵਿੱਚ ਛਪੇ ਤੱਥਾਂ ਦਾ ਨਿਰੀਖਣ ਕਰਦੇ ਹਨ ਅਤੇ ਸਬਜੈਕਟ ਐਡੀਟਰ (ਜਿਹਨਾਂ ਵਿੱਚੋਂ ਕਈਆਂ ਕੋਲ ਪੀ ਐੱਚ ਡੀ ਦੀ ਡਿਗਰੀ ਹੁੰਦੀ ਹੈ) ਇਹ ਦੇਖਦੇ ਹਨ ਕਿ ਕੀ ਆਰਟੀਕਲ ਬ੍ਰਿਟੈਨੀਕਾ ਵਲੋਂ ਸਪਸ਼ਟਤਾ, ਦਰੁੱਸਤੀ, ਯਥਾਰਥਕਤਾ ਅਤੇ ਨਿਰਪੱਖਤਾ ਬਾਰੇ ਨਿਸ਼ਚਿਤ ਕੀਤੇ ਮਿਆਰਾਂ 'ਤੇ ਉੱਤਰਦਾ ਹੈ। ਫਿਰ ਨਿਗਰਾਨ ਐਡੀਟਰ ਆਰਟੀਕਲ 'ਤੇ ਨਿਗ੍ਹਾ ਮਾਰਦਾ ਹੈ ਅਤੇ ਕਾਪੀ ਐਡੀਟਰ ਇਸ ਆਰਟੀਕਲ ਨੂੰ ਵਿਆਕਰਨ, ਸ਼ੈਲੀ (ਸਟਾਇਲ) ਅਤੇ ਇਕਸੁਰਤਾ (ਕਨਸਿਸਟੈਂਸੀ) ਲਈ ਦੇਖਦਾ ਹੈ। ਫਿਰ ਆਰਟੀਕਲ ਲਿਖਣ ਵਾਲੇ ਨੂੰ ਵਾਪਸ ਭੇਜਿਆ ਜਾਂਦਾ ਹੈ ਅਤੇ ਲਿਖਣ ਵਾਲਾ ਪਹਿਲਾਂ ਦੱਸੇ ਵਿਅਕਤੀਆਂ ਵਲੋਂ ਉਠਾਏ ਸਵਾਲਾਂ/ਸਰੋਕਾਰਾਂ ਦਾ ਪ੍ਰਤੀਕਰਮ ਭੇਜਦਾ ਹੈ। ਫਿਰ ਸਬਜੈਕਟ ਐਡੀਟਰ (ਵਿਸ਼ਾ ਸੰਪਾਦਕ) ਲਿਖਣ ਵਾਲੇ ਵਲੋਂ ਆਏ ਪ੍ਰਤੀਕਰਮ ਨੂੰ ਆਰਟੀਕਲ ਵਿੱਚ ਸ਼ਾਮਲ ਕਰਦਾ ਹੈ। ਉਸ ਤੋਂ ਬਾਅਦ ਕੌਪੀ ਐਡੀਟਰ ਇਕ ਫਾਈਨਲ ਰੀਡਿੰਗ ਕਰਦਾ ਹੈ ਅਤੇ ਫਿਰ ਆਰਟੀਕਲ ਨੂੰ ਇਨਫੋਰਮੇਸ਼ਨ ਮੈਨੇਜਮੈਂਟ ਟੀਮ ਕੋਲ ਆਖਰੀ ਪ੍ਰਵਾਨਗੀ ਲਈ ਭੇਜਦਾ ਹੈ। ਇਸ ਦੇ ਉਲਟ ਵਿਕੀਪੀਡੀਏ 'ਤੇ ਇਸ ਵਿਚਲੀ ਜਾਣਕਾਰੀ ਨੂੰ ਹਰ ਜਣਾ-ਖਣਾ, ਜਦੋਂ ਚਾਹੇ ਉਦੋਂ ਸੋਧ ਸਕਦਾ ਹੈ। ਇਸ ਲਈ ਇਹ ਸਵਾਲ ਉੱਠਣਾ ਜਾਇਜ਼ ਹੈ ਕਿ ਕੀ ਵਿਕੀਪੀਡੀਏ 'ਤੇ ਮੌਜੂਦ ਜਾਣਕਾਰੀ ਨੂੰ ਸਹੀ ਮੰਨਿਆ ਜਾ ਸਕਦਾ ਹੈ ਜਾਂ ਨਹੀਂ 'ਤੇ ਅਤੇ ਉਸ ਉੱਪਰਲੀ ਜਾਣਕਾਰੀ ਦੀ ਪ੍ਰਮਾਣਿਕਤਾ 'ਤੇ ਭਰੋਸਾ ਕੀਤਾ ਜਾ ਸਕਦਾ ਹੈ ਜਾਂ ਨਹੀਂ? ਸਰਸਰੀ ਪੱਧਰ 'ਤੇ ਸੋਚਦਿਆਂ ਸ਼ਾਇਦ ਇਸ ਸਵਾਲ ਦਾ ਜੁਆਬ ਇਹ ਹੀ ਹੋਵੇ ਕਿ ਨਹੀਂ ਵਿਕੀਪੀਡੀਏ ਦੀ ਜਾਣਕਾਰੀ ਨੂੰ ਸਹੀ ਅਤੇ ਪ੍ਰਮਾਣਿਕ ਨਹੀਂ ਮੰਨਿਆ ਜਾ ਸਕਦਾ। ਪਰ ਜੇ ਵਿਕੀਪੀਡੀਏ ਦੇ ਤਜਰਬੇ ਉੱਪਰ ਗੌਰ ਕਰਕੇ ਇਸ ਸੁਆਲ ਦਾ ਜੁਆਬ ਦੇਣਾ ਹੋਵੇ ਤਾਂ ਇਸ ਦਾ ਜੁਆਬ ਹੋਵੇਗਾ ਹਾਂ, ਇਸ ਉੱਪਰਲੀ ਜਾਣਕਾਰੀ ਨੂੰ ਸਹੀ ਅਤੇ ਭਰੋਸੇਯੋਗ ਮੰਨਿਆ ਜਾ ਸਕਦਾ ਹੈ।

ਇਸ ਸਵਾਲ ਦਾ ਸਹੀ ਜਵਾਬ ਲੱਭਣ ਲਈ ਸਭ ਤੋਂ ਪਹਿਲਾਂ ਆਪਾਂ ਵਿਕੀਪੀਡੀਏ 'ਤੇ ਛਪਣ ਵਾਲੀ ਸਮੱਗਰੀ ਲਈ ਬਣਾਏ ਨਿਯਮਾਂ ਨੂੰ ਦੇਖਦੇ ਹਾਂ। ਵਿਕੀਪੀਡੀਏ 'ਤੇ ਛਪਣ ਵਾਲੀ ਸਮੱਗਰੀ ਲਈ ਤਿੰਨ ਸ਼ਰਤਾਂ ਹਨ। ਪਹਿਲੀ ਗੱਲ ਵਿਕੀਪੀਡੀਏ ਲਈ ਲਿਖੀ ਗਈ ਸਮੱਗਰੀ ਦਾ ਨਜ਼ਰੀਆ ਨਿਰਪੱਖ ਹੋਵੇ, ਨੰਬਰ ਦੋ ਲਿਖਤ ਪੁਸ਼ਟੀ ਕਰਨ ਯੋਗ ਸ੍ਰੋਤਾਂ ਦੇ ਆਧਾਰ 'ਤੇ ਲਿਖੀ ਗਈ ਹੋਵੇ ਅਤੇ ਇਹਨਾਂ ਸ੍ਰੋਤਾਂ ਬਾਰੇ ਸਪਸ਼ਟ ਰੂਪ ਵਿੱਚ ਦੱਸਿਆ ਗਿਆ ਹੋਵੇ ਅਤੇ ਨੰਬਰ ਤਿੰਨ ਲਿਖਤ ਮੌਲਿਕ ਖੋਜ ਨਾ ਹੋਵੇ। ਬੇਸ਼ੱਕ ਕਿਸੇ ਵੀ ਲਿਖਤ ਦਾ ਨਜ਼ਰੀਆ ਨਿਰਪੱਖ ਹੋਣਾ ਬਹੁਤ ਮੁਸ਼ਕਿਲ ਹੈ, ਫਿਰ ਵੀ ਵਿਕੀਪੀਡੀਏ ਲਈ ਲਿਖਣ ਵਾਲੇ/ਵਾਲਿਆਂ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਲਿਖਤ ਵੱਧ ਤੋਂ ਵੱਧ ਨਿਰਪੱਖ ਹੋਵੇ। ਜੇ ਕਿਸੇ ਵਿਵਾਦੀ ਵਿਸ਼ੇ ਬਾਰੇ ਇਕ ਤੋਂ ਵੱਧ ਨਜ਼ਰੀਏ ਹੋਣ ਤਾਂ ਲਿਖਤ ਵਿੱਚ ਇਹ ਜ਼ਿਕਰ ਹੋਣਾ ਚਾਹੀਦਾ ਹੈ ਕਿ ਉਸ ਵਿਸ਼ੇ ਬਾਰੇ ਵੱਖ ਵੱਖ ਨਜ਼ਰੀਏ ਮੌਜੂਦ ਹਨ। ਪੁਸ਼ਟੀ ਕਰਨ ਯੋਗ ਸ੍ਰੋਤਾਂ ਤੋਂ ਭਾਵ ਹੈ ਕਿ ਲਿਖਤ ਪਹਿਲਾਂ ਹੀ ਛਪ ਚੁੱਕੇ ਅਤੇ ਭਰੋਸੇਯੋਗ ਸ੍ਰੋਤਾਂ 'ਤੇ ਆਧਾਰਤ ਹੋਵੇ ਤਾਂ ਕਿ ਪਾਠਕ ਦੇਖ ਸਕਣ ਕਿ ਲਿਖਤ ਵਿਚਲੀ ਜਾਣਕਾਰੀ ਦਾ ਆਧਾਰ ਕੀ ਹੈ। ਲਿਖਤ ਦੇ ਮੌਲਿਕ ਨਾ ਹੋਣ ਦਾ ਨਿਯਮ ਇਹ ਪੱਕਾ ਕਰਨ ਲਈ ਬਣਾਇਆ ਗਿਆ ਹੈ ਕਿ ਲਿਖਤ ਪਹਿਲਾਂ ਪ੍ਰਮਾਣਿਕ ਹੋ ਚੁੱਕੀ ਖੋਜ ਅਤੇ ਗਿਆਨ 'ਤੇ ਆਧਾਰ ਉੱਤੇ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਕੋਈ ਨਵੀਂ ਰਾਇ ਜਾਂ ਵਿਸ਼ਲੇਸ਼ਣ ਨਹੀਂ ਹੋਣਾ ਚਾਹੀਦਾ। ਇਹ ਤਿੰਨੇ ਨਿਯਮ ਰਵਾਇਤੀ ਗਿਆਨਕੋਸ਼ਾਂ ਦੇ ਨਿਯਮਾਂ ਨਾਲ ਮੇਲ ਖਾਂਦੇ ਹਨ ਅਤੇ ਲਿਖਤ ਦੀ ਭਰੋਸੇਯੋਗਤਾ ਵਿੱਚ ਵਾਧਾ ਕਰਦੇ ਹਨ।

ਇਸ ਦੇ ਨਾਲ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜਦੋਂ ਹੀ ਕੋਈ ਲਿਖਤ ਵਿਕੀਪੀਡੀਏ 'ਤੇ ਛਪਦੀ ਹੈ ਤਾਂ ਉਦੋਂ ਹੀ ਉਹ ਇਕੱਲੇ ਲਿਖਣ ਵਾਲੇ ਦੀ ਨਹੀਂ ਰਹਿੰਦੀ ਸਗੋਂ ਸਾਰੇ ਲੋਕਾਂ ਦੀ ਸਾਂਝੀ ਬਣ ਜਾਂਦੀ ਹੈ। ਜੇ ਲਿਖਤ ਵਿੱਚ ਕੋਈ ਗਲਤੀ ਹੋਵੇ ਜਾਂ ਕਮੀ ਹੋਵੇ ਤਾਂ ਵਿਕੀਪੀਡੀਏ ਲਈ ਲਿਖਣ ਵਾਲੇ ਹਜ਼ਾਰਾਂ ਐਡੀਟਰਾਂ ਕੋਲ ਉਸ ਲਿਖਤ ਨੂੰ ਸੋਧਣ ਅਤੇ ਮੁਕੰਮਲ ਕਰਨ ਦਾ ਮੌਕਾ ਹੁੰਦਾ ਹੈ ਅਤੇ ਉਹ ਇਸ ਮੌਕੇ ਦਾ ਫਾਇਦੇ ਉਠਾਉਂਦੇ ਹਨ ਅਤੇ ਲਿਖਤ ਨੂੰ ਦਰੁੱਸਤ ਅਤੇ ਮੁਕੰਮਲ ਬਣਾਉਂਦੇ ਹਨ। ਇਸ ਤਰ੍ਹਾਂ ਵਿਕੀਪੀਡੀਏ 'ਤੇ ਲਿਖਤ ਛਪਣ ਅਤੇ ਉਸ ਵਿੱਚ ਸੋਧ ਕਰਨ ਦਾ ਅਮਲ ਵੀ ਵਿਕੀਪੀਡੀਏ ਦੀਆਂ ਲਿਖਤਾਂ ਦੀ ਭਰੋਸੇਯੋਗਤਾ ਵਿੱਚ ਵਾਧਾ ਕਰਦਾ ਹੈ।

ਵਿਕੀਪੀਡੀਏ ਦੀ ਸਮੱਗਰੀ ਦੀ ਦਰੁੱਸਤੀ ਬਾਰੇ ਕੀਤੇ ਅਧਿਅਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਉਦਾਹਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਜਾਣੇ ਜਾਂਦੇ ਸਾਇੰਸ ਦੇ ਜਰਨਲ ਨੇਚਰ ਨੇ ਦਸੰਬਰ 2005 ਵਿੱਚ ਵਿਕੀਪੀਡੀਏ ਅਤੇ ਇਨਸਾਇਕਲੋਪੀਡੀਆ ਬ੍ਰਿਟੈਨਿਕਾ ਵਿੱਚ ਛਪੀ ਸਮੱਗਰੀ ਦੀ ਤੁਲਨਾ ਕਰਨ ਲਈ ਕੀਤੇ ਇਕ ਅਧਿਐਨ ਦੇ ਆਧਾਰ 'ਤੇ ਇਹ ਨਤੀਜਾ ਕੱਢਿਆ ਸੀ ਕਿ ਵਿਕੀਪੀਡੀਏ ਵਿੱਚਲੀ ਜਾਣਕਾਰੀ ਉਨੀ ਹੀ ਦਰੁੱਸਤ ਹੈ ਜਿੰਨੀ ਇਨਸਾਈਕਲੋਪੀਡੀਆ ਬ੍ਰਿਟੈਨਿਕਾ ਵਿੱਚ ਛਪੀ ਸਮੱਗਰੀ। ਸਮੁੱਚੇ ਰੂਪ ਵਿੱਚ ਦੋਹਾਂ ਗਿਆਨਕੋਸ਼ਾਂ ਵਿੱਚ ਛਪੀ ਸਮੱਗਰੀ ਦਰੁੱਸਤ ਸੀ ਬੇਸ਼ੱਕ ਦੋਵੇਂ ਗਿਆਨਕੋਸ਼ਾਂ ਵਿੱਚ ਕੁੱਝ ਗਲਤੀਆਂ ਵੀ ਸਨ। ਬ੍ਰਿਟੈਨਿਕਾ ਵਿੱਚ ਇਕ ਆਰਟੀਕਲ ਮਗਰ ਗਲਤੀਆਂ ਦੀ ਦਰ 2.92 ਸੀ ਜਦੋਂ ਕਿ ਵਿਕੀਪੀਡੀਆ ਵਿੱਚ ਇਹ ਦਰ 3.86 ਸੀ।

ਵਿਕੀਪੀਡੀਆ ਫਾਊਂਡੇਸ਼ਨ ਵਲੋਂ ਵਿਕੀਪੀਡੀਏ ਉਤਲੀ ਸਮੱਗਰੀ ਨੂੰ ਹੋਰ ਦਰੁੱਸਤ ਅਤੇ ਭਰੋਸੇਯੋਗ ਬਣਾਉਣ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਜਾ ਰਹੇ ਹਨ। ਇਹਨਾਂ ਯਤਨਾਂ ਵਿੱਚੋਂ ਇਕ ਹੈ ਵਿਦਵਾਨਾਂ, ਬੁੱਧੀਜੀਵੀਆਂ, ਮਾਹਰਾਂ, ਵਿਗਿਆਨੀਆਂ ਆਦਿ ਨੂੰ ਵਿਕੀਪੀਡੀਏ ਲਈ ਲਿਖਣ ਲਈ ਪ੍ਰੇਰਿਤ ਕਰਨਾ। ਅਜਿਹਾ ਕਰਨ ਲਈ ਵਿਕੀਪੀਡੀਆ ਫਾਊਂਡੇਸ਼ਨ ਵਲੋਂ ਵਿਕੀਪੀਡੀਏ ਲਈ ਨਵੇਂ ਆਰਟੀਕਲ ਲਿਖਣ ਜਾਂ ਪਹਿਲਾਂ ਲਿਖੇ ਆਰਟੀਕਲਾਂ ਵਿੱਚ ਸੋਧ ਕਰਨ ਲਈ ਹਿੱਸਾ ਪਾਉਣ ਲਈ ਵੱਖ ਵੱਖ ਖੇਤਰਾਂ ਅਤੇ ਸੰਸਥਾਵਾਂ ਵਿੱਚ ਕੰਮ ਕਰਦੇ ਮਾਹਰਾਂ ਤੱਕ ਪਹੁੰਚ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਹਨਾਂ ਯਤਨਾਂ ਅਤੇ ਵਿਕੀਪੀਡੀਏ ਦੀ ਆਮ ਲੋਕਪ੍ਰਿਅਤਾ ਨੂੰ ਦੇਖਦਿਆਂ ਕੁੱਝ ਹੱਦ ਤੱਕ ਵੱਖ ਵੱਖ ਵਿਸ਼ਿਆਂ ਦੇ ਮਾਹਰ ਵਿਕੀਪੀਡੀਏ ਲਈ ਲਿਖਣ ਜਾਂ ਪਹਿਲੇ ਲਿਖੇ ਆਰਟੀਕਲਾਂ ਨੂੰ ਸੋਧਣ ਵਿੱਚ ਦਿਲਚਸਪੀ ਲੈਣ ਲੱਗੇ ਹਨ। ਪਿਛਲੇ ਸਾਲਾਂ ਦੌਰਾਨ ਕਈ ਅਜਾਇਬ ਘਰਾਂ, ਕਲਾ ਸੰਸਥਾਵਾਂ, ਲਾਇਬ੍ਰੇਰੀਆਂ, ਬੁੱਧੀਜੀਵੀਆਂ ਦੀਆਂ ਸੰਸਥਾਂਵਾਂ, ਯੂਨੀਵਰਸਿਟੀਆਂ, ਕਾਲਜਾਂ ਆਦਿ ਵਲੋਂ ਵਿਕੀਪੀਡੀਏ ਲਈ ਆਰਟੀਕਲ ਲਿਖਣ ਲਈ ਸਮਾਗਮ (ਐਡਿਟ-ਏ-ਥੋਨਜ਼) ਕਰਵਾਏ ਜਾ ਰਹੇ ਹਨ। ਕਈ ਵਿਦਿਅਕ ਸੰਸਥਾਵਾਂ ਵਲੋਂ ਵਿਕੀਪੀਡੀਏ ਲਈ ਆਰਟੀਕਲ ਲਿਖਣ ਦੇ ਕਾਰਜ ਨੂੰ ਪਾਠਕ੍ਰਮ ਦਾ ਹਿੱਸਾ ਬਣਾਇਆ ਜਾ ਰਿਹਾ ਹੈ। ਉਦਾਹਰਨ ਲਈ, ਅਮਰੀਕਨ ਯੂਨੀਵਰਸਿਟੀ ਵਿਖੇ "ਵਿਕੀਪੀਡੀਆ ਅਤੇ ਪਬਲਿਕ ਨਾਲਜ" ਨਾਂ ਦਾ ਪੱਤਰਕਾਰੀ ਨਾਲ ਸੰਬੰਧਤ ਕੋਰਸ ਸ਼ੁਰੂ ਕੀਤਾ ਗਿਆ ਸੀ। ਯੂਨੀਵਰਸਿਟੀ ਵਲੋਂ ਇਹ ਕੋਰਸ ਨੈਸ਼ਨਲ ਆਰਕਾਈਵਜ਼ ਅਤੇ ਨੈਸ਼ਨਲ ਮਿਊਜ਼ਿਅਮ ਆਫ ਅਮਰੀਕਨ ਇੰਡੀਅਨ ਵਰਗੀਆਂ ਸੰਸਥਾਵਾਂ ਨਾਲ ਮਿਲ ਕੇ ਚਲਾਇਆ ਗਿਆ ਸੀ। ਇਸ ਕੋਰਸ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦਾ ਕੰਮ ਆਪਣੇ ਪ੍ਰੋਫੈਸਰ ਦੀ ਨਿਗਰਾਨੀ ਹੇਠ ਨੈਸ਼ਨਲ ਆਰਕਾਈਵਜ਼, ਨੈਸ਼ਨਲ ਮਿਊਜ਼ਿਅਮ ਆਫ ਅਮਰੀਕਨ ਇੰਡੀਅਨ ਵਰਗੀਆਂ ਸੰਸਥਾਵਾਂ ਵਿੱਚ ਮੌਜੂਦ ਜਾਣਕਾਰੀ ਦੇ ਆਧਾਰ 'ਤੇ ਵਿਕੀਪੀਡੀਏ ਲਈ ਨਵੇਂ ਆਰਟੀਕਲ ਲਿਖਣਾ ਜਾਂ ਪਹਿਲਾਂ ਲਿਖੇ ਗਏ ਆਰਟੀਕਲਾਂ ਵਿੱਚ ਸੋਧ ਕਰਨਾ ਅਤੇ ਦਸਤਾਵੇਜ਼ਾਂ ਜਾਂ ਤਸਵੀਰਾਂ ਨੂੰ ਸਕੈਨ ਕਰਕੇ ਵਿਕੀਪੀਡੀਏ 'ਤੇ ਪਾਉਣਾ ਅਤੇ ਉਹਨਾਂ ਬਾਰੇ ਵੇਰਵਾ ਲਿਖਣਾ ਸੀ। ਇਸ ਹੀ ਤਰ੍ਹਾਂ ਸੰਨ 2013 ਵਿੱਚ ਸਾਨਫਰਾਂਸਿਸਕੋ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਮੈਡੀਕਲ ਸਕੂਲ ਨੇ ਇਕ ਕਲਾਸ ਸ਼ੁਰੂ ਕੀਤੀ ਸੀ ਜਿਸ ਵਿੱਚ ਮੈਡੀਕਲ ਸਕੂਲ ਦੇ ਚੌਥੇ ਸਾਲ ਦੇ ਵਿਦਿਆਰਥੀ ਵਿਕੀਪੀਡੀਏ ਲਈ ਲਿਖ ਕੇ ਆਪਣੀ ਪੜ੍ਹਾਈ ਲਈ ਕਰੈਡਿਟ ਲੈ ਸਕਦੇ ਸੀ। ਇਸ ਕੋਰਸ ਵਿੱਚ ਸ਼ਾਮਲ ਵਿਦਿਆਰਥੀਆਂ ਦਾ ਕੰਮ, ਆਰਟੀਕਲ ਲਿਖਣਾ, ਆਰਟੀਕਲਾਂ ਨੂੰ ਸੋਧਣਾ, ਤਸਵੀਰਾਂ ਪਾਉਣਾ, ਨਵੀਂਆਂ ਕੀਤੀਆਂ ਸੋਧਾਂ 'ਤੇ ਨਜ਼ਰਸਾਨੀ ਕਰਨਾ, ਲਿਖੇ ਗਏ ਉਹਨਾਂ ਬਿਆਨਾਂ ਲਈ ਹਵਾਲੇ ਦੇਣਾ ਜਿਹਨਾਂ ਬਿਆਨਾਂ ਲਈ ਹਵਾਲੇ ਨਹੀਂ ਦਿੱਤੇ ਗਏ ਸਨ ਪਰ ਦੇਣ ਦੀ ਲੋੜ ਸੀ ਅਤੇ ਲਿਖੀਆਂ ਲਿਖਤਾਂ ਲਈ ਪੀਅਰ ਰਿਵਿਊ ਪ੍ਰਦਾਨ ਕਰਨਾ ਸੀ। ਇਸ ਕਲਾਸ ਦੇ ਪ੍ਰੋਫੈਸਰ ਅਮੀਨ ਅਜ਼ਾਮ ਦਾ ਕਹਿਣਾ ਸੀ, "ਵਿਕੀਪੀਡੀਏ 'ਤੇ ਹਰ ਮਹੀਨੇ 5 ਕ੍ਰੋੜ 30 ਲੱਖ (53 ਮਿਲੀਅਨ) ਵਾਰ ਮੈਡੀਕਲ ਨਾਲ ਸੰਬੰਧਤ ਆਰਟੀਕਲ ਦੇਖੇ ਜਾਂਦੇ ਹਨ ਅਤੇ ਜੂਨੀਅਰ ਡਾਕਟਰਾਂ ਵਲੋਂ ਵਰਤੇ ਜਾਣ ਵਾਲੇ ਜਾਣਕਾਰੀ ਦੇ ਸ੍ਰੋਤ ਦੇ ਤੌਰ 'ਤੇ (ਵਿਕੀਪੀਡੀਆ) ਗੂਗਲ ਤੋਂ ਬਾਅਦ ਦੂਜੇ ਨੰਬਰ 'ਤੇ ਆਉਂਦਾ ਹੈ। ਅਸੀਂ ਸੰਸਾਰ ਭਰ ਵਿੱਚ ਮਰੀਜ਼ਾਂ ਅਤੇ ਸਿਹਤ ਸੰਭਾਲ ਦੇਣ ਵਾਲਿਆਂ ਨੂੰ ਸਿੱਖਿਅਤ ਕਰਨ ਲਈ ਵਿਕੀਪੀਡੀਏ ਦੇ ਪ੍ਰਭਾਵ ਨੂੰ ਮੰਨਦੇ ਹਾਂ ਅਤੇ ਚਾਹੁੰਦੇ ਹਾਂ ਕਿ (ਵਿਕੀਪੀਡੀਆ) ਵਰਤਣ ਵਾਲਿਆਂ ਨੂੰ ਜਨਤਕ ਪੱਧਰ 'ਤੇ ਉਪਲਬਧ ਵੱਧ ਤੋਂ ਵੱਧ ਸਹੀ ਜਾਣਕਾਰੀ ਪ੍ਰਾਪਤ ਹੋਵੇ।"

ਕਿਉਂਕਿ ਵਿਕੀਪੀਡੀਏ ਦੀ ਜਾਣਕਾਰੀ ਵਿੱਚ ਕੋਈ ਵੀ ਵਿਅਕਤੀ ਬਹੁਤ ਹੀ ਅਸਾਨੀ ਨਾਲ ਤਬਦੀਲੀ ਕਰ ਸਕਦਾ ਹੈ, ਇਸ ਲਈ ਵਿਕੀਪੀਡੀਏ ਨੂੰ ਜਿਸ ਇਕ ਹੋਰ ਵੱਡੇ ਸਵਾਲ ਜਾਂ ਚੁਣੌਤੀ ਦਾ ਸਾਹਮਣਾ ਕਰਨਾ ਪਿਆ, ਉਹ ਹੈ ਇਸ ਉੱਪਰਲੀ ਸਮੱਗਰੀ ਵਿੱਚ ਕਿਸੇ ਵਲੋਂ ਜਾਣਬੁੱਝ ਕੇ ਗਲਤ ਜਾਣਕਾਰੀ ਪਾਉਣਾ ਜਾਂ ਇਸ ਉੱਪਰਲੀ ਜਾਣਕਾਰੀ ਨੂੰ ਜਾਣਬੁੱਝ ਕੇ ਗਲਤ ਢੰਗ ਨਾਲ ਤੋੜਨਾ ਮਰੋੜਨਾ। ਇਸ ਕਾਰਜ ਵਿੱਚ ਕੋਈ ਛੋਟੀ-ਮੋਟੀ ਗਲਤ ਬਿਆਨੀ ਵੀ ਹੋ ਸਕਦੀ ਹੈ ਜਾਂ ਤੱਥਾਂ ਨਾਲ ਛੇੜਖਾਨੀ ਕਾਰਨ ਕੋਈ ਮਹਾਂ-ਗਲਤੀ ਵੀ ਹੋ ਸਕਦੀ ਹੈ। ਉਦਾਹਰਨ ਲਈ ਕੋਈ ਵੀ ਵਿਅਕਤੀ ਵਿਕੀਪੀਡੀਏ ਵਿੱਚਲੀ ਜਾਣਕਾਰੀ ਵਿੱਚ ਕੋਈ ਅਸ਼ਲੀਲ ਜਾਂ ਗਲਤ ਸ਼ਬਦ ਪਾ ਸਕਦਾ ਹੈ, ਵਿਕੀਪੀਡੀਏ ਵਿੱਚ ਛਪੀ ਕਿਸੇ ਤਰੀਕ ਵਿੱਚ ਤਬਦੀਲੀ ਕਰ ਸਕਦਾ ਹੈ ਜਾਂ ਕਿਸੇ ਮਸ਼ਹੂਰ ਹਸਤੀ ਦੇ ਜੀਵਨ ਵੇਰਵੇ ਵਿੱਚ ਅਜਿਹੀ ਜਾਣਕਾਰੀ ਦਰਜ ਕਰ ਸਕਦਾ ਹੈ ਜੋ ਲਿਖਤ ਨੂੰ ਮਾਣ-ਹਾਨੀ ਦੇ ਘੇਰੇ ਵਿੱਚ ਲੈ ਆਵੇ। ਸੰਨ 2005 ਵਿੱਚ ਵਿਕੀਪੀਡੀਏ ਵਿਚਲੀ ਜਾਣਕਾਰੀ ਦੀ ਦਰੁੱਸਤੀ ਬਾਰੇ ਉਸ ਸਮੇਂ ਵੱਡਾ ਹੰਗਾਮਾ ਖੜ੍ਹਾ ਹੋ ਗਿਆ ਸੀ ਜਦੋਂ ਅਮਰੀਕਾ ਦੇ ਮਸ਼ਹੂਰ ਪੱਤਰਕਾਰ ਜੌਹਨ ਸੇਜਨਹਾਲਰ ਨੇ 29 ਨਵੰਬਰ ਨੂੰ ਇਕ ਆਰਟੀਕਲ ਵਿੱਚ ਇਹ ਪ੍ਰਗਟਾਵਾ ਕੀਤਾ ਸੀ ਕਿ ਵਿਕੀਪੀਡੀਏ ਵਿੱਚ ਛਪੇ ਉਸ ਦੇ ਜੀਵਨ ਬਿਉਰੇ ਵਿੱਚ ਇਹ ਦਾਅਵਾ ਕੀਤਾ ਗਿਆ ਹੈ ਕਿ ਕੁਝ ਸਮੇਂ ਲਈ ਉਸ ਉੱਤੇ ਪ੍ਰੈਜ਼ੀਡੈਂਟ ਜੌਹਨ ਐਫ ਕੈਨੇਡੀ ਅਤੇ ਬਾਬ ਕੈਨੇਡੀ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਸ਼ੱਕੀਤਾ ਜਾਂਦਾ ਰਿਹਾ ਸੀ। ਸੇਜਨਹਾਲਰ ਬਾਰੇ ਇਹ ਜਾਣਕਾਰੀ ਵਿਕੀਪੀਡੀਏ ਉੱਪਰ 132 ਦਿਨ ਰਹੀ। ਅਸਲੀਅਤ ਵਿੱਚ ਇਹ ਗੱਲ ਸਚਾਈ ਤੋਂ ਕੋਹਾਂ ਦੂਰ ਸੀ। ਇਹ ਗੱਲ ਸਾਹਮਣੇ ਆਉਣ ਨਾਲ ਵਿਕੀਪੀਡੀਏ ਦੀ ਸ਼ਾਖ ਨੂੰ ਕਾਫੀ ਧੱਕਾ ਲੱਗਾ ਸੀ।

ਵਿਕੀਪੀਡੀਏ 'ਤੇ ਅਜਿਹੀਆਂ ਘਟਨਾਵਾਂ ਹੋਈਆਂ ਹਨ ਅਤੇ ਅਜਿਹੀਆਂ ਘਟਨਾਵਾਂ ਹੋਣ ਦੀ ਸੰਭਾਵਨਾ ਸਦਾ ਬਣੀ ਰਹੇਗੀ। ਪਰ ਵਿਕੀਪੀਡੀਏ 'ਤੇ ਜਾਣਕਾਰੀ ਪਾਉਣ ਦਾ ਅਮਲ, ਇਸ ਦੀ ਤਕਨੀਕ, ਵਿਕੀਪੀਡੀਏ ਵਲੋਂ ਜਾਣਕਾਰੀ ਦੀ ਅਜਿਹੀ ਤੋੜ-ਮਰੋੜ ਨੂੰ ਰੋਕਣ ਲਈ ਚੁੱਕੇ ਗਏ ਕਦਮ ਇਸ ਤਰ੍ਹਾ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਫਲਤਾ ਨਾਲ ਕੰਮ ਕਰ ਰਹੇ ਹਨ। ਇੱਥੇ ਅਸੀਂ ਇਨ੍ਹਾਂ ਵਿੱਚੋਂ ਕੁਝ ਇਕ ਦਾ ਜ਼ਿਕਰ ਕਰਾਂਗੇ। ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਜਦੋਂ ਕੋਈ ਜਾਣਕਾਰੀ ਜਾਂ ਆਰਟੀਕਲ ਵਿਕੀਪੀਡੀਏ 'ਤੇ ਪੈਂਦੀ ਹੈ ਤਾਂ ਇਹ ਉਸ ਹੀ ਵਕਤ ਸਾਰੇ ਲੋਕਾਂ ਦੀ ਸਾਂਝੀ ਲਿਖਤ ਬਣ ਜਾਂਦੀ ਹੈ। ਜਿੱਥੇ ਇਹ ਗੱਲ ਸੱਚ ਹੈ ਕਿ ਵਿਕੀਪੀਡੀਏ ਦੀ ਜਾਣਕਾਰੀ ਵਿੱਚ ਸ਼ਰਾਰਤ ਨਾਲ ਤੋੜ ਮਰੋੜ ਕਰਨ ਵਾਲੇ ਕੁਝ ਕੁ ਲੋਕ ਮੌਜੂਦ ਹਨ, ਉੱਥੇ ਇਹ ਵੀ ਸੱਚ ਹੈ ਕਿ ਵਿਕੀਪੀਡੀਏ 'ਤੇ ਛਪੀ ਜਾਣਕਾਰੀ ਦੀ ਸੁਰੱਖਿਆ ਕਰਨ ਵਾਲੇ ਵੀ ਹਜ਼ਾਰਾਂ ਵਾਲੰਟੀਅਰ ਮੌਜੂਦ ਹਨ। ਉਹ ਵਿਕੀਪੀਡੀਏ 'ਤੇ ਛਪੀ ਜਾਣਕਾਰੀ 'ਤੇ ਲਗਾਤਾਰ ਨਿਗ੍ਹਾ ਰੱਖਦੇ ਹਨ ਅਤੇ ਜਾਣਕਾਰੀ ਵਿੱਚ ਕੀਤੀ ਗਈ ਤੋੜ-ਮਰੋੜ ਨੂੰ ਦਰੁੱਸਤ ਕਰਦੇ ਰਹਿੰਦੇ ਹਨ। ਵਿਕੀਪੀਡੀਏ 'ਤੇ ਕਿਸੇ ਵੀ ਜਾਣਕਾਰੀ ਨੂੰ ਮੇਟਣ ਵਾਲਾ "ਅਨ-ਡੂ" ਨਾਮੀ ਬਟਨ, ਉਹਨਾਂ ਦੀ ਅਜਿਹਾ ਕਰਨ ਵਿੱਚ ਮਦਦ ਕਰਦਾ ਹੈ। ਕੰਪਿਊਟਰ ਦੇ ਮਾਊਸ ਨਾਲ ਇਸ ਬਟਨ 'ਤੇ ਮਾਰਿਆ ਗਿਆ ਇਕ ਕਲਿੱਕ, ਉਸ ਜਾਣਕਾਰੀ ਨੂੰ ਮੇਟ ਕੇ ਉਹਦੀ ਥਾਂ ਉਸ ਤੋਂ ਪਹਿਲਾਂ ਵਾਲੀ ਜਾਣਕਾਰੀ ਬਹਾਲ ਕਰ ਦਿੰਦਾ ਹੈ। ਇਸ ਸੰਬੰਧ ਵਿੱਚ ਐਂਡਰਿਊ ਲੀਹ ਦੀ ਕਿਤਾਬ, "ਵਿਕੀਪੀਡੀਆ ਰੈਵੂਲਸ਼ਨ" ਵਿੱਚੋਂ ਇਕ ਉਦਾਹਰਨ ਪੇਸ਼ ਹੈ। 31 ਜੁਲਾਈ 2006 ਨੂੰ ਅਮਰੀਕਾ ਦੇ ਇਕ ਕਾਮੇਡੀ ਸ਼ੋਅ ਦੇ ਹੋਸਟ ਸਟੀਫਨ ਕੋਲਬਰਟ ਨੇ ਆਪਣੇ ਸ਼ੋਅ ਵਿੱਚ ਆਪਣੇ ਦਰਸ਼ਕਾਂ ਨੂੰ ਸੁਝਾਅ ਦਿੱਤਾ ਸੀ ਕਿ ਉਹ ਵਿਕੀਪੀਡੀਏ 'ਤੇ ਹਾਥੀਆਂ ਬਾਰੇ ਜਾਣਕਾਰੀ ਦਿੰਦੇ ਸਫੇ "ਐਲੀਫੈਂਟ" 'ਤੇ ਜਾਣ ਅਤੇ ਉਸ ਵਿੱਚ ਇਹ ਗਲਤ ਜਾਣਕਾਰੀ ਪਾਉਣ ਕਿ ਪਿਛਲੇ 6 ਮਹੀਨਿਆਂ ਵਿੱਚ ਹਾਥੀਆਂ ਦੀ ਅਬਾਦੀ ਵਿੱਚ ਤਿੰਨ ਗੁਣਾਂ ਵਾਧਾ ਹੋਇਆ ਹੈ। ਕੋਲਬਰਟ ਦਾ ਸ਼ੋਅ ਰਾਤ ਦੇ ਸਾਢੇ ਗਿਆਰਾਂ ਵਜੇ ਬ੍ਰਾਡਕਾਸਟ ਹੁੰਦਾ ਹੈ। ਗਿਆਰਾਂ ਵੱਜ ਕੇ ਉਨਤਾਲੀ ਮਿੰਟ 'ਤੇ ਇਕ ਵਿਅਕਤੀ ਵਿਕੀਪੀਡੀਏ 'ਤੇ ਇਹ ਜਾਣਕਾਰੀ ਪਾਉਣ ਵਿੱਚ ਕਾਮਯਾਬ ਹੋ ਗਿਆ। ਗਿਆਰਾਂ ਵੱਜ ਕੇ ਚਾਲੀ ਮਿਨਟ 'ਤੇ ਇਕ ਹੋਰ ਵਿਅਕਤੀ ਨੇ ਇਹ ਜਾਣਕਾਰੀ ਦਰੁੱਸਤ ਕਰ ਦਿੱਤੀ ਅਤੇ ਵਿਕੀਪੀਡੀਏ ਦੇ ਕਿਸੇ ਐਡਮਿਨਸਟ੍ਰੇਟਰ ਨੇ ਸਫੇ ਨੂੰ ਲਾਕ ਕਰ ਦਿੱਤਾ ਤਾਂ ਕਿ ਉਸ ਵਿੱਚ ਹੋਰ ਤਬਦੀਲੀ ਨਾ ਕੀਤੀ ਜਾ ਸਕੇ।

(ਬਾਕੀ ਅਗਲੇ ਅੰਕ 'ਚ)

ACCOUNTANT

Corporate & Personal Business
Attends: CRA Audits and Appeals

SUKHDEV SINGH CPA, CGA

TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

Balkar Bajwa
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

# 109th Birthday of Shaheed Bhagat Singh big bronze statue of Shaheed-E-Azam






109th Birthday of Shaheed Bhagat Singh big bronze statue of Shaheed-E-Azam unveiled at Shaheed Bhagat Singh Disha Sansthan Kurukshetra under auspices of Shaheed Bhagat Singh Disha Trust. It is the biggest bust in India, total height is of 50 feet. 20 feet bronze statue is situated on 30 feet platform. Amid slogans of 'Inqulab Zindabad', 'Long Live Bhagat Singh' and rumbling of clappings the statue was unveiled by renowned fighting personality, leader of toiling masses Phool Singh Gautam, state president Jan Sangharsh Manch Haryana. To pay revolutionary tributes to Bhagat Singh immense enthusiasm of toiling masses was beyond imagination. People from different corners of India participated at this historic event. After unveiling of statute a public meeting held.

With revolutionary greetings and congratulating the toiling masses, Trust President Shyam Sunder said that it is a historical event at the land of Kurukshetra. He said that it is memorial symbol which toiling masses has established as a symbol of revolution. To those who say that it is idol-worshiping, he emphatically made clear that we are not supporters of idol-worshipping. Statues represent symbols and symbols speak. Capitalist class establishes their symbols and wants to use these symbols for their benefit. The symbols represent class struggle. It is the class struggle that capitalist class demolished statutes of Lenin, Stalin in Berlin. It is responsibility upon the shoulders of true followers of Bhagat Singh to bring forth the revolutionary ideas of Bhagat Singh and to save these symbols from turning into idols. It is a big challenge and responsibility. Only respecting Bhagat Singh or saluting him is not sufficient, the real thing is to raise his banner of 'Inqulab', to move ahead in that direction. For which we will have to fight hard and spread the thoughts of Bhagat Singh in every corner. The young people will have to read and evaluate Bhagat Singh again. Bhagat Singh is symbol of socialist revolution and need of the hour is to unite on his thoughts and move ahead in the direction of forming a communist party which Bhagat Singh had dreamed in his programme put forth on 2 Feb,1931. To carry forward the mission of Bhagat Singh is the real tribute to him.

Chief guest Phool Singh Gautam, President JSMH emphasized that working class will have to rise above castes, religion, color etc. to fight against fascists forces and will have to unite themselves on Bhagat Singh ideology. It is the only way of freedom of working class.

Presiding over the public meeting Dr. C.D.Sharma, Senior Member Trust welcomed all guests and revolutionary gathering at the historical event and said that thougths of Bhagat Singh are big weapon in the hands of working class to fight against capitalism. Capitalist class and their managing committees i.e. governments in this system are leaving no stone unturned to suppress the thoughts of Bhagat Singh, we will have to fail their conspiracy and unite ourselves to establish socialist society. On the teachings of Bhagat Singh the young people will have to come forward and took the message of revolution to oppressed working class.

Krantikari Naujwan Sabha leader Amit Chakerborty, Communist Gadar Party of India (CGPI) cc member Parkash Rao, Inqulabi Mazdoor Kendra vice president Nagender, POP leader Battini Sriniwasan Rao, DU Professor Nrender Rawat, Ram Niwas from Mazdoor Sahyog Kendra, Shrmjivi Sangharsh Morcha president Pal Singh, Nirman Karya Mazdoor-Mistri Union general secretary Bhagwat Swaroop Sharma, Samtamulak Mahila Sangthan convenor Dr. Sunita Tyagi, Students Organisation for Socialist Democracy (SOSD) convenor Kavita Vidrohi, NACDOR leader Suresh Tank and Jan Sangharsh Manch Vice-President and trust committee member Advocate Sudesh Kumari also addressed the meeting and paid their revolutionary tribute to Shaheed-E-Azam. Trust also released a four page appeal to people and all revolutionary forces to get united on the thoughts of Bhagat Singh.

"Hwa Me Rhegi mere Khyal ki bijli,
Ye Musht-E-Khak h fani rhe, rhe n rhe!!"
"E Bhagat Singh Tu Zinda H

# ਗੁਰਸ਼ਰਨ ਭਾਅ ਜੀ ਵਰਗੀ ਇਨਕਲਾਬੀ ਪ੍ਰਤੀਬੱਧਤਾ ਦੀ ਲੋੜ

**ਸੁਮੀਤ ਸਿੰਘ**



ਗੁਰਸ਼ਰਨ ਭਾਅ ਜੀ ਦਾ ਰੰਗਮੰਚ ਨਾਲ ਜੁੜਨ ਦਾ ਇਕੋ ਇਕ ਮਕਸਦ ਇਹ ਸੀ ਕਿ ਆਮ ਲੋਕਾਂ ਦੀ ਮਾਨਸਿਕਤਾ ਨੂੰ ਵਿਗਿਆਨਕ ਅਤੇ ਸੰਘਰਸ਼ਸ਼ੀਲ ਬਣਾਇਆ ਜਾਵੇ ਤਾਂ ਕਿ ਉਹ ਰਵਾਇਤੀ ਲਾਈਲੱਗ ਸੋਚ ਤੋਂ ਉਪਰ ਉੱਠ ਕੇ ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ, ਹਕੂਮਤੀ ਤੇ ਫਿਰਕੂ ਜਬਰ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਜਥੇਬੰਦਕ ਸੰਘਰਸ਼ ਕਰਨ ਦੇ ਸਮਰੱਥ ਹੋ ਸਕਣ। ਉਨ੍ਹਾਂ ਦੇ ਦਿਲੋ-ਦਿਮਾਗ ਵਿਚ ਲੋਕਪੱਖੀ ਸਮਾਜਿਕ ਤੇ ਸਿਆਸੀ ਤਬਦੀਲੀ ਲਈ ਇਕ ਇਨਕਲਾਬੀ ਤੜਪ ਅਤੇ ਸਿਰੜੀ ਸੋਚ ਭਾਰੂ ਸੀ, ਜਿਸ ਨੂੰ ਉਹ ਹਕੀਕਤ ਵਿਚ ਬਦਲਿਆ ਵੇਖਣਾ ਚਾਹੁੰਦੇ ਸਨ। ਇਹੀ ਵਜ੍ਹਾ ਸੀ ਕਿ ਉਨ੍ਹਾਂ ਨੇ ਆਪਣੇ ਰੰਗਮੰਚ ਨੂੰ ਤਕਨੀਕੀ ਪੱਖ ਤੋਂ ਵਿਕਸਤ ਕਰਨ ਦੀ ਬਜਾਏ ਇਸ ਨੂੰ ਵਿਗਿਆਨਕ ਵਿਚਾਰਧਾਰਕ ਤਬਦੀਲੀ ਦੇ ਮਾਧਿਅਮ ਵਜੋਂ ਵਰਤਣ ਨੂੰ ਤਰਜੀਹ ਦਿੱਤੀ। ਉਨ੍ਹਾਂ ਨੇ ਨਾਟਕ ਦੀ ਕਲਾ ਨੂੰ ਸਿਰਫ ਕਲਾ ਲਈ ਹੀ ਨਹੀਂ ਅਪਣਾਇਆ ਬਲਕਿ ਨਾਟਕ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਲਿਆਉਣ ਲਈ ਪ੍ਰੇਰਿਤ ਕੀਤਾ।

ਉਹ ਖੱਬੇਪੱਖੀ ਵਿਚਾਰਧਾਰਾ ਦੇ ਪੱਕੇ ਧਾਰਨੀ ਹੋਣ ਕਰਕੇ ਇਸ ਹਕੀਕਤ ਨੂੰ ਭਲੀ-ਭਾਂਤ ਸਮਝਦੇ ਸਨ ਕਿ ਜਦੋਂ ਤਕ ਮੌਜੂਦਾ ਭ੍ਰਿਸ਼ਟ ਅਤੇ ਲੋਟੂ ਰਾਜ ਪ੍ਰਬੰਧ ਨੂੰ ਲੋਕਪੱਖੀ ਸਮਾਜਵਾਦੀ ਨਿਜ਼ਾਮ ਵਿਚ ਤਬਦੀਲ ਨਹੀਂ ਕੀਤਾ ਜਾਂਦਾ ਉਦੋਂ ਤੱਕ ਲੋਕਾਂ ਦੀਆਂ ਜੀਵਨ ਹਾਲਤਾਂ ਅਤੇ ਭਵਿੱਖ ਨੂੰ ਬਿਹਤਰ ਨਹੀਂ ਬਣਾਇਆ ਜਾ ਸਕਦਾ।

ਲੋਕ ਰੰਗਮੰਚ ਦੇ ਇਸ ਮਹਾਂਨਾਇਕ ਨੇ ਸਮੁੱਚੀ ਮਿਹਨਤਕਸ਼ ਜਮਾਤ ਅਤੇ ਵਿਸ਼ੇਸ਼ ਕਰਕੇ ਔਰਤਾਂ, ਨੌਜਵਾਨਾਂ, ਗਰੀਬਾਂ ਅਤੇ ਦਲਿਤਾਂ ਨੂੰ ਆਪਣੇ ਜਮਹੂਰੀ ਹੱਕਾਂ ਲਈ ਜਾਗਰੂਕ ਅਤੇ ਜਥੇਬੰਦਕ ਕਰਨ ਲਈ ਲਗਾਤਾਰ ਯਤਨ ਕੀਤੇ। ਪਿੰਡਾਂ ਵਿਚ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਦਰਸ਼ਕਾਂ ਵਿਚ ਜੇਕਰ ਔਰਤਾਂ ਮੌਜੂਦ ਨਹੀਂ ਸਨ ਹੁੰਦੀਆਂ ਤਾਂ ਉਹ ਔਰਤਾਂ ਨੂੰ ਘਰਾਂ ਵਿਚੋਂ ਬੁਲਾਉਣ ਲਈ ਖੁਦ ਸਟੇਜ ਤੋਂ ਅਨਾਊਂਸਮੈਂਟ ਕਰਦੇ ਅਤੇ ਉਦੋਂ ਤਕ ਨਾਟਕ ਸ਼ੁਰੂ ਨਹੀਂ ਸੀ ਕਰਦੇ ਜਦੋਂ ਤਕ ਔਰਤਾਂ ਪੰਡਾਲ ਵਿਚ ਆ ਕੇ ਬੈਠ ਨਹੀਂ ਸੀ ਜਾਂਦੀਆਂ। ਸਮਾਜ ਵਿਚ ਔਰਤਾਂ ਉੱਤੇ ਹੁੰਦੇ ਜ਼ੁਲਮਾਂ ਅਤੇ ਨਾਬਰਾਬਰੀ ਦੇ ਵਰਤਾਰੇ ਤੋਂ ਉਹ ਬਹੁਤ ਫਿਕਰਮੰਦ ਸਨ। ਔਰਤਾਂ ਦੇ ਹੱਕਾਂ ਲਈ ਲਿਖੇ ਨਾਟਕ 'ਸਮਾਜ' ਵਿਚ ਉਨ੍ਹਾਂ ਨੇ ਇਹ ਅਹਿਮ ਸਵਾਲ ਉਭਾਰਿਆ ਕਿ ਸਕੂਲ ਵਿਚ ਦਾਖਲੇ ਸਮੇਂ ਬੱਚੇ ਦੇ ਬਾਪ ਦਾ ਹੀ ਨਾਮ ਕਿਉਂ ਲਿਖਿਆ ਜਾਂਦਾ ਹੈ ਮਾਂ ਦਾ ਕਿਉਂ ਨਹੀਂ, ਜਦੋਂਕਿ ਮਾਂ ਹੀ ਉਸ ਦੀ ਜੰਮਣਹਾਰ ਤੇ ਪਾਲਣਹਾਰ ਹੁੰਦੀ ਹੈ। ਇਸ ਤਰਕਪੂਰਨ ਸਵਾਲ ਉੱਤੇ ਗੰਭੀਰਤਾ ਨਾਲ ਵਿਚਾਰ ਕਰਦੇ ਹੋਏ ਉਸ ਸਮੇਂ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਨੇ ਐਲਾਨ ਕੀਤਾ ਕਿ ਅੱਜ ਤੋਂ ਬਾਅਦ ਜਾਰੀ ਹੋਣ ਵਾਲੇ ਹਰ ਸਰਟੀਫਿਕੇਟ ਉਤੇ ਬਾਪ ਦੇ ਨਾਲ-ਨਾਲ ਮਾਂ ਦਾ ਨਾਮ ਵੀ ਲਿਖਿਆ ਜਾਵੇਗਾ। ਇਸ ਅਹਿਮ ਪ੍ਰਾਪਤੀ ਦਾ ਸਿਹਰਾ ਸਿਰਫ ਤੇ ਸਿਰਫ ਗੁਰਸ਼ਰਨ ਭਾਅ ਜੀ ਨੂੰ ਹੀ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਸਰਕਾਰ ਤੋਂ ਇਹ ਮੰਗ ਵੀ ਕੀਤੀ ਕਿ ਇਕ ਦੂਜੇ ਨੂੰ ਮਾਂ ਭੈਣ ਦੀਆਂ ਗਾਲ੍ਹਾਂ ਕੱਢਣ ਵਾਲਿਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਮਾਦਾ ਭਰੂਣ ਹੱਤਿਆ ਕਰਨ ਵਾਲਿਆਂ ਅਤੇ ਇਸ ਨੂੰ ਉਕਸਾਉਣ ਲਈ ਜ਼ਿੰਮੇਵਾਰ ਦੋਸ਼ੀਆਂ ਖ਼ਿਲਾਫ਼ ਧਾਰਾ 302 ਤਹਿਤ ਕਤਲ ਦਾ ਕੇਸ ਦਰਜ ਕੀਤਾ ਜਾਵੇ।

ਉਨ੍ਹਾਂ ਨੇ ਆਪਣੇ ਪ੍ਰਸਿੱਧ ਨਾਟਕਾਂ ਜਿਵੇਂ ਕਿ ਦੁੱਲਾ ਭੱਟੀ, ਤਖ਼ਤ ਲਾਹੌਰ, ਧਮਕ ਨਗਾਰੇ ਦੀ, ਜਨਤਾ ਮਾਈ, ਕੁਰਸੀ ਵਾਲਾ ਮੰਜੀਵਾਲਾ, ਕੁਰਸੀ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ, ਦਾਸਤਾਨੇ ਪੰਜਾਬ, ਹਿੱਟ ਲਿਸਟ, ਬਾਬਾ ਬੋਲਦਾ ਹੈ, ਇਨਕਲਾਬ ਜ਼ਿੰਦਾਬਾਦ, ਬੁੱਤ ਬੋਲ ਪਿਆ, ਭੰਡ ਪੰਜਾਬ ਦੇ ਅਤੇ ਕਈ ਹੋਰ ਨਾਟਕਾਂ ਵਿਚ ਸਪਸ਼ਟ ਇਨਕਲਾਬੀ ਤੇ ਬਾਗੀ ਸੁਰ ਵਿਚ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ, ਧਰਮ ਤੇ ਜਾਤ-ਪਾਤ ਆਧਾਰਿਤ ਫਿਰਕੂ ਸਿਆਸਤ, ਨਸ਼ੇ, ਭ੍ਰਿਸ਼ਟਾਚਾਰ, ਨਾ- ਬਰਾਬਰੀ ਅਤੇ ਅੰਧ ਵਿਸ਼ਵਾਸ ਆਦਿ ਜਿਹੇ ਮਹੱਤਵਪੂਰਨ ਮੁੱਦਿਆਂ ਨੂੰ ਬੇਖੌਫ ਹੋ ਕੇ ਜਨਤਾ ਸਾਹਮਣੇ ਪੇਸ਼ ਕੀਤਾ।

ਗੁਰਸ਼ਰਨ ਭਾਅ ਜੀ ਨੇ ਆਪਣੇ 50 ਸਾਲਾ ਰੰਗਮੰਚ ਦੇ ਜੀਵਨ ਵਿਚ ਲਗਪਗ 185 ਨਾਟਕ ਲਿਖੇ ਅਤੇ ਕੋਈ 12000 ਤੋਂ ਵੱਧ ਪੇਸ਼ਕਾਰੀਆਂ ਕੀਤੀਆਂ। ਉਨ੍ਹਾਂ ਆਪਣੀ ਵਧਦੀ ਉਮਰ ਅਤੇ ਸਿਹਤ ਦੀ ਪ੍ਰਵਾਹ ਕੀਤੇ ਬਗੈਰ ਇਕ ਸਾਲ ਵਿਚ ਰੰਗਮੰਚ ਦੀਆਂ 250 ਪੇਸ਼ਕਾਰੀਆਂ ਕਰਕੇ ਇਕ ਰਿਕਾਰਡ ਸਥਾਪਤ ਕੀਤਾ। ਪੰਜਾਬ ਦਾ ਕੋਈ ਵੀ ਅਜਿਹਾ ਪਿੰਡ, ਕਸਬਾ ਤੇ ਸ਼ਹਿਰ ਐਸਾ ਨਹੀਂ, ਜਿਥੇ ਗੁਰਸ਼ਰਨ ਭਾਅ ਜੀ ਨੇ ਆਪਣੇ ਇਨਕਲਾਬੀ ਰੰਗਮੰਚ ਦੀ ਮਸ਼ਾਲ ਨਾ ਜਗਾਈ ਹੋਵੇ। ਦੂਰਦਰਸ਼ਨ ਤੋਂ ਪ੍ਰਸਾਰਿਤ ਹੋਏ ਉਨ੍ਹਾਂ ਦੇ ਪ੍ਰਸਿੱਧ ਨਾਟਕ ਭਾਈ ਮੰਨਾ ਸਿੰਘ ਨੇ ਲੋਕ ਮਾਨਸਿਕਤਾ ਨੂੰ ਝੰਜੋੜਨ ਵਿਚ ਇਕ ਅਹਿਮ ਭੂਮਿਕਾ ਨਿਭਾਈ, ਜਿਸ ਕਰਕੇ ਆਮ ਲੋਕਾਂ ਵੱਲੋਂ ਉਨ੍ਹਾਂ ਨੂੰ ਭਾਈ ਮੰਨਾ ਸਿੰਘ ਵੀ ਕਿਹਾ ਜਾਣ ਲੱਗ ਪਿਆ।

ਅੱਜ ਜਦੋਂਕਿ ਦੇਸ਼ ਦੀਆਂ ਸਾਮਰਾਜਪੱਖੀ ਹਾਕਮ ਜਮਾਤਾਂ ਦੇਸ਼ ਦੀ ਜਨਤਾ ਨੂੰ ਲੁੱਟਣ, ਕੁੱਟਣ, ਫਿਰਕਾਪ੍ਰਸਤੀ ਫੈਲਾਉਣ ਅਤੇ ਉਨ੍ਹਾਂ ਦੇ ਜਮਹੂਰੀ ਹੱਕਾਂ ਨੂੰ ਫਾਸ਼ੀਵਾਦੀ ਕਾਲੇ ਕਾਨੂੰਨਾਂ ਹੇਠ ਖਤਮ ਕਰਨ ਦੀ ਨੀਤੀ ਉੱਤੇ ਚੱਲ ਰਹੀਆਂ ਹਨ ਅਤੇ ਇਨ੍ਹਾਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਨ ਵਾਲੀਆਂ ਜਮਹੂਰੀ ਤੇ ਜਨਤਕ ਧਿਰਾਂ ਨੂੰ ਜਬਰ-ਜ਼ੁਲਮ ਰਾਹੀਂ ਦਬਾਇਆ ਜਾ ਰਿਹਾ ਹੈ ਤਾਂ ਅਜਿਹੇ ਗੈਰ ਮਨੁੱਖੀ ਹਾਲਾਤ ਨੂੰ ਬਦਲਣ ਲਈ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰਧਾਰਾ ਅਤੇ ਗੁਰਸ਼ਰਨ ਭਾਅ ਜੀ ਵਰਗੀ ਪ੍ਰਤੀਬੱਧਤਾ ਤੇ ਕਾਰਜ ਵਿਉਂਤਬੰਦੀ ਨੂੰ ਅਮਲੀਜਾਮਾ ਪਹਿਨਾਉਣ ਦੀ ਲੋੜ ਹੈ।

ਇਸ ਲਈ ਗੁਰਸ਼ਰਨ ਭਾਅ ਜੀ ਦੀ ਸੋਚ ਦੇ ਅਸਲ ਵਾਰਸਾਂ ਦਾ ਨੈਤਿਕ ਤੇ ਮਨੁੱਖੀ ਫਰਜ਼ ਹੈ ਕਿ ਉਹ ਲੋਕਪੱਖੀ ਰੰਗਮੰਚ ਨੂੰ ਵੱਡੇ-ਵੱਡੇ ਥੀਏਟਰਾਂ, ਰੰਗਮੰਚ ਭਵਨਾਂ, ਆਡੀਟੋਰੀਅਮ ਅਤੇ ਨਾਟ ਘਰਾਂ ਦੀ ਚਾਰਦੀਵਾਰੀ ਵਿਚੋਂ ਬਾਹਰ ਕੱਢ ਕੇ ਉਨ੍ਹਾਂ ਦੀ ਇਨਕਲਾਬੀ ਨੁੱਕੜ ਨਾਟ ਸ਼ੈਲੀ ਵਿਚ ਸਮਾਜ ਦੇ ਪਿਛੜੇ ਵਰਗਾਂ ਅਤੇ ਖੇਤਰਾਂ ਤੱਕ ਲੈ ਕੇ ਜਾਣ ਦੇ ਲਗਾਤਾਰ ਉਪਰਾਲੇ ਕਰਨ ਤਾਂ ਕਿ ਗੁਰਸ਼ਰਨ ਭਾਅ ਜੀ ਦੇ ਸਮਾਜਿਕ ਬਰਾਬਰੀ, ਇਨਸਾਫ ਅਤੇ ਪੂਰਨ ਆਜ਼ਾਦੀ ਦੇ ਵਡਮੁੱਲੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਗੁਰਸ਼ਰਨ ਭਾਅ ਜੀ 27 ਸਤੰਬਰ, 2011 ਨੂੰ ਸਾਨੂੰ ਸਰੀਰਕ ਤੌਰ 'ਤੇ ਸਦੀਵੀ ਵਿਛੋੜਾ ਦੇ ਗਏ ਸਨ ਪਰ ਉਨ੍ਹਾਂ ਵੱਲੋਂ ਲੋਕਪੱਖੀ ਰੰਗਮੰਚ ਦੇ ਖੇਤਰ ਵਿਚ ਅਗਿਆਨਤਾ, ਅਨਪੜ੍ਹਤਾ, ਅਨਿਆਂ, ਅਸਮਾਨਤਾ, ਅੰਧ ਵਿਸ਼ਵਾਸ, ਅਤਿਵਾਦ ਅਤੇ ਫਿਰਕਾਪ੍ਰਸਤੀ ਦੇ ਖ਼ਿਲਾਫ਼ ਨਿਭਾਈ ਵਡਮੁੱਲੀ ਅਤੇ ਇਨਕਲਾਬੀ ਭੂਮਿਕਾ ਲਈ ਉਨ੍ਹਾਂ ਨੂੰ ਸਦੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। **ਮੋਬਾਈਲ: 97792-30173**

# ਗੁਲਾਮੀ ਨੂੰ ਸੱਦਾ ਦਿੰਦੀ ਸਮਾਰਟ ਸਿਟੀ ਪ੍ਰੋਜੈਕਟ



ਮੂਲ ਲੇਖਕ : ਮੁਸ਼ਰਫ਼ ਅਲੀ
ਅਨੁ. : ਡਾ. ਅਜੀਤਪਾਲ ਸਿੰਘ ਐਮ. ਡੀ.

ਦਿੱਲੀ ਦਾ ਤਾਲਕਟੋਰਾ ਇੰਡੋਰ ਸਟੇਡੀਅਮ ਖਚਾਖਚ ਭਰਿਆ ਹੋਇਆ ਸੀ। ਮੰਚ 'ਤੇ ਜਿਸ ਨਾਂ ਦਾ ਐਲਾਨ ਹੋ ਰਿਹਾ ਸੀ, ਉਹ ਸਖਸ਼ ਚਲਦਾ ਹੋਇਆ ਉਥੇ ਪਹੁੰਚਦਾ ਹੈ। ਮੰਚ ਸੰਚਾਲਕ ਨੇ ਉਸ ਦਾ ਸੁਆਗਤ ਕਰਦਿਆਂ ਕਿਹਾ, "ਇਨ੍ਹਾਂ ਨੇ ਕੜੀ ਮਿਹਨਤ, ਲਗਨ ਤੇ ਨਿਸ਼ਠਾ ਨਾਲ ਕੰਮ ਕਰਕੇ ਇੰਨੇ ਮੈਂਬਰਾਂ ਨੂੰ ਇਸ ਨੈਟਵਰਕ ਨਾਲ ਜੋੜਿਆ ਹੈ ਕਿ ਇਨ੍ਹਾਂ ਨੂੰ ਡਾਇਮੰਡ ਦੇ ਖਿਤਾਬ ਨਾਲ ਨਿਵਾਜਿਆ ਜਾ ਰਿਹਾ ਹੈ।" ਇਸ ਦੌਰਾਨ ਇਕ ਔਰਤ ਮਹਿਮਾਨ ਨੂੰ ਮੰਚ 'ਤੇ ਬੁਲਾਇਆ ਜਾਂਦਾ ਹੈ ਜੋ ਉਸ ਸਖਸ਼ ਦੀ ਟਾਈ 'ਚ ਇਕ ਫਾਈਪਿੰਨ ਲਾ ਦਿੰਦੀ ਹੈ ਅਤੇ ਇਸ ਪਿਛੋਂ ਹਾਲ ਤਾੜੀਆਂ ਨਾਲ ਗੂੰਜ ਉਠਦਾ ਹੈ। ਉਹ ਸਖਸ਼ ਵਾਪਸ ਆਪਣੀ ਸੀਟ 'ਤੇ ਚਲਾ ਜਾਂਦਾ ਹੈ ਤੇ ਮੰਚ ਸੰਚਾਲਕ ਦੂਜੇ ਲੋਕਾਂ ਦਾ ਨਾਂ ਬੋਲਣ ਲਗਦਾ ਹੈ, ਲੋਕ ਇਕ ਇਕ ਕਰਕੇ ਮੰਚ 'ਤੇ ਆਉਂਦੇਹਨ ਅਤੇ ਕਿਸੇ ਨੇ ਡਾਇਮੰਡ ਗੋਲਡ ਤੇ ਕਿਸੇ ਨੂੰ ਸਿਲਵਰ ਖਿਤਾਬ ਦਿੱਤੇ ਜਾਂਦੇ ਹਨ। ਸ਼ਾਇਦ ਇਸ ਗੱਲ ਨੂੰ ਦਸ ਸਾਲ ਲੰਘ ਚੁੱਕੇ ਹੋਣਗੇ ਜਦ ਭਾਰਤ ਦਾ ਮੱਧ ਵਰਗ ਅਮਰੀਕਾ ਦੀ ਕੰਪਨੀ ਐਮ.ਵੇ ਦੇ ਜਾਲ 'ਚ ਫਸ ਕੇ ਉਸ ਦਾ ਦੀਵਾਨਾ ਹੋ ਰਿਹਾ ਸੀ। ਸਕੂਲ ਦਾ ਮਾਸਟਰ ਦਫ਼ਤਰ ਦਾ ਬਾਬੂ, ਅਧਿਕਾਰੀ, ਡਾਕਟਰ, ਵਕੀਲ, ਅਫ਼ਸਰ ਸਾਰੇ ਲੋਕ, ਮੈਂਬਰਾਂ ਦੀ ਲੜੀ ਬਣਾਉਣ 'ਚ ਲੱਗ ਗਏ ਸਨ। ਉਹ ਲੋਕਾਂ ਦੀ ਬਕਾਇਦਾ ਕਲਾਸ ਲਾ ਕੇ ਆਪਣੇ ਹੀ ਵਰਗੇ ਹੋਰ ਲੋਕਾਂ ਨੂੰ ਸਮਝਾ ਰਹੇ ਸਨ ਕਿ ਉਹ ਸਿਰਫ਼ ਤਿੰਨ ਮੈਂਬਰ ਬਣਾਉਣ ਤਾਂ ਉਨ੍ਹਾਂ ਦੀ ਵੀ ਮੈਂਬਰਸ਼ਿਪ ਦਾ ਇਕ ਹਿੱਸਾ ਤੁਹਾਡੇ ਖਾਤੇ 'ਚ ਚਲਾ ਜਾਵੇਗਾ ਅਤੇ ਇਸ ਤਰ੍ਹਾਂ ਬਿਨਾ ਜ਼ਿਆਦਾ ਮਿਹਨਤ ਕੀਤੇ ਹਰ ਮਹੀਨੇ ਆਪ ਦੇ ਖਾਤੇ 'ਚ ਰਕਮ ਜਮ੍ਹਾਂ ਹੁੰਦੀ ਜਾਵੇਗੀ ਅਤੇ ਥੋੜ੍ਹੇ ਦਿਨਾਂ ਪਿਛੋਂ ਆਪ ਦੀ ਆਮਦਨ ਏਨੀ ਹੋ ਜਾਵੇਗੀ ਕਿ ਤੁਸੀਂ ਉਸ ਨੂੰ ਖਰਚ ਨਹੀਂ ਕਰ ਸਕੋਗੇ। ਇਸ ਕੰਪਨੀ ਨੇ ਆਦਮੀ ਦੇ ਲਾਲਚ ਨੂੰ ਆਪਣੇ ਪ੍ਰਚਾਰ ਦਾ ਹਿੱਸਾ ਬਣਾ ਕੇ ਉਸ ਨੂੰ ਬਿਨਾਂ ਜ਼ਿਆਦਾ ਮਿਹਨਤ ਦੇ ਥੋੜ੍ਹੇ ਜਿਹੇ ਜਿਹੇ ਖਰਚੇ ਕਰਕੇ ਅਮੀਰ ਬਣਨ ਦਾ ਸੁਪਨਾ ਵਿਖਾਇਆ ਸੀ ਪਰ ਉਹ ਸੁਪਨਾ ਕੁਝ ਹੀ ਦਿਨਾਂ 'ਚ ਟੁੱਟ ਗਿਆ। ਲੋਕ ਆਪਣੇ ਆਪਣੇ ਪੈਸੇ ਗੁਆ ਕੇ ਚੁੱਪ ਬੈਠ ਗਏ। ਉਹ ਕੰਪਨੀ ਇਸ ਨਾਲ ਮਾਲਾਮਾਲ ਹੋ ਗਈ। ਲੋਕਾਂ ਨੂੰ ਝੂਠੇ ਸੁਪਨੇ ਵਿਖਾਉਣ ਦਾ ਕੰਮ ਛੋਟੇ ਮੋਟੇ ਠੱਗ ਤਾਂ ਕਰਦੇ ਹੀ ਰਹਿੰਦੇ ਹਨ ਪਰ ਇਹੀ ਕੰਮ ਸੰਸਾਰ ਬੈਂਕ ਤੇ ਆਈ.ਐਮ.ਐਫ. ਦੁਨੀਆ ਦੇ ਨੀਮ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਨਾਲ ਕਰਦੇ ਹਨ। ਵੱਖ-ਵੱਖ ਲੋਕਾਂ ਦੀ ਠੱਗੀ ਦੇ ਇਸ ਕੰਮ ਵਿਚ ਅਮਰੀਕਾ ਆਗੂ ਭੂਮਿਕਾ ਨਿਭਾਉਂਦਾਹੈ। ਦੇਸ਼ ਨੂੰ ਆਪਣੇ ਜਾਲ 'ਚ ਫਸਾਉਣ ਦੇ ਤਰੀਕਿਆਂ ਦੀ ਕਾਢ ਕੱਢਣ ਵਾਲੇ ਮਾਹਿਰਾਂ ਦੀ ਇਕ ਪੂਰੀ ਟੀਮ ਦੇ ਲਈ ਕੰਮ ਕਰਦੀ ਹੈ। ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ ਦੋ ਵਿਘਾ ਜ਼ਮੀਨ ਦਾ ਮਹਾਜਨ ਜਿਸ ਤਰ੍ਹਾਂ ਕਿਸਾਨ ਨੂੰ ਕਰਜ਼ੇ ਦੇ ਜਾਲ 'ਚ ਫਸਾ ਕੇ ਉਸ ਦੀ ਸਾਰੀ ਜ਼ਮੀਨ ਆਪਣੇ ਨਾਂ ਕਰਵਾ ਲੈਂਦਾ ਹੈ ਅਤੇ ਬੇਗਾਰ ਵੱਖਰੀ ਲੈਂਦਾ ਹੈ। ਬਿਲਕੁਲ ਇਹੀ ਤਰੀਕਾ ਇਹ ਅਮਰੀਕਾ ਇਨ੍ਹਾਂ ਅਖੌਤੀ ਵਿਕਾਸ ਏਜੰਸੀਆਂ ਰਾਹੀਂ ਅਪਣਾਉਂਦਾਹੈ। ਆਪਣੀ ਬਣਤਰ ਦੇ ਪਿਛੋਂ ਤੋਂ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾਕੋਸ਼ ਦੀ ਜੋੜੀ, ਅਨੇਕਾਂ ਦੇਸ਼ਾਂ ਨੂੰ ਆਪਣੇ ਕਰਜ਼ੇ ਦੇ ਜਾਲ 'ਚ ਫਸਾ ਕੇ ਬਰਬਾਦ ਕਰ ਚੁੱਕੀ ਹੈ। ਗ੍ਰੀਨ (ਯੁਨਾਨ) ਸੰਕਟ ਸਭ ਦੇ ਸਾਹਮਣੇ ਹੈ ਜਿਸ 'ਚ 16 ਜੂਨ ਨੂੰ ਉਥੋਂ ਦੇ ਪ੍ਰਧਾਨ ਮੰਤਰੀ ਇਲੇਕਸੇਸ ਸਾਈਪ੍ਰਸ ਨੇ ਸੰਸਦ 'ਚ ਦਿੱਤੇ ਭਾਸ਼ਣ 'ਚ ਕਿਹਾ ਕਿ 'ਗ੍ਰੀਕ ਦੇ ਇਸ ਸੰਕਟ ਲਈ ਆਈ.ਐਮ.ਐਫ. ਅਪਰਾਧੀ ਹੈ। ਇਹ ਕਰਜਦਾਤਾ ਏਜੰਸੀਆਂ ਗ੍ਰੀਕ ਨੂੰ ਅਪਮਾਨਿਤ ਕਰਨਾ ਚਾਹੁੰਦੀਆਂ ਹਨ।'' ਅਮਰੀਕਾ ਦੇ ਅਧੀਨ ਵਾਸ਼ਿੰਗਟਨ 'ਚ ਸਥਿਤ ਇਹ ਕਰਜ਼ਦਾਤਾ ਏਜੰਸੀਆਂ ਕਿਸ ਤਰ੍ਹਾਂ ਕਿਸੇ ਦੇਸ਼ ਨੂੰ ਆਪਣੀ ਜਾਲ 'ਚ ਫਸਾ ਕੇ ਉਸ ਨੂੰ ਬਰਬਾਦ ਕਰਦੀਆਂ ਹਨ, ਇਸ ਨੂੰ ਜਾਨਣ ਲਈ ਤੁਹਾਨੂੰ ਐਡਵਰਡ ਸਨੋਡੇਨ ਵਾਂਗੂੰ ਵਰਗੇ ਹੀ ਇਕ ਹੋਰ ਅਮਰੀਕੀ ਜਾਨ ਪਾਰਕਿਨਸ ਦੀ ਆਪਣੀ ਲਿਖੀ ਪੁਸਤਕ 'ਕਨਫੈਸ਼ਨ ਆਫ਼ ਐਨ ਇਕਨਾਮਿਕ ਰਿਫਮੈਨ' ਇਕ ਆਰਥਿਕ ਅਪਰਾਧੀ ਦਾ ਇਕ ਬਾਲੀਆ ਬਿਆਨ 'ਚ ਪੜ੍ਹਨ ਪੈਂਦੀ ਹੈ। ਇਹ ਕਿਤਾਬ ਮੋਦੀ ਸਰਕਾਰ ਦੀ ਭੋਇੰ ਪ੍ਰਾਪਤੀ ਬਿਲ ਪਾਸ ਕਰਨਾ ਦੀ ਬੇਚੈਨੀ ਤੇ ਇਸ ਦੇ ਸਮਾਰਟ ਸਿਟੀ ਪ੍ਰੋਜੈਕਟ ਦਾ ਕੀ ਸਬੰਧ ਹੈ, ਇਸ ਨੂੰ ਸਮਝਣ 'ਚ ਆਪ ਦੀ ਮਦਦ ਕਰੇਗੀ। ਜਾਨ ਪਾਰਕਿਨਸ ਲਿਖਦੇ ਹਨ, "ਇਕਨਾਮਿਕ ਹਿਟਮੈਨ, ਆਰਥਿਕ ਮਾਮਲਿਆਂ ਦੇ ਇਹ ਮਾਹਿਰ ਹੁੰਦੇ ਹਨ ਜੋ ਵਿਕਾਸਸ਼ੀਲ ਤੇ ਨੀਮ ਵਿਕਸਤ ਦੇਸ਼ਾਂ ਵਲੋਂ ਲਏ ਜਾਣ ਵਾਲੇ ਕਰਜ਼ੇ ਨੂੰ ਜਾਇਜ਼ ਠਹਿਰਾਉਂਦੇ ਹਨ। ਉਹ ਵਿਕਾਸ ਦੇ ਅਜਿਹੇ ਆਪਣੇ ਸੁਪਨੇ ਦਿਖਾਉਣ ਵਾਲੇ ਪ੍ਰੋਜੈਕਟ ਪੇਸ਼ ਕਰਦੇ ਹਨ ਜਿਨ੍ਹਾਂ ਲਈ ਵੱਡੇ ਕਰਜ਼ੇ ਦੀ ਲੋੜ ਪੈਂਦੀ ਹੈ। ਉਨ੍ਹਾਂ ਦਾ ਕੰਮ ਹੁੰਦਾ ਹੈ ਕਿ ਗੈਰ ਜ਼ਰੂਰੀ ਕਰਜ਼ਿਆਂ ਨੂੰ ਦਿਵਾ ਕੇ ਉਸ ਦੇਸ਼ ਨੂੰ ਦਲਾਲ ਬਣਾਉਣਾ। ਇਸ ਨਾਲ ਕਰਜ਼ਾ ਲੈਣ ਵਾਲਾ ਦੇਸ਼ ਕਰਜ਼ਦਾਤਾ ਏਜੰਸੀਆਂ ਦਾ ਪੱਕੇ ਤੌਰ 'ਤੇ ਗੁਲਾਮ ਹੋ ਜਾਂਦਾ ਹੈ। ਇਸ ਪਿਛੋਂ ਅਮਰੀਕਾ ਨੂੰ ਜਦ ਸੰਯੁਕਤ ਰਾਸ਼ਟਰ ਸੰਘ 'ਚ ਕਿਸੇ ਪ੍ਰਸਤਾਵ ਨੂੰ ਪਾਸ ਕਰਨ ਦੀ ਲੋੜ ਹੁੰਦੀ ਹੈ, ਵੁਸ ਦੇਸ਼ 'ਚ ਆਪਣਾ ਫੌਜੀ ਅੱਡਾ ਬਣਾਉਣਾ ਹੁੰਦਾ ਹੇ ਜਾਂ ਤੇਲ ਅਤੇ ਇਸ ਤਰ੍ਹਾਂ ਦੇ ਕੁਦਰਤੀ ਵਸੀਲਿਆਂ 'ਤੇ ਕਬਜ਼ੇ ਦੀ ਲੋੜ ਹੁੰਦੀ ਹੈ ਤਾਂ ਉਹ ਕਰਜ਼ਦਾਰ ਦੇਸ਼ਾਂ ਨੂੰ ਇਸ ਖਾਤਰ ਮਜ਼ਬੂਰ ਕਰਦਾ ਹੈ। ਇਕੋਨਾਮਿਕ ਹਿੱਟ ਮੈਨ, ਤਾਥਾਕਥਿਤ ਵਿਕਾਸ ਦੀਆਂ ਅਜਿਹੀਆਂ ਯੋਜਨਾਵਾਂ ਪੇਸ਼ ਕਰਦੇ ਹਨ ਜਿਸ ਨੂੰ ਕਰਨ ਦੀ ਮੁਹਾਰਤ ਅਮਰੀਕੀ ਏਜੰਸੀਆਂ ਕੋਲ ਹੁੰਦੀ ਹੈ ਤੇ ਉਨ੍ਹਾ ਨੂੰ ਵੀ ਇਸ ਕੰਮ ਦਾ ਠੇਕਾ ਮਿਲਦਾ ਹੈ। ਕਰਜ਼ਦਾਤਾ ਏਜੰਸੀਆਂ, ਕਰਜ਼ੇ ਦੀ ਰਾਸ਼ੀ ਦਾ ਭੁਗਤਾਨ ਆਪਣੇ ਦੇਸ਼ 'ਚ ਹੀ ਆਪਣੀਆਂ ਕੰਪਨੀਆਂ ਨੂੰ ਕਰ ਦਿੰਦੀਆਂ ਹਨ ਅਤੇ ਇਸ ਤਰ੍ਹਾਂ ਦਿੱਤੇ ਗਏ ਕਰਜ਼ੇ ਦਾ ਪੈਸਾ ਉਨ੍ਹਾਂ ਦੇ ਆਪਣੇ ਕੋਲ ਹੀ ਰਹਿ ਜਾਂਦਾ ਹੈ।" ਮਿਤੀ 20 ਤੋਂ 25 ਮਈ 2015 ਤੱਕ ਦਿੱਲੀ ਦੇ ਪ੍ਰਗਤੀ ਮੈਦਾਨ 'ਚ ਸਮਾਰਟ ਸਿਟੀ ਬਾਰੇ ਲੱਗਣ ਵਾਲੀ ਪ੍ਰਦਰਸ਼ਨੀ 'ਚ ਕਾਂਗਰਸ 'ਚ 100 ਸਮਾਰਟ ਸਿਟੀ ਬਣਾਉਣ 'ਚ ਮਾਮਲੇ 20 ਸਾਲਾਂ ਵਿਚ ਇਕ ਲੱਖ ਵੀਹ ਹਜ਼ਾਰ ਕਰੋੜ ਅਮਰੀਕੀ ਡਾਲਰ ਖਰਚ ਕਰਨ



ਦਾ ਅੰਦਾਜ਼ਾ ਲਾਇਆ ਗਿਆ ਹੈ। ਯਾਨੀ ਅਸੀਂ 75 ਲੱਖ 60 ਹਜ਼ਾਰ ਕਰੋੜ ਜੋ ਸਾਡੀ ਸਲਾਨਾ ਕੁਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ ਕਰੀਬ 55 ਫੀ ਸਦੀ ਹੁੰਦਾ ਹੈ ਉਧਾਰ ਲੈ ਕੇ ਖਰਚ ਕਰਨ ਜਾ ਰਹੇ ਹਨ। ਇਸ ਪ੍ਰੋਜੈਕਟ ਲਈ ਸਾਨੂੰ ਤਿਆਰ ਕਰਨ 'ਚ ਅਮਰੀਕੀ ਹਿੱਟਮੈਨ' ਦੀ ਵੱਡੀ ਭੂਮਿਕਾ ਨਜ਼ਰ ਆਉਂਦੀਹੈ ਅਤੇ ਇਹ ਯੋਜਨਾ ਪ੍ਰਧਾਨ ਮੰਤਰੀ ਦੇ ਦਿਮਾਗ ਦੀ ਉਪਜ ਨਹੀਂ ਹੈ ਬਲਕਿ ਇਹ ਮਨਮੋਹਨ ਸਿੰਘ ਦੇ ਕਾਰਜਕਾਲ 'ਚ ਹੀ ਸ਼ੁਰੂ ਹੋ ਚੁੱਕੀ ਸੀ। ਮਿਤੀ 5 ਫਰਵਰੀ 2014 ਨੂੰ ਸ਼ਹਿਰੀ ਵਿਕਾਸ ਮੰਤਰਾਲੇ ਭਾਰਤ ਸਰਕਾਰ ਦੇ ਪ੍ਰੋਜੈਕਟ ਡਾਇਰੈਕਟਰ ਆਨੰਦ ਮੋਹਨ ਵਲੋਂ 'ਸਮਾਰਟ ਸਿਟੀ' ਪ੍ਰੋਜੈਕਟ ਲਈ 'ਕੰਸਲਟੈਂਟ ਸਰਵਿਸ ਹਿੱਤ ਦਿੱਤੇ ਗਏ ਇਸ਼ਤਿਹਰ ਵਿਚ ਸਾਫ਼ ਸਾਫ਼ ਲਿਖਿਆ ਹੈ ਕਿ ਸੰਸਾਰ ਬੈਂਕ ਨੇ ਕੰਸਲਟੈਂਟ ਹਿੱਤ ਜੋ ਗਾਈਡ ਲਾਇਨ ਨਿਰਧਾਰਤ ਕੀਤੀ ਹੈ, ਉਸ ਅਨੁਸਾਰ ਹੀ ਕੰਸਲਟੈਂਸੀ ਫਰਮਾਂ ਅਰਜ਼ੀ ਦੇਣ। 17 ਫਰਵਰੀ 2015 ਨੂੰ 'ਨੈਸ਼ਨਲ ਇੰਸਟੀਚਿਊਟ ਆਫ਼ ਅਰਬਨ ਅਫੇਅਰ' ਜੋ ਸਮਾਰਟ ਸਿਟੀ ਪ੍ਰੋਜੈਕਟ ਲਈ ਜ਼ਿੰਮੇਵਾਰ ਬਣਾਇਆ ਗਿਆ ਹੈ, ਇਸ ਨੇ ਕੰਸਲਟੈਂਸੀ ਫਰਮ ਲਈ ਅਖ਼ਬਾਰਾਂ 'ਚ ਟੈਂਡਰ ਕੱਢਿਆ ਪਰ 9 ਮਾਰਚ 2015 ਨੂੰ ਟੈਂਡਰ ਬੰਦ ਹੋਣ ਦੀ ਤਰੀਕ ਤੋਂ 48 ਘੰਟੇ ਪਹਿਲਾਂ ਹੀ ਉਸ ਟੈਂਡਰ ਨੂੰ ਮੋਦੀ ਸਰਕਾਰ ਨੂੰ ਨਿਰਸਤ ਕਰਨਾ ਪਿਆ ਕਿਉਂਕਿ ਉਸ ਟੈਂਡਰ ਦੀ ਅਮਰੀਕੀ ਕੰਸਲਟੈਂਸੀ ਫਰਮ 'ਮੈਕਿਨਸੇ ਐਂਡ ਕੰਪਨੀ' ਦੇ ਅਧਿਕਾਰੀ ਅਮਿਤ ਗੁਪਤਾ ਨੇ ਡਰਾਫਟ ਕੀਤਾ ਸੀ। ਇਸ ਦਾ ਮਤਲਬ ਹੈ ਕਿ ਕੰਸਲਟੈਂਸੀ ਫਰਮ ਨੂੰ ਪਹਿਲਾਂ ਤੋਂ ਹੀ ਚੁਣ ਲਿਆ ਗਿਆ ਸੀ। ਟੈਂਡਰ ਸਿਰਫ਼ ਕਾਰਵਾਈ ਪਾਉਣ ਲਈ ਛਾਪਿਆ ਗਿਆ ਸੀ ਕਿਉਂਕਿ ਅਰਜ਼ੀ ਦੇਣ ਵਾਲੀ ਫਰਮ ਦਾ ਅਧਿਕਾਰੀ ਹੀ ਉਸ ਨੂੰ ਲਿਖ ਰਿਹਾ ਸੀ। ਸੰਸਾਰ ਬੈਂਕ ਤਾਂ ਕਾਫ਼ੀ ਪਹਿਲਾਂ ਤੋਂ ਹੀ ਇਸ ਦੀ ਤਿਆਰੀ ਕਰ ਰਿਹਾ ਸੀ। ਸਮਾਰਟ ਸਿਟੀ ਧਾਰਨਾ ਦਾ ਜਨਮ ਅਮਰੀਕਾ 'ਚ 2008 'ਚ ਆਈ ਮਹਾਂਮੰਦੀ 'ਚ ਹੋਇਆ। ਅਮਰੀਕੀ ਬੈਂਕ ਤੇ ਉਥੋਂ ਦੀਆਂ ਬਹੁਕੌਮੀ ਕੰਪਨੀਆਂ ਜਦ ਆਪਣੀ ਹੋਂਦ ਨੂੰ ਬਚਾਉਣ ਲਈ ਹੱਥ ਪੈਰ ਮਾਰ ਰਹੀਆਂ ਸਨ ਤਦ ਅਮਰੀਕੀ ਕੰਪਨੀ ਇੰਟਰਨੈਸ਼ਨਲ ਬਿਜਨਿਸ ਮਸ਼ੀਨਸ (ਆਈਬੀਐਮ) ਨੇ ਸਮਾਰਟ ਸਿਟੀ ਦਾ ਵਿਚਾਰ ਪੇਸ਼ ਕੀਤਾ। ਨੀਮ ਵਿਕਸਿਤ ਤੇ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਇਥੇ ਆਪਣਾ ਇਕ ਸਮਾਰਟ ਸਿਟੀ ਬਣਾਉਣ ਲਈ 'ਆਰਥਿਕ ਪ੍ਰਾਹਕਰਾਂ' ਦੇ ਜ਼ਰੀਏ ਤਿਆਰ ਕਰਨਾ, ਇਸ ਯੋਜਨਾ ਦਾ ਮਕਸਦ ਸੀ ਤਾਂ ਕਿ ਮੰਦੀ ਨਾਲ ਜੂਝ ਰਹੀਆਂ ਆਪਣੇ ਦੇਸ਼ ਦੀਆਂ ਬਹੁਕੌਮੀ ਕੰਪਨੀਆਂ ਨੂੰ ਨਾ ਸਿਰਫ਼ ਰੁਜ਼ਗਾਰ ਮਿਲ ਸਕੇ ਬਲਕਿ ਆਪਣੇ ਦੇਸ਼ ਨੂੰ ਆਰਥਿਕ ਸੰਕਟ ਨੂੰ ਇਨ੍ਹਾਂ ਦੇਸ਼ਾਂ 'ਚ ਤਬਦੀਲ ਕੀਤਾ ਜਾ ਸਕੇ। ਇਥੇ ਬਿਆਨ ਦੇਣ ਦੀ ਗੱਲ ਇਹ ਹੈ ਕਿ ਪਹਿਲਾਂ ਅੰਗਰੇਜ਼ ਭਾਰਤ ਨੂੰ 'ਸਭਿਅਕ' ਬਣਾਉਣ ਆਏ ਸਨ ਹੁਣ ਅਮਰੀਕਾ ਦੀ ਅਗਵਾਈ 'ਚ ਬਹੁਕੌਮੀ ਨਿਗਮ ਸਾਨੂੰ 'ਸਮਾਰਟ' ਬਣਾਉਣ ਆ ਰਹੇ ਹਨ। ਪਹਿਲੇ ਇਹ ਮੰਨਦੇ ਸਨ ਕਿ ਅਸੀਂ ਸਭਿਅਕ ਨਹੀਂ ਹਾਂ ਤੇ ਹੁਣ ਇਹ ਮੰਨ ਰਹੇ ਹਨ ਕਿ ਅਸੀਂ ਸਮਾਰਟ ਨਹੀਂ ਹਾਂ। ਪੱਛਮੀ ਦੇ ਸਮਾਰਾਜੀ ਦੇਸ਼ਾਂ ਨੇ ਇਸ ਖੇਤਰ 'ਚ ਕਬਜ਼ਾ ਕਰਕੇ ਇਥੋਂ ਦੇ ਸਾਧਨਾ ਦੀ ਲੁੱਟ ਕਰਕੇ ਆਪਣਾ ਵਿਕਾਸ ਕੀਤਾ ਤੇ ਇਨ੍ਹਾਂ ਦੇਸ਼ਾਂ ਦੇ ਅਰਥਚਾਰੇ ਦਾ ਵਿਨਾਸ਼ ਕੀਤਾ ਅਤੇ ਉਨ੍ਹਾਂ ਦੇ ਸੁਭਾਵਿਕ ਵਿਕਾਸ ਨੂੰ ਰੋਕ ਦਿੱਤਾ। ਇਨ੍ਹਾਂ ਦੇਸ਼ਾਂ ਦੇ ਲੋਕਾਂ ਦੇ ਜੀਵਨ ਪੱਧਰ 'ਚ ਫਰਕ ਦੇ ਮੂਲ ਕਾਰਨ ਨੂੰ ਪ੍ਰੋਫੈਸਰ ਮਿਰਡਲ ਨੇ ਛੁਪਕਾ ਉਸ ਦਾ ਦੋਸ਼ ਗੁਲਾਮੀ ਤੇ ਲੁਟ ਦਾ ਸ਼ਿਕਾਰ ਹੋਏ ਲੋਕਾਂ 'ਤੇ ਹੀ ਮੜ ਦਿੱਤਾ ਹੈ। ਅੱਜ ਵੀ ਉਹ ਆਪਣੀ ਲੁੱਟ ਦੀ ਯੋਜਨਾ ਨੂੰ ਛੁਪਾਕੇ ਇਹ ਦਸ ਰਹੇ ਹਨ ਕਿ ਉਹ ਭਾਰਤ ਦੇ ਲੋਕਾਂ, ਨੂੰ ਆਰਥਿਕ ਪੱਖੋਂ ਗੁਲਾਮ ਬਣਾਉਣਾ ਨਹੀਂ ਬਲਕਿ ਉਨ੍ਹਾਂ ਦੀ ਜੀਵਨ ਜਾਂਚ ਨੂੰ 'ਸਮਾਰਟ' ਬਣਾਉਣ ਜਾ ਰਹੇ ਹਨ। ਵਿਡੰਬਨਾ ਇਹ ਹੈ ਕਿ ਰਾਸ਼ਟਰਵਾਦ ਦਾ ਢਿੰਡੋਰਾ ਪਿੱਟਣ ਵਾਲੀ ਆਰ. ਐਸ. ਐਸ. ਤੇ ਉਦਾਰੀਕਰਣ ਦੇ ਦੌਰ 'ਚ ਪੈਦਾ ਹੋਇਆ ਮੱਧ ਵਰਗ, ਅਮਰੀਕੀ ਸਾਮਰਾਜ ਦੀ ਇਸ ਸਾਜ਼ਿਸ਼ ਨੂੰ ਸਮਝਣ 'ਚ ਨਾ ਸਿਰਫ਼ ਨਾਕਾਮ ਹੈ ਬਲਕਿ ਉਸ ਉਨ੍ਹਾਂ ਦੀ ਮਦਦ ਵੀ ਕਰ ਰਿਹਾ ਹੈ।

ਆਖਰ ਸਮਾਰਟ ਸਿਟੀ ਹੈ ਕੀ? ਇਸ ਨੂੰ ਜਾਨਣ ਲਈ ਸਾਨੂੰ 'ਆਈ.ਬੀ.ਐਸ.' ਵਲੋਂ ਕੀਤੀ ਪ੍ਰੀਭਾਸ਼ਾ ਨੂੰ ਜਾਨਣਾ ਪਵੇਗਾ। ਸਮਾਰਟ ਸਿਟੀ 'ਯਾਤ੍ਰਿਕਾ, ਆਪਸੀ ਸਬੰਧਤ ਤੇ ਬੁਧੀਮਾਨ ਸਿਟੀ ਨੂੰ ਕਹਿੰਦੇ ਹਨ। ਸਮਾਰਟ ਸਿਟੀ ਆਪਣੇ ਵਸੀਲਿਆਂ 'ਚ ਵੱਧ ਤੋਂ ਵੱਧ ਸੂਚਨਾ ਤੇ ਸੰਚਾਰ ਤਕਨੀਕੀ ਦੀ ਬੁੱਧੀਮਤਾਪੂਰਨ ਤੇ ਕੁਸ਼ਲਤਾਪੂਰਵਕ ਵਰਤੋਂ ਕਰਦਾ ਹੈ, ਜਿਸ 'ਚ ਲਾਗਤ ਤੇ ਊਰਜਾ ਦੀ ਬਚਤ ਹੁੰਦੀ ਹੈ। ਅਮਰੀਕਾ ਦੀ ਮਾਰਕਿਟ ਰਿਸਰਚ ਤੇ ਸਲਾਹ ਮਸ਼ਵਰਾ ਕੰਪਨੀ 'ਫਾਸਟ ਐਂਡ ਸਲੀਮਾਨ' ਨੇ ਸਮਾਰਟ ਸਿਟੀ ਦੀਆਂ ਅੱਠ ਵਿਸ਼ੇਸ਼ਤਾਵਾਂ ਦੱਸੀਆਂ ਹਨ।

1. ਸਮਾਰਟ ਏਨਰਜੀ ਜਿਸ ਦਾ ਮਤਲਬ ਊਰਜਾ ਦੇ ਸਮੁੱਚੇ ਸਰੋਤਾਂ ਦਾ ਡਿਜੀਟਲਾਈਜੇਸ਼ਨ ਕੀਤਾ ਜਾਣਾ ਹੈ। ਇਸ ਦੇ ਲਈ ਸਮਾਰਟ ਗ੍ਰਿਡ ਤੇ ਸਮਾਰਟ ਮੀਟਰ ਲਾਏ ਜਾਣਗੇ ਤੇ ਊਰਜਾ ਦੀ ਸਿਆਪਨ ਭਰਪੂਰ ਵਰਤੋਂ ਕੀਤੀ ਜਾਵੇਗੀ। ਸੜਕਾਂ, ਗਲੀਆਂ ਦੀ ਬਿਜਲੀ ਤਾਂ ਹੀ ਮਿਲੇਗੀ ਜਦ ਉਸ 'ਤੇ ਆਵਾਜਾਈ ਹੋਵੇਗੀ, ਨਾ ਹੋਣ ਦੀ ਹਾਲਤ 'ਚ ਆਪਣੇ ਆਪ ਬੰਦ ਹੋ ਜਾਵੇਗੀ। 2. ਸਮਾਰਟ ਇਮਾਰਤਾਂ ਜਿਨ੍ਹਾਂ 'ਚ ਚੜ੍ਹਨ ਉਤਰਨ ਦੀ ਸਵੈਚਾਲਿਤ ਵਿਵਸਥਾ ਹੋਵੇਗੀ। ਹਰ ਇਮਾਰਤ ਦੇ ਚੱਪੇ ਚੱਪ 'ਤੇ ਕਲੋਜ ਸਰਕਟ ਕੈਮਰੇ ਲੱਗੇ ਹੋਣਗੇ। 3. ਸਮਾਰਟ ਆਵਾਜਾਈ ਹੋਵੇਗੀ ਇਸ ਤਹਿਤ ਅਡਵਾਂਸ ਟ੍ਰੈਫਿਕ ਤੇ ਪਾਰਕਿੰਗ ਮੈਨੇਜਮੈਂਟ ਸਿਸਟਮ ਦੀ ਵਰਤੋਂ ਕੀਤੀ ਜਾਂਦੀ ਹੈ। ਗਲੋਬਲ ਇੰਟੈਲੀਜੈਂਸ ਟ੍ਰਾਂਸਪੋਰਟੇਸ਼ਨ ਸਿਸਟਮ ਜੋ ਸੈਂਸਰ, ਸਰਵਿਲੈਂਸ ਕੈਮਰੇ ਤੇ ਕੰਪਿਊਟਰ ਰਾਹੀਂ ਚਲਾਏ ਜਾਣ ਦੀ ਤਕਨੀਕ ਹੈ। ਉਸ ਦਾ ਮਾਲ ਢੋਆ-ਢੁਆਈ (ਢੁਲਾਈ) 'ਚ ਵਰਤਿਆ ਜਾਂਦਾ ਹੈ। 4. ਸਮਾਰਟ ਤਕਨਾਲੋਜੀ ਦੇ ਤਹਿਤ ਸਮਾਰਟ ਸਿਟੀ ਵਿਚ 4-ਜੀ ਕਨੇਕਵਿਟੀ ਹੋਵੇਗੀ, ਸੁਪਰ ਬ੍ਰਾਡ ਬੈਂਡ ਹੋਵੇਗਾ। ਮੁਫ਼ਤ ਵਾਈ ਫਾਈ ਦੇ ਨਾਲ ਹੀ ਇਕ ਜੀਬੀ ਪ੍ਰਤੀ ਸੈਕਿੰਡ ਦੀ ਇੰਟਰਨੈਟ ਸਪੀਡ ਹੋਵੇਗੀ। 5. ਸਮਾਰਟ ਇਨਫਾਸਟਰਕਚਰ 'ਚ ਪੂਰੇ ਸ਼ਹਿਰ 'ਚ ਸੰਸਰ ਨੈਟਵਰਕ। ਪਾਣੀ ਦੀ ਸਪਲਾਈ 'ਤੇ ਠੋਸ ਕਚਰੇ ਦਾ ਡਿਸਪੋਜਲ ਪ੍ਰਬੰਧ ਸ਼ਾਮਲ ਹੈ। 7. ਸਮਾਰਟ ਹੈਲਥ ਕੇਅਰ ਵਿਚ ਆਧੁਨਿਕ ਸਿਹਤ ਸੇਵਾ ਉਪਕਰਣਾਂ ਤੇ ਦੇਖਭਾਲ ਦੀ ਆਧੁਨਿਕ ਤਕਨੀਕ ਦੀ ਵਰਤੋਂ ਕੀਤੀ ਜਾਣੀ ਹੈ। 8. ਸਮਾਰਟ ਸੁਰੱਖਿਆ 'ਚ ਆਧੁਨਿਕ ਨਿਗਰਾਨੀ ਤਕਨੀਕ, ਬਾਇਓਮੈਟ੍ਰਿਕ ਰਿਕਾਰਡ ਦੀ ਵਰਤੋਂ ਆਦਿ ਸ਼ਾਮਲ ਹੈ। ਇਸ ਸਾਰੀ ਆਧੁਨਿਕ ਤਕਨੀਕ ਦੀ ਵਰਤੋਂ ਕਰਨ ਲਈ ਸਮਾਰਟ ਸਿਟੀ 'ਚ ਸਮਾਰਟ ਨਾਗਰਿਕ ਦਾ ਹੋਣਾ ਲਾਜ਼ਮੀ ਸ਼ਰਤ ਹੈ। ਇਹ ਲਈ ਇਹ ਚੁਸਤ ਸ਼ਹਿਰ ਸਿਰਫ਼ ਅਜਿਹੇ ਨਾਗਰਿਕਾਂ ਨੂੰ ਆਪਣੇ ਆਮ ਵਸਾਉਣਾ ਪਸੰਦ ਕਰੇਗਾ ਜੋ ਉਸ ਵਾਂਗੂੰ ਹੀ ਸਮਾਰਟ ਹੋਣ। ਸਮਾਰਟ ਸਿਟੀ ਪ੍ਰੋਜੈਕਟ ਮੌਤ ਵੱਲ ਵਧ ਰਹੀਆਂ ਇਨ੍ਹਾਂ ਕੰਪਨੀਆਂ ਲਈ ਜੀਵਨ ਦੀ ਆਕਸੀਜਨ ਦੇ ਬਰਾਬਰ ਹੈ। ਇਸ ਲਈ ਉਨ੍ਹਾਂ ਨੇ ਇਸ ਨੂੰ ਅਮਲੀ ਰੂਪ 'ਚ ਲਾਗੂ ਕਰਨ ਲਈ ਪੂਰੀ ਤਾਕਤ ਲਾ ਦਿੱਤੀ ਹੈ। ਉਹ ਇਸ ਨੂੰ ਜੰਗੀ ਪੱਧਰ 'ਤੇ ਲਾਗੂ ਕਰਨਾ ਚਾਹੁੰਦੀਆਂ ਹਨ। ਨਵੀਂ ਵਸਤ ਨੂੰ ਜਿਸ ਹਮਲਾਵਰ ਇਸ਼ਤਿਹਾਰ ਸ਼ੈਲੀ ਰਾਹੀਂ ਬਾਜ਼ਾਰ 'ਚ ਉਤਾਰਿਆ ਜਾਂਦਾ ਹੈ। ਉਹ ਵੀ ਇਸ ਦੇ ਲਈ ਉਹੀ ਤਰੀਕਾ ਅਪਨਾ ਰਹੀਆਂ ਹਨ। ਪੂਰੀ ਦੁਨੀਆ 'ਚ ਇਸ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਅਮਰੀਕਾ 'ਚ ਬਿਜਲੀ ਉਪਕਰਣ ਬਣਾਉਣ ਵਾਲੀ ਕੰਪਨੀ 'ਐਸ. ਐਂਡ ਸੀ ਇਲੈਕਟ੍ਰਿਕ' ਨੇ 'ਸਮਾਰਟ ਗ੍ਰਿਡ ਨਿਊਜ਼ ਡਾਟ ਕਾਮ' ਦੇ ਮੁੱਖ ਵਿਸ਼ਲੇਸ਼ਕ ਜੇਸੀ ਬਰਸਟ ਦੀ ਪ੍ਰਧਾਨਗੀ 'ਚ 'ਸਮਾਰਟ ਸਿਟੀ ਕਾਊਂਸਲ ਬਣਾਈ ਗਈ ਹੈ ਜਿਸ ਦਾ ਉਦੇਸ਼ ਪੂਰੀ ਦੁਨੀਆ 'ਚ 5000 ਸਮਾਰਟ ਸਿਟੀ ਬਣਾਉਣ ਦਾ ਤਹਿ ਕੀਤਾ ਗਿਆ ਹੈ। ਇਸ ਦੇ ਸੰਚਾਲਨ ਮੰਡਲ ਵਿਚ ਅਮਰੀਕਾ ਦੀਆਂ ਅਨੇਕਾਂ ਊਰਜਾ ਜਾਲ ਤੇ ਮਾਲਵਾਹਕ ਕੰਪਨੀਆਂ ਸ਼ਾਮਲ ਹਨ। ਇਹ ਕਾਊਂਸਿਲ ਹੁਣ ਤੱਕ ਸਮਾਰਟ ਸਿਟੀ ਬਾਰੇ ਅਨੇਕਾਂ ਸੰਮੇਲਨ ਕਰ ਚੁੱਕੀ ਹੈ ਅਤੇ ਮਿਤੀ 15 ਤੋਂ 17 ਸਤੰਬਰ 2015 ਤੱਕ 'ਸਮਾਰਟ ਸਿਟੀ ਹਫਤਾ' ਦਾ ਵਿਸ਼ਾਲ ਸਮਾਗਮ ਵਾਸ਼ਿੰਗਟਨ ਡੀ.ਸੀ. 'ਚ ਕਰ ਰਹੀ ਹੈ। ਇਸ ਨੇ 2013 'ਚ ਪਹਿਲੀ 'ਸਮਾਰਟ ਸਿਟੀ ਤਿਆਰੀ ਗਾਈਡ' ਜਾਰੀ ਕੀਤੀ। ਭਾਰਤ 'ਚ ਵੀ ਇਸ ਦਾ ਸ਼ਾਖਾ 'ਸਮਾਰਟ ਸਿਟੀ ਕਾਊਂਸਿਲ ਇੰਡੀਆ' ਦੇ ਨਾਂ ਹੇਠ ਖੋਹਲ ਦਿੱਤੀ ਹੈ ਅਤੇ ਇਥੇ ਸਮਾਰਟ ਸਿਟੀ ਪ੍ਰੋਜੈਕਟ ਇਸਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਚਲੇਗਾ। ਭਾਰਤ 'ਚ ਇਸ ਦਾ ਪ੍ਰਧਾਨ ਸਨਅਤਕਾਰ ਪ੍ਰਤਾਪ ਪਡੋਡੇ ਨੂੰ ਬਣਾਇਆ ਗਿਆ ਹੈ। ਖਡੋਡੇ 'ਪ੍ਰੀਮਾਈਸਿੰਗ ਸਿਟੀਜ਼ ਰਿਪੋਰਟ' ਨੂੰ ਤਿਆਰ ਕਰਨ ਵਾਲੇ ਹਨ ਜਿਸ 'ਚ

ਦੱਸਿਆ ਗਿਆ ਹੈ ਕਿ ਭਾਰਤ 'ਚ ਬਣਨ ਵਾਲੇ 20 ਸਮਾਰਟ ਸਿਟੀਜ਼ ਕਿਵੇਂ ਵਿਕਾਸ ਦੇ ਕੇਂਦਰ ਬਣਨ ਵਾਲੇ ਹਨ। ਇਹ ਰਿਪੋਰਟ 17-18 ਫਰਵਰੀ 2015 ਨੂੰ ਦਿੱਲੀ ਦੇ ਹੇਜੀਟੇਟ ਸੈਂਟਰ ਵਿਚ ਆਯੋਜਿਤ ਦੂਜੇ ਸਮਾਰਟ ਸਿਟੀਜ਼ ਸੰਮੇਲਨ 'ਚ ਪੇਸ਼ ਕੀਤੀ ਗਈ। ਇਸ ਦੇ ਪਹਿਲੇ ਸੈਸ਼ਨ ਵਿਚ ਹੀ 'ਭਾਰਤ 'ਚ ਸਮਾਰਟ ਸਿਟੀਜ਼ ਵਿਕਸਿਤ ਕਰਨ ਵਿਚ ਅਮਰੀਕੀ ਕੰਪਨੀਆਂ ਲਈ ਮੌਕਾ ਨਾਂ ਦੇ ਵਿਸ਼ੇ ਉਪਰ ਚਰਚਾ ਕੀਤੀ ਗਈ। ਭਾਰਤ 'ਚ ਸਮਾਰਟ ਸਿਟੀ ਬਾਰੇ ਪਹਿਲਾ ਸੰਮੇਲਨ 22-23 ਅਗਸਤ 2014 ਨੂੰ ਮੁੰਬਈ 'ਚ ਨੇਪਰੇ ਚੜ੍ਹਿਆ। ਸਮਾਰਟ ਸਿਟੀ ਕਾਉਂਸਿਲ ਇੰਡੀਆ 6 ਤੇ 8 ਅਕਤੂਬਰ 2015 ਨੂੰ ਦਿੱਲੀ ਤੇ ਮੁੰਬਈ 'ਚ ਸਮਾਰਟ ਸਿਟੀਜ ਇਨਟੈਸਟਮੈਂਟ ਸੰਮੇਲਨ ਕਰੇਗੀ। 25 ਜੂਨ 2015 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 100 ਸਮਾਰਟ ਸਿਟੀਜ਼ ਮਿਸ਼ਨ, 500 ਸ਼ਹਿਰਾਂ ਦੀ ਕਾਇਆਕਲਪ ਕਰਨ ਲਈ 'ਅਟਲ ਕਾਇਆ ਕਲਪ ਮਿਸ਼ਨ (ਅਮਰਤ) ਅਤੇ 'ਹਾਊਸਿੰਗ ਫਾਰ ਆਲ' ਦੇ ਤਹਿਤ ਸ਼ਹਿਰੀ ਖੇਤਰ 'ਚ ਸੰਨ 2020 ਤੱਕ ਦੋ ਕਰੋੜ ਮਕਾਨ ਬਣਾਉਣ ਦੀ ਯੋਜਨਾ ਦਾ ਉਦਘਾਟਨ ਦਿੱਲੀ ਦੇ ਵਿਗਿਆਨ ਭਵਨ 'ਚ ਕੀਤਾ ਗਿਆ। ਇਸ ਸਾਲ ਸਮਾਰਟ ਸਿਟੀ ਬਣਾਉਣ ਲਈ 20 ਸ਼ਹਿਰਾਂ ਨੂੰ ਚੁਣਿਆ ਜਾਵੇਗਾ। ਅਗਲੇ ਦੋ ਸਾਲਾਂ 'ਚ 40 ਹੋਰ ਸ਼ਹਿਰ ਚੁਣੇ ਜਾਣਗੇ। ਸ਼ਹਿਰਾਂ ਦੀ ਚੋਣ 'ਸਿਟੀ ਚੈਲਿੰਜ ਪ੍ਰਤੀਯੋਗਤਾ' ਕਰਵਾ ਕੇ ਕੀਤੀ ਜਾਵੇਗੀ। ਹਾਲਾਂਕਿ 76 ਸ਼ਹਿਰ ਜਿਥੇ ਸਮਾਰਟ ਸਿਟੀ ਬਣਾਏ ਜਾਣਗੇ ਉਨ੍ਹਾਂ ਦੀ ਸੂਚੀ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਹੈ ਪਰ ਵਿਰੋਧ ਖਤਮ ਕਰਨ ਲਈ ਲੋਕਾਂ ਨੂੰ ਇਸ 'ਚ ਸ਼ਾਮਲ ਕੀਤਾ ਜਾਵੇਗਾ। ਲੋਕ ਇਸ ਦੇ ਅਰਥਚਾਰੇ 'ਤੇ ਪੈਣ ਵਾਲੇ ਘਾਤਕ ਅਸਰ 'ਤੇ ਚਰਚਾ ਨਾ ਕਰਨ, ਕਿਸ ਤਰ੍ਹਾਂ ਅਸੀਂ ਵਿਦੇਸ਼ੀ ਕਰਜ਼ੇ ਦੇ ਜਾਲ 'ਚ ਫਸ ਜਾਵਾਂਗੇ ਇਸ ਬਾਰੇ ਸੋਚਣ ਦੀ ਬਜਾਏ ਲੋਕ ਭੇਡਚਾਲ ਦਾ ਸ਼ਿਕਾਰ ਹੋ ਜਾਣਗੇ। ਇਸ ਲਈ ਇਸ ਤਰ੍ਹਾਂ ਦਾ ਮਾਹੌਲ ਮੀਡੀਆ ਵਲੋਂ ਬਣਾਇਆ ਜਾਵੇਗਾ ਕਿ ਲੋਕ ਇਸ ਦੀ ਮੰਗ ਖੁਦ ਹੀ ਕਰਨ ਲੱਗਣਗੇ। ਸਮਾਰਟ ਸਿਟੀ ਦੇ ਪੱਖ 'ਚ ਲਿਖੇ ਗਏ ਲੇਖਾਂ ਦੀ ਅਖ਼ਬਾਰਾਂ, ਮੈਗਜ਼ੀਨਾਂ 'ਚ ਹੜ੍ਹ ਜਿਹਾ ਆ ਜਾਵੇਗਾ। ਚੈਨਲਾਂ 'ਤੇ ਪੈਨਲ ਡਿਸਕਸ਼ਨ ਇਸ ਤਰ੍ਹਾਂ ਕਰਵਾਈਆਂ ਜਾਣਗੀਆਂ ਕਿ ਸਮਾਰਟ ਸਿਟੀ ਦੇ ਆਲੋਚਕਾਂ ਨੂੰ ਵਿਕਾਸ ਵਿਰੋਧੀ ਤੇ ਖਲਨਾਇਕ ਸਿੱਧ ਕੀਤਾ ਜਾ ਸਕੇ। ਇਸ ਤਰ੍ਹਾਂ ਦਾ ਮਾਹੌਲ 2011 'ਚ ਸ਼ੁਰੂ ਕੀਤੀ ਗਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ 'ਚ ਬਣਾਇਆ ਗਿਆ ਸੀ। ਉਦੋਂ ਹਮਲਾਵਰ ਪ੍ਰਚਾਰ ਸ਼ੈਲੀ ਨੇ ਲੋਕਾਂ ਦੇ ਦਿਮਾਗ ਵਿਚ ਇਹ ਬਿਠਾ ਦਿੱਤਾ ਸੀ ਕਿ ਉਨ੍ਹਾਂ ਦੀਆਂ ਸਭ ਸਮੱਸਿਆਵਾਂ ਦੀ ਜੜ੍ਹ ਲੋਕਪਾਲ ਦਾ ਨਾ ਬਣ ਸਕਣਾ ਹੈ। ਜੇ ਇਹ ਬਣ ਗਿਆ ਤਾਂ ਉਨ੍ਹਾਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ ਪਰ ਜਿਸ ਮਕਸਦ ਲਈ ਇਹ ਅੰਦੋਲਨ ਸ਼ੁਰੂ ਕਰਵਾਇਆ ਗਿਆ ਸੀ, ਜਦੋਂ ਉਹ ਹਾਸਲ ਕਰ ਲਿਆ ਗਿਆ (ਮੋਦੀ ਸਰਕਾਰ ਦਾ ਗਠਨ) ਤਾਂ ਜਨ ਲੋਕਪਾਲ ਦਾ ਪ੍ਰਚਾਰ ਖਤਮ ਹੋ ਗਿਆ। ਅੰਦੋਲਨ ਪੂਰੀ ਤਰ੍ਹਾਂ ਵਿਉਂਤਬੱਧ ਸੀ ਜਿਸ ਦਾ ਸਿੱਟਾ ਅੱਜ ਸਭ ਦੇ ਸਾਹਮਣੇ ਹੈ। ਭ੍ਰਿਸ਼ਟਾਚਾਰ ਦੇ ਏਨੇ ਕੇਸ ਸਾਹਮਣੇ ਆਉਣ 'ਤੇ ਵੀ ਅੱਜ ਅੰਨਾ ਤੇ ਸੁਆਮੀ ਰਾਮਦੇਵ ਖਾਮੋਸ਼ ਹਨ। ਅੱਜ ਸਾਰੇ ਦਾ ਸਾਰਾ ਕੰਮ ਦੇਸੀ ਵਿਦੇਸ਼ੀ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਤਾਂ ਸੁਆਮੀ ਰਾਮਦੇਵ ਦੀ ਭਾਰਤ ਸਵੈਮਾਨ ਮੁਹਿੰਮ ਕੌਮੀ ਮੰਚ ਤੋਂ ਗਾਇਬ ਹੈ। ਸਿਟੀ ਚੈਲੰਜ ਪ੍ਰਤੀਯੋਗਤਾ ਦੀ ਮੈਨੇਜਮੈਂਟ ਵੀ ਅਮਰੀਕਾ ਦੀ ਅਖੌਤੀ ਲੋਕ ਪਰਉਪਕਾਰੀ ਸੰਸਥਾ ਬਲੂਮਬਰਗ ਨੂੰ ਸੌਂਪਿਆ ਗਿਆ ਹੈ। ਇਹ ਸੰਸਥਾ, ਅਮਰੀਕਾ ਦੇ ਦੂਸਰੇ ਸਭ ਤੋਂ ਅਮਰੀਕ ਆਦਮੀ, ਮੀਡੀਆ ਮੁਗਲ ਤੇ ਨਿਊਯਾਰਕ ਦੇ ਸਾਬਕਾ ਮੇਅਰ ਮਾਈਕਲ ਬਲੂਮਬਰਗ ਨੇ ਸਥਾਪਤ ਕੀਤੀ ਹੈ। ਬਲੂਮਬਰਗ ਜਾਹਿਰਾ ਤੌਰ 'ਤੇ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਆਵਾਜਾਈ ਦੇ ਨਿਯਮ ਤੇ ਕਾਨੂੰਨ ਬਦਲ ਕੇ ਉਸ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਜਾਣੇ ਜਾਂਦੇ ਹਨ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਸਮਾਰਟ ਸਿਟੀ ਨੂੰ ਚੁਨਣ ਤੋਂ ਲੈ ਕੇ ਬਣਾਉਣ ਤੇ ਉਸਦੇ ਲਈ ਕਰਜ਼ਾ ਦੇਣ ਦਾ ਸਾਰਾ ਕੰਮ ਅਮਰੀਕੀ ਕੰਪਨੀਆਂ ਕਰਨਗੀਆਂ। ਭਾਰਤ ਕੋਲ ਕੋਈ ਆਪਣੇ ਵਿਵਸਥਾ ਨਹੀਂ ਹੈ ਜੋ ਏਨਾ ਜਿਹਾ ਮਾਮੂਲੀ ਕੰਮ ਵੀ ਖੁਦ ਕਰ ਸਕੇ। ਸਮਾਰਟ ਸਿਟੀ ਚੁਣਨ ਦਾ ਮੁਕਾਬਲਾ ਦੇ ਪਹਿਲੇ ਪੜਾਅ ਵਿਚ ਚੁਣੇ ਜਾਣ ਵਾਲੇ ਸ਼ਹਿਰ ਦੀ ਨਗਰ ਪਾਲਿਕਾ ਜਾਂ ਨਿਗਮ ਨੂੰ ਇਹ ਬਿਊਰਾ ਦੇਣਾ ਪਵੇਗਾ।

1. ਉਸ ਪਾਸ ਈ-ਗਵਰਨੈਂਸ ਯਾਨੀ ਇੰਟਰਨੈਟ ਰਾਹੀਂ ਸ਼ਿਕਾਇਤ ਨਿਵਾਰਨ ਤੰਤਰ ਹੈ ਜਾਂ ਨਹੀਂ। 2. ਈ ਨਿਊਜ਼ ਲੇਟਰ ਛਾਪਦੀ ਹੈ ਜਾਂ ਨਹੀਂ। 3. ਸਮੁੱਚਾ ਸਰਕਾਰੀ ਖਰਚ ਲੋਕਾਂ ਲਈ ਆਨਲਾਈਨ ਮੁਹੱਈਆ ਹੈ ਜਾਂ ਨਹੀਂ। 4. ਸਵੱਛ ਭਾਰਤ ਦੇ ਤਹਿਤ 2011 ਦੀ ਮਰਦਮਸ਼ੁਮਾਰੀ ਪਿਛੋਂ ਇਸ ਨੇ ਖੇਤਰ 'ਚ ਘੱਟੋ ਘੱਟ ਫੀਸਦੀ ਪਖਾਨਿਆਂ ਦੀ ਉਸਾਰੀ ਕੀਤੀ ਹੈ। 5. ਮੁਲਾਜ਼ਮਾਂ ਦੀ ਤਨਖਾਹ ਭੁਗਤਾਨ ਦਾ ਪਿਛਲਾ ਰਿਕਾਰਡ ਕਿਹੋ ਜਿਹਾ ਹੈ। 6. ਸ਼ਹਿਰੀ ਸੁਧਾਰ ਤੇ ਨਾਗਰਿਕ ਹਿੱਸੇਦਾਰੀ ਦਾ ਪਿਛਲਾ ਰਿਕਾਰਡ ਕਿਹੋ ਜਿਹਾ ਹੈ? ਇਸ ਵੇਰਵੇ ਦੇ ਆਧਾਰ 'ਤੇ ਸਮਾਰਟ ਸਿਟੀ ਦੀ ਚੋਣ ਹੋਣ ਪਿਛੋਂ ਦੂਜੇ ਪੜਾਅ 'ਚ ਉਨ੍ਹਾਂ 20 ਸ਼ਹਿਰਾਂ ਨੂੰ ਚੁਣਿਆ ਜਾਵੇਗਾ ਜਿਨ੍ਹਾਂ ਨੂੰ ਸਮਾਰਟ ਸਿਟੀ ਬਣਾਉਣ ਲਈ ਫੰਡ ਦਿੱਤਾ ਜਾਵੇਗਾ। ਫੰਡ ਦੇਣ ਤੋਂ ਪਹਿਲਾਂ ਉਸ ਸ਼ਹਿਰ ਵਿਚ 'ਸਪੈਸ਼ਲ ਪ੍ਰਪਜ ਵਿਕਲਪ' ਜਾਂ ਵਿਸ਼ੇਸ਼ ਮਕਸਦ ਵਾਹਨ ਯਾਨੀ ਇਕ ਅਜਿਹੀ ਸੰਸਥਾ ਬਣਾਈ ਜਾਵੇਗੀ ਜੋ ਕੰਪਨੀ ਐਕਟ ਦੇ ਤਹਿਤ ਰਜਿਸਟਰਡ ਹੋਵੇਗੀ। ਇਸ ਦਾ ਜਾਹਿਰਾ ਕੰਮ ਸਮਾਰਟ ਸਿਟੀ ਪ੍ਰੋਜੈਕਟ ਲਈ ਕੋਸ਼ ਦਾ ਇੰਤਜ਼ਾਮ ਕਰਨਾ ਤੇ ਉਸ ਸ਼ਹਿਰ ਦੇ ਪੂਰੇ ਪ੍ਰੋਜੈਕਟ ਦੀ ਦੇਖ ਰੇਖ ਕਰਨਾ ਹੋਵੇਗਾ ਪਰ ਲੁਕਵਾਂ ਏਜੰਡਾ ਦੂਜਾ ਹੀ ਹੋਵੇਗਾ। ਇਸ ਦਾ ਮੁਖੀ ਕੇਂਦਰ ਸਰਕਾਰ ਵਲੋਂ ਨਾਮਜ਼ਦ ਸੀ.ਈ.ਓ. ਹੋਵੇਗਾ। ਇਸ 'ਸਪੈਸ਼ਲ ਪਰਪਜ਼ ਵਿਕਲਪ' ਵਿਚ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼, ਸ਼ਹਿਰੀ ਸਥਾਨਕ ਨਿਕਾਹ ਤੇ ਨਿੱਜੀ ਖੇਤਰ ਦੀ ਅਨੁਪਾਤਿਕ ਹਿੱਸੇਦਾਰੀ ਹੋਵੇਗੀ। ਨਗਰ ਨਿਗਮ ਨੂੰ ਕਰਜ਼ਾ ਦੇਣ ਲਈ ਇਕ ਹੋਰ ਸੰਸਥਾ 'ਫਾਇਨਡੇਟਰ' ਨਾਂ ਹੇਠ ਬਣਾਈ ਜਾਵੇਗੀ ਜੋ ਵੱਖ ਸ੍ਰੋਤਾਂ ਤੋਂ ਪੈਸਾ ਹਾਸਲ ਕਰੇਗੀ ਅਤੇ ਉਹ ਪੈਸਾ ਸਥਾਨਕ ਵਪਾਰਕ ਬੈਂਕ ਨੂੰ ਮੁਹੱਈਆ ਕਰਵਾਏਗੀ ਤੇ ਬੈਂਕ ਉਸ ਨੂੰ ਨਗਮ ਨਿਗਮ ਨੂੰ ਬਤੌਰ ਕਰਜ਼ਾ ਦੇਵੇਗਾ। 16 ਮਈ 2014 ਨੂੰ ਨਰੇਂਦਰ ਮੋਦੀ ਨੇ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਦੇ ਇਕ ਮਹੀਨੇ ਦੇ ਅੰਦਰ ਹੀ ਜੋ ਪਹਿਲਾਂ ਐਲਾਨ ਕੀਤਾ ਉਹ ਭਾਰਤ 'ਚ 100 ਸਮਾਰਟ ਸਿਟੀ ਬਣਾਉਣ ਦਾ ਸੀ। ਇਹ ਉਹ ਦੌਰ ਸੀ ਜਦ ਦੇਸ਼ ਦੇ ਕਿਸਾਨਾਂ ਨੂੰ ਬਾਰਿਸ਼ ਨਾਲ ਭਾਰੀ ਨੁਕਸਾਨ ਹੋਇਆ ਸੀ ਅਤੇ ਉਹ ਵੱਡੀ ਗਿਣਤੀ 'ਚ ਆਤਮ ਹੱਤਿਆਵਾਂ ਦਾ ਰਾਹ ਚੁਣ ਰਹੇ ਸਨ ਪਰ ਸਾਡੇ ਪ੍ਰਧਾਨ ਮੰਤਰੀ ਉਨ੍ਹਾਂ ਦੀ ਮਦਦ ਕਰਨ ਦੀ ਬਜਾਏ ਦੇਸ਼ ਦੇ ਸਾਹਮਣੇ ਇਕ ਬੇਹੱਦ ਖਰਚੀਲੀ ਤੇ ਬੇਲੋੜਾ ਪ੍ਰੋਜੈਕਟ ਪੇਸ਼ ਕਰ ਰਹੇ ਸਨ। ਅਜਿਹਾ ਲਗਦਾ ਹੈ ਕਿ ਇਹ ਪ੍ਰੋਜੈਕਟ ਪਹਿਲਾਂ ਹੀ ਬਣਾ ਕੇ ਤਿਆਰ ਰੱਖਿਆ ਹੋਇਆ ਸੀ। ਬੱਸ ਉਸ ਨੂੰ ਲਾਗੂ ਕਰ ਲਈ ਸੱਤਾ ਹਾਸਲ ਕਰਨ ਦੀ ਉਡੀਕ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ ਅਮਰੀਕਾ ਫੇਰੀ 'ਤੇ 30 ਸਤੰਬਰ 2014 ਨੂੰ ਜੋ ਸਾਂਝਾ ਬਿਆਨ ਜਾਰੀ ਕੀਤਾ ਸੀ ਉਸ 'ਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਮੋਦੀ ਦੀ ਇਸ ਗੱਲ ਲਈ ਤਾਰੀਫ਼ ਕੀਤੀ ਕਿ ਉਨ੍ਹਾਂ ਨੇ ਉਸ ਨੂੰ ਅਜਮੇਰ, ਇਲਾਹਾਬਾਦ ਤੇ ਵਿਸ਼ਾਖਾਪਟਨਮ 'ਚ ਸਮਾਰਟ ਸਿਟੀ ਬਣਾਉਣ ਦਾ ਕੰਮ ਸੌਂਪਿਆ ਹੈ। ਇਸ ਪਿਛੋਂ ਤਾਂ ਸਮਾਰਟ ਸਿਟੀ ਬਣਾਉਣ ਲਈ 'ਮੈਮੋਰੰਡਮ ਆਫ਼ ਅੰਡਰਸਟੈਂਡਿੰਗ 'ਤੇ ਦਸਖ਼ਤ ਕਰਨ ਵਾਲੇ ਦੇਸ਼ਾਂ ਦੀ ਲਾਈਨ ਲੱਗ ਗਈ ਹੈ। ਆਗਰਾ ਤੇ ਬਨਾਰਸ ਜਪਾਨ ਦੀ ਮਦਦ ਨਾਲ ਸਮਾਰਟ ਸਿਟੀ ਬਣਨਗੇ ਤਾਂ ਹੈਦਰਾਬਾਦ ਨੂੰ ਦੁਬਈ ਸਮਾਰਟ ਸਿਟੀ ਬਣਾਉਣਾ ਚਾਹੁੰਦਾ ਹੈ। ਸਿੰਗਾਪੁਰ ਆਂਧਰਾ ਦੀ ਰਾਜਧਾਨੀ ਤੇ ਦਿੱਲੀ ਨੂੰ ਸਮਾਰਟ ਸਿਟੀ ਬਣਾਉਣਾ ਚਾਹੁੰਦਾ ਹੈ। ਇਜ਼ਰਾਇਲ ਸਮਾਰਟ ਸਿਟੀ ਬਣਾਉਣ 'ਚ ਮਹਾਂਰਾਸ਼ਟਰ ਦੀ ਮਦਦ ਕਰੇਗਾ। ਫਰਾਂਸ ਨਾਗਪੁਰ ਨੂੰ ਸਮਾਰਟ ਸਿਟੀ 'ਚ ਬਦਲਣਾ ਚਾਹੁੰਦਾ ਹੈ। ਕਤਰ ਦਾ ਸੁਲਤਾਨ ਸਮਾਰਟ ਸਿਟੀ ਪ੍ਰੋਜੈਕਟ 'ਚ ਇਕ ਲੱਖ ਕਰੋੜ ਰੁਪਏ ਨਿਵੇਸ਼ ਕਰਨ ਦੀ ਇੱਛਾ ਜਤਾ ਚੁੱਕਿਆ ਹੈ। ਕੈਨੇਡਾ, ਚੀਨ ਤੇ ਰੂਸ ਦੀ ਕਮਾਈ ਦੇ ਇਸ ਮੌਕੇ ਨੂੰ ਹੱਥੋਂ ਨਹੀਂ ਗੁਆਉਣਾ ਚਾਹੁੰਦੇ। ਕੁਲ ਮਿਲਾ ਕੇ ਦੇਸ਼ ਪੂਰੀ ਤਰ੍ਹਾਂ ਸੰਸਾਰ ਦੇ ਕਰਜ਼ਦਾਤਾ ਮਹਾਜਨਾ ਨਾਲ ਘਿਰ ਚੁੱਕਿਆ ਹੈ। ਇਸ ਤਰ੍ਹਾਂ ਦੇ ਗੈਰ ਜ਼ਰੂਰੀ ਪ੍ਰੋਜੈਕਟਾਂ ਦਾ ਸਿੱਟਾ ਨਿਕਲ ਦੇ ਸਾਹਮਣੇ ਆਉਂਦਾਹੈ ਇਸ ਅਸੀਂ ਅਮਰੀਕੀ ਧੋਖੇਬਾਜ਼ ਬਿਜਲੀ ਕੰਪਨੀ ਏਨਰਾਨ ਦੇ ਰੂਪ 'ਚ ਵੇਖ ਚੁੱਕੇ ਹਾਂ। 13 ਦਿਨ ਦੀ ਸਰਕਾਰ 'ਚ ਅਟਲ ਜੀ ਵਲੋਂ ਇਸ ਅਮਰੀਕੀ ਕੰਪਨੀ ਨੂੰ ਫਿਰ ਤੋਂ ਮਨਜ਼ੂਰੀ ਦਿੱਤੇ ਜਾਣ ਦਾ ਹਫ਼ਰਾ-ਤਫ਼ਰੀ ਨੇ ਦੇਸ਼ਾਂ ਨੂੰ ਅਰਬਾਂ ਦਾ ਨੁਕਸਾਨ ਪਹੁੰਚਾਇਆ ਹੈ। ਅਜੇ ਪਿਛਲੇ ਸਾਲ ਨਰੇਂਦਰ ਮੋਦੀ ਨੇ ਜੋ ਮੁੰਬਈ ਅਹਿਮਦਾਬਾਦ ਬੁਲੇਟ ਟ੍ਰੇਨ ਦੇ ਪ੍ਰੋਜੈਕਟ ਨੂੰ ਹਰੀ ਝੰਡੀ ਦਿੱਤੀ ਸੀ ਉਸ ਦੀ ਲਾਗਤ ਹੁਣ 62 ਹਜ਼ਾਰ ਕਰੋੜ ਰੁਪਏ ਅੰਗੀ ਗਈ ਸੀ ਜੋ ਹੁਣ ਵੱਧ ਕੇ ਇਕ ਲੱਖ ਕਰੋੜ ਰੁਪਏ ਹੋ ਗਈ ਹੈ। ਕੁਝ 534 ਕਿਲੋਮੀਟਰ ਦੀ ਯਾਤਰਾ ਨੂੰ ਪੰਜ ਘੰਟੇ ਘੱਟ ਕਰਨ ਲਈ ਦੇਸ਼ ਦੇ ਏਨੇ ਪੈਸੇ ਨੂੰ ਬਰਬਾਦ ਕਰ ਦਿੱਤਾ ਗਿਆ ਹੈ। ਵੈਸੇ ਵੀ ਸੰਚਾਰ ਕ੍ਰਾਂਤੀ ਦੇ ਇਸ ਦੌਰ ਵਿਚ ਵਪਾਰ ਵਾਰਤਾਵਾਂ ਲਈ ਜਦ ਵੀਡੀਓ ਕਾਨਫਰੰਸਿੰਗ ਦੀ ਸਹੂਲਤ ਮੌਜੂਦ ਹੈ, ਤਦ ਵਪਾਰ ਵਧਾਉਣ ਲਈ ਮੁੰਬਈਤੋਂ ਅਹਿਮਦਾਬਾਦ ਰੋਜ਼ਾਨਾ ਚੱਕਰ ਲਾਉਣ ਦੀ ਗੱਲ ਅਕਲ 'ਚ ਬੈਠਦੀ ਨਹੀਂ ਹੈ। ਵਿਦੇਸ਼ੀ ਕਰਜ਼ੇ 'ਤੇ ਆਧਾਰਤ ਇਸ ਖਰਚੀਲੇ ਪ੍ਰੋਜੈਕਟ ਨਾਲ ਵਪਾਰ 'ਚ ਕੋਈ ਵੱਡਾ ਵਾਧਾ ਨਹੀਂ ਹੋਣ ਲੱਗਾ। ਇਹ ਪ੍ਰੋਜੈਕਟ 1917 ਤੋਂ ਸ਼ੁਰੂ ਹੋ ਕੇ 2024 'ਚ ਪੂਰਾ ਹੋਵੇਗਾ ਅਤੇ ਤਦ ਇਸ ਦਾ ਇਕ ਆਦਮੀ ਦਾ ਇਕ ਪਾਸੇ ਦਾ ਕਿਰਾਇਆ 2800 ਰੁਪਏ ਬੈਠਣ ਦਾ ਅੰਦਾਜ਼ਾ ਲਾਇਆ ਗਿਆ ਹੈ, ਕਿੰਨੇ ਲੋਕ ਇਸ ਟ੍ਰੇਨ 'ਚ ਏਨੇ ਮਹਿੰਗੇ ਕਿਰਾਏ 'ਚ ਸਫ਼ਰ ਕਰਨਗੇ, ਇਸ ਦਾ ਅੰਦਾਜ਼ਾ ਅਸਾਨੀ ਨਾਲ ਲਾਇਆ ਜਾ ਸਕਦਾ ਹੈ। ਨਿਸ਼ਚੈ ਹੀ ਪ੍ਰੀਮੀਅਰ ਟ੍ਰੇਨਾਂ ਦੇ ਘਾਟੇ 'ਚ ਆਉਣ ਵਾਂਗੂੰ ਹੀ ਇਹ ਬੁਲੇਟ ਟ੍ਰੇਨ ਵੀ ਭਾਰਤ 'ਤੇ ਆਰਥਿਕ ਬੋਝ ਬਣਨ ਵਾਲੀ ਹੈ। ਜਦ ਇਹ ਘਾਟੇ 'ਚ ਜਾਵੇਗੀ ਤਾਂ ਇਸ ਨੂੰ ਕੌਡੀਆਂ ਦੇ ਭਾਅ ਨਿੱਜੀ ਖੇਤਰ ਨੂੰ ਵੇਚ ਦਿੱਤਾ ਜਾਵੇਗਾ। ਇਸ ਤਰ੍ਹਾਂ ਸਵੈਚਾਲਿਤ ਪੌੜੀਆਂ, ਲਿਫਟਾਂ, ਚੱਪੇ-ਚੱਪੇ 'ਤੇ ਲੱਗੇ ਸੀ.ਸੀ.ਟੀ. ਵੀ ਕੈਮਰਿਆਂ, ਸੈਂਸਰਾਂ 'ਤੇ ਡਿਜੀਟਲ ਤਕਨੀਕ ਨਾਲ ਲੈਸ ਇਹ ਮਹਿੰਗੇ ਸਮਾਰਟ ਸ਼ਹਿਰ, ਚੀਨ ਵਾਂਗੂੰ ਹੀ 'ਘੋਸਟ ਸਿਟੀ' ਜਾਂ ਸਮਾਰਟ ਵਿਰਾਨ ਸ਼ਹਿਰਾਂ 'ਚ ਬਦਲਣ ਵਾਲੇ ਹਨ। ਸਮਾਰਟ ਸਿਟੀ ਵਰਗੇ ਪ੍ਰੋਜੈਕਟ ਨੂੰ ਚੁਣ ਕੇ ਚੀਨ ਨੇ ਆਪਣਾ ਭਾਰਤੀ ਨੁਕਸਾਨ ਕਰਵਾਇਆ ਹੈ, ਹਾਲਾਂਕਿ ਇਨ੍ਹਾਂ ਨੂੰ ਬਣਾਉਣ 'ਚ ਚੀਨ


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਾਰਥਨਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੋਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੋਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉੱਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੋਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖ਼ੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖ਼ੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੰਨ੍ਹਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖ਼ਸ਼ਾਂਸ਼ਾਂ ਤੇ ਰੇਖਾਂਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ਼ ਹੋਵੇਗੀ।

**ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ**

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾਂ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜ਼ਮਾਨਤ ਜਮ੍ਹਾਂ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜ਼ਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

ਦੀਆਂ ਆਪਣੀਆਂ ਕੰਪਨੀਆਂ ਦੀ ਭੂਮਿਕਾ ਹੈ। ਨਾਲ ਹੀ ਇਸ ਲਈ ਉਹਨੂੰ ਬਾਹਰ ਤੋਂ ਕਰਜ਼ਾ ਲੈਣ ਦੀ ਲੋੜ ਵੀ ਨਹੀਂ ਪਈ ਹੈ। ਉਥੇ 6 ਕਰੋੜ 40 ਲੱਖ ਅਪਾਰਟਮੈਂਟ ਮਹਿੰਗੇ ਹੋਣ ਕਰਕੇ ਅੱਜ ਸੁੰਨੇ ਪਏ ਹਨ। ਇਹੀ ਹਾਲ ਅੰਗੋਲਾ ਦਾ ਹੈ ਜਿਥੇ ਚੀਨ ਨੇ ਸਮਾਰਟ ਸਿਟੀ ਦੀ ਉਸਾਰੀ ਕੀਤੀ ਹੈ ਪਰ ਉਹ ਵੀ ਵੀਰਾਨ ਪਿਆ ਹੈ। ਆਮ ਤੌਰ 'ਤੇ ਸਮਾਰਟ ਸਿਟੀ ਦੀ ਜਾਇਦਾਦ ਦੀਆਂ ਕੀਮਤਾਂ ਬਾਜ਼ਾਰ ਭਾਅ ਨਾਲੋਂ 50 ਤੋਂ 70 ਫੀਸਦੀ ਵੱਧ ਹੁੰਦੀਆਂ ਹਨ। ਇਸ ਤੋਂ ਇਲਾਵਾ ਉਥੇ ਰਖ ਰਖਾਅ ਯਾਨੀ ਮੈਂਟੀਨੈਂਸ 'ਤੇ ਭਾਰੀ ਖਰਚਾ ਆਉਂਦਾਹੈ। ਉਸ ਨੂੰ ਭਰਨਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਹੈ। ਜਿਸ ਤਰ੍ਹਾਂ ਘੱਟੋ-ਘੱਟ ਸਰਕਾਰ ਦੇ ਵਿਚਾਰ ਨੂੰ ਅਮਲੀ ਰੂਪ ਦੇ ਕੇ ਸੜਕਾਂ ਨਿੱਜੀ ਖੇਤਰ ਨੂੰ ਦੇ ਦਿੱਤੀਆਂ ਗਈਆਂ ਹਨ ਜੋ ਟੋਲ ਪਲਾਜਾ ਰਾਹੀਂ ਆਪਣੀ ਜ਼ਿਮੀਦਾਰੀ ਚਲਾ ਰਿਹਾ ਹੈ। ਇਸ ਤਰ੍ਹਾਂ ਇਨ੍ਹਾਂ 'ਚੁਸਤ ਸ਼ਹਿਰਾਂ' ਦੀ ਮਾਲਕੀ ਵੀ ਨਿੱਜੀ ਖੇਤਰ ਕੋਲ ਜਾਣ ਵਾਲੀ ਹੈ। ਉਹ ਵੀ ਇਥੇ ਰਹਿਣ ਵਾਲਿਆਂ ਦੀ ਪਾਤਰਤਾ ਤਹਿ ਕਰਨਗੇ।2911 ਦੀ ਜਾਤੀ ਜਨਗਣਨਾ ਨੇ ਇਹ ਦੱਸ ਹੀ ਦਿੱਤਾ ਹੈ ਕਿ ਭਾਰਤ ਦੇ 75 ਫੀਸਦੀ ਪਰਿਵਾਰ ਪੰਜ ਹਜ਼ਾਰ ਮਾਸਿਕ ਦੀ ਆਮਦਨ ਤੋਂ ਘੱਟ ਦੇ ਪੱਧਰ 'ਤੇ ਪਹੁੰਚ ਗਏ ਹਨ ਅਤੇ ਉਹ ਤਾਂ ਅਜਿਹੇ ਸਮਾਰਟ ਸਿਟੀ 'ਚ ਦਾਖਲ ਹੋਣ ਦੀ ਹਿੰਮਤ ਕਰ ਹੀ ਨਹੀਂ ਸਕਦੇ। ਵੈਸੇ ਵੀ ਉਨ੍ਹਾਂ ਨੂੰ ਇਨ੍ਹਾਂ ਸਮਾਰਟ ਸਿਟੀਜ਼ ਤੋਂ ਬਾਹਰ ਕਰਨ ਦਾ ਰਾਹ ਕੱਢ ਹੀ ਲਿਆ ਗਿਆ ਹੈ। 29 ਜਨਵਰੀ 2015 ਨੂੰ ਮੁੰਬਈ 'ਚ ਵਰਲਡ ਟ੍ਰੇਡ ਸੈਂਟਰ, ਆਲ ਇੰਡੀਆ ਐਸੋਸੀਏਸ਼ਨ ਆਫ਼ ਇੰਡਸਟ੍ਰੀਜ਼ ਤੇ ਇੰਡੋ ਫਰੈਂਚ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀਜ਼ ਨੇ ਮਿਲ ਕੇ ਇਕ ਸਮੂਹਿਕ ਬਹਿਸ ਆਯੋਜਿਤ ਕੀਤੀ ਸੀ ਜਿਸ ਦਾ ਵਿਸ਼ਾ ਸੀ 'ਰਿਅਲਟੀ ਇਨ ਦਾ ਮੇਕਿੰਗ' ਉਸ 'ਚ ਮੁਕਤ ਬਾਜ਼ਾਰ ਦੇ ਹਮਾਇਤੀ ਅਰਥ ਸ਼ਾਸਤਰੀ ਨਵੀਸ਼ ਭੰਡਾਰੀ ਨੇ ਆਪਣੇ ਬੜਬੋਲੇਪਨ ਜਾਂ ਅਤੀ ਉਤਸ਼ਾਹ 'ਚ ਸੱਚਾਈ ਉਜਾਗਰ ਕਰ ਦਿੱਤੀ ਜਿਸ ਨੂੰ ਮੋਦੀ ਨੇ ਲਕੋ ਰੱਖਿਆ ਸੀ। ਉਥੇ ਪੜ੍ਹੇ ਗਏ ਆਪਣੇ ਪੇਪਰ 'ਚ ਲਵੀਸ਼ ਭੰਡਾਰੀ ਨੇ ਕਿਹਾ ਕਿ 'ਕਿਸੇ ਥਾਂ ਤੋਂ ਲੋਕਾਂ ਨੂੰ ਵੱਖ ਕਰਨ ਦੇ ਦੋ ਤਰੀਕੇ ਹੁੰਦੇ ਹਨ, ਇਕ ਤਾਂ ਉਸ ਥਾਂ ਦੀਆਂ ਉਚੀਆਂ ਕੀਮਤਾਂ 'ਤੇ ਦੂਸਰਾ ਨੀਤੀਆਂ ਮੁਹੱਈਆ ਸਹੂਲਤਾਂ ਅਤੇ ਮੰਗ 'ਤੇ ਸਪਲਾਈ ਦੇ ਹਿਸਾਬ ਨਾਲ ਇਨ੍ਹਾਂ ਸਮਾਰਟ ਸਿਟੀਜ਼ ਦੀਆਂ ਕੀਮਤਾਂ ਆਪਣੇ ਆਪ ਜ਼ਿਆਦਾ ਹੋਣਗੀਆਂ। ਇਹ ਕਹਿਣਾ ਪੂਰੀ ਤਰ੍ਹਾਂ ਝੂਠ ਹੋਵੇਗਾ ਕਿ ਇਨ੍ਹਾਂ ਦੀਆਂ ਕੀਮਤਾਂ ਘੱਟ ਰੱਖੀਆਂ ਜਾਣਗੀਆਂ ਹਾਲਾਂਕਿ ਉਚ ਕੀਮਤਾਂ ਦੀ ਵਜ੍ਹਾ ਕਰਕੇ ਸਾਡਾ ਮੌਜੂਦਾ ਕਾਨੂੰਨ ਸਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਕਿ ਅਸੀਂ ਦਸ ਲੱਖਾਂ ਗਰੀਬਾਂ ਲੋਕਾਂ ਨੂੰ ਇਸ ਮਹਾਨ ਢਾਂਚੇ ਦਾ ਆਨੰਦ ਲੈਣ ਤੋਂ ਵਾਂਝਿਆ ਕੀਤਾ ਜਾ ਸਕੇ। ਅਜਿਹੀ ਹਾਲਤ 'ਚ ਸਾਨੂੰ ਪੁਲਿਸ ਦੀ ਲੋੜ ਹੋਵੇਗੀ ਜੋ ਫੋਰਸ ਵਰਤ ਕੇ ਗਰੀਬ ਜਨਤਾ ਨੂੰ ਇਨ੍ਹਾਂ ਥਾਵਾਂ ਤੋਂ ਬਾਹਰ ਕਰ ਸਕੇ। ਜੋ ਇਨ੍ਹਾਂ ਸਮਾਰਟ ਸਿਟੀ ਦੀ ਵਿਵਸਥਾ ਕਰਨਗੇ। ਉਨ੍ਹਾਂ ਨੂੰ ਇਸ ਦੇ ਲਈ ਸਾਨੂੰ ਨਵੇਂ ਕਾਨੂੰਨਾਂ ਦੀ ਇਕ ਪੂਰੀ ਲੜੀ ਦੀ ਲੋੜ ਹੋਵੇਗੀ। ਲਤੀਨੀ ਅਮਰੀਕੀ ਦੇਸ਼ ਹੋਂਡਰਾਸ 'ਚ ਬਣਾਈ ਗਈ ਇਸ ਤਰ੍ਹਾਂ ਦੀ 'ਸਮਾਰਟ ਸਿਟੀ' ਨੂੰ 'ਚਾਰਟਰ ਸਿਟੀ' ਨਾਂ ਦਿੱਤਾ ਗਿਆ ਜਿਸ ਦਾ ਸੰਚਾਲਨ ਉਨ੍ਹਾਂ ਕਾਰਪੋਰੇਟ ਹੱਥਾਂ ਵਿਚ ਹੈ ਜਿਨ੍ਹਾਂ ਨੇ ਹੋਂਡੂਰਾਸ ਦੇ ਕਿਸਾਨਾਂ ਤੋਂ ਧੱਕੇ ਨਾਲ ਜ਼ਮੀਨ ਹਾਸਲ ਕੀਤੀ ਸੀ। ਉਥੇ ਵੀ ਸਥਾਨਕ ਨਿਵਾਸੀਆਂ ਤੇ ਕਿਸਾਨਾਂ ਨੂੰ ਇਨ੍ਹਾਂ, ਸ਼ਹਿਰਾਂ ਤੋਂ ਬਾਹਰ ਰੱਖਣ ਲਈ ਹਿੰਸਾ ਦੀ ਵਰਤੋਂ ਕੀਤੀ ਜਾ ਰਹੀ ਹੈ। ਖਾਸ ਗੱਲ ਤਾਂ ਇਹ ਹੈ ਕਿ ਇਹ ਸ਼ਹਿਰ ਉਸ ਦੇਸ਼ ਦੇ ਕਾਨੂੰਨਾਂ ਤੋਂ ਬਾਹਰ ਇਕ ਅਲੱਗ ਦੇਸ਼ ਬਣ ਗਏ ਹਨ ਕਿਉਂਕਿ ਸੇਜ (ਵਿਸ਼ੇਸ਼ ਆਰਥਿਕ ਖੇਤਰ) ਸਪੈਸ਼ਲ ਇਕਨਾਮਿਕ ਜ਼ੋਨ ਵਾਂਗੂੰ ਇਥੇ ਵੀ ਉਸ ਦੇਸ਼ ਦੇ ਕਾਨੂੰਨ ਲਾਗੂ ਨਹੀਂ ਹੁੰਦੇ। ਗੁਜਰਾਤ 'ਚ ਵੀ 2011 'ਚ 886 ਏਕੜ 'ਚ ਅਹਿਮਦਾਬਾਦ ਦੇ ਨੇੜੇ 'ਗੁਜਰਾਤ ਇੰਟਰਨੈਸ਼ਨਲ ਫਾਇਨੈਂਸ ਟੈਕ ਸਿਟੀ (ਗਿਫ਼ਟ) ਅਤੇ ਘੋਰੇਲਾ 'ਚ ਸਿੰਘਾਈ ਤੋਂ ਵੀ ਛੇ ਗੁਣਾਂ ਵੱਡਾ 903 ਵਰਗ ਕਿਲੋਮੀਟਰ ਖੇਤਰ ਵਿਚ ਫੈਲਿਆ 'ਸਪੈਸ਼ਲ ਇਨਵੈਸਟਮੈਂਟਰ ਜ਼ੋਨ' ਸਿੰਚਾਈਯੋਗ ਜ਼ਮੀਨ 'ਚ ਬਣਾਇਆ ਗਿਆ ਹੈ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਜਬਰਦਸਤੀ ਹਾਸਲ ਕਰਕੇ ਇਹ ਸਮਾਰਟ ਸਿਟੀ ਬਣਾਈ ਗਈ ਉਹ ਅੱਜ ਵੀ ਇਸ ਦਾ ਵਿਰੋਧ ਕਰ ਰਹੇ ਹਨ। ਇਹ ਵੱਖਰੀ ਗੱਲ ਹੈ ਕਿ ਕਾਰਪੋਰੇਟ ਮੀਡੀਆ ਉਸ ਵਿਰੋਧ ਨੂੰ ਦੇਸ਼ ਦੇ ਲੋਕਾਂ ਤੋਂ ਛੁਪਾਈ ਬੈਠਾ ਹੈ। ਬ੍ਰਿਟੇਨ ਦੀ ਸਲਾਹਦਾਤਾ ਫਰਮ 'ਅਰੂਪ' ਨੇ ਅਨੁਮਾਨ ਲਾਇਆ ਹੈ ਕਿ ਸੰਨ 2020 ਤੱਕ ਸਮਾਰਟ ਸਿਟੀ ਟੈਕਨਾਲੋਜੀ ਤੇ ਸੇਵਾਵਾਂ ਦਾ ਵਿਸ਼ਵ ਬਾਜ਼ਾਰ 408 ਮਿਲੀਅਨ ਡਾਲਰ ਪਹੁੰਚ ਜਾਵੇਗਾ। ਇਸ ਤੋਂ ਇਲਾਵਾ ਇਸ ਪ੍ਰੋਜੈਕਟ ਦਾ ਜੋ ਖਤਰਨਾਕ ਪਹਿਲੂ ਹੈ, ਉਸ 'ਤੇ ਤਾਂ ਬਿਲਕੁਲ ਚਰਚਾ ਨਹੀਂ ਹੋਣ ਦਿੱਤੀ ਜਾਵੇਗੀ ਕਿਉਂਕਿ ਸਮਾਰਟ ਸਿਟੀ ਕਿਉਂਕਿ ਸਮਾਰਟ ਸਿਟੀ 'ਡਿਜੀਟਲਸਿਟੀ' ਹੋਵੇਗਾ ਜਿਸ ਦੇ ਲਈ ਲਗਾਤਾਰ ਇਲੈਕਟ੍ਰਾਨਿਕ ਉਪਕਰਣਾਂ, ਕੁਲ-ਪੁਰਜਿਆਂ ਦੀ ਲੋੜ ਹੋਵੇਗੀ ਜਿਸ ਦੀ ਸਪਲਾਈ ਲਈ ਅਸੀਂ ਸਿਰਫ਼ ਵਿਦੇਸ਼ ਕੰਪਨੀਆਂ 'ਤੇ ਨਿਰਭਰ ਹੋਵਾਂਗੇ। ਜਦੋਂ ਇਹ ਕੰਪਨੀਆਂ ਇਨ੍ਹਾਂ ਉਪਕਰਣਾਂ ਦੀ ਸਪਲਾਈ ਰੋਕ ਦੇਣਗੀਆਂ ਉਦੋਂ ਇਹ ਸਾਡੇ ਸਮਾਰਟ ਸਿਟੀ ਇਕਦਮ ਠੱਪ ਹੋ ਕੇ ਸਫੈਦ ਹਾਥੀ 'ਚ ਬਦਲ ਜਾਣਗੇ। ਜਿਸ ਤਰ੍ਹਾਂ ਅਮਰੀਕਾ ਨੇ ਇੰਦਰਾ ਗਾਂਧੀ ਨੇ 1974 'ਚ ਪ੍ਰਮਾਣੂ ਤਜਰਬਾ ਕੀਤੇ ਜਾਣ ਪਿਛੋਂ ਆਪਣੇ ਵਲੋਂ ਲਾਏ ਗਏ ਪ੍ਰਮਾਣੂ ਸੰਯੰਤਰ ਲਈ ਯੂਰੇਨੀਅਮ ਦੀ ਸਪਲਾਈ ਰੋਕ ਦਿੱਤੀ ਸੀ। ਸਾਡਾ ਵਿਦੇਸ਼ੀ ਮੁਦਰਾ ਭੰਡਾਰ ਜੋ ਹੁਣ ਤੱਕ ਪੈਟਰੋਲੀਅਮ ਪਦਾਰਥ, ਰਸਾਇਣਕ ਖਾਦ, ਹਥਿਆਰਾਂ ਤੇ ਹੋਰ ਜ਼ਰੂਰਤ ਦੀਆਂ ਵਸਤਾਂ 'ਚ ਖਰਚ ਹੁੰਦਾ ਹੈ। ਹੁਣ ਉਸ ਦਾ ਵੱਡਾ ਹਿੱਸਾ ਸਮਾਰਟ ਸਿਟੀ ਦੇ ਉਪਕਰਣਾਂ 'ਤੇ ਖਰਚ ਹੋਣ ਲੱਗੇਗਾ। "ਯੂ. ਐਸ. ਇੰਡੀਆ ਬਿਜਨਸ ਕੌਂਸਲ ਨੇ ਸਤੰਬਰ 2014 'ਚ ਜਾਰੀ' ਫਾਇਨੈਸ਼ਿਮਾਲ ਸਟੇਟਜੀ' ਫਾਰ ਸਮਾਰਟ ਸਿਟੀਜ਼' ਨਾਮਕ ਆਪਣੇ ਰਿਸਰਚ ਪੇਪਰ 'ਚ ਦੱਸਿਆ ਹੈ ਕਿ ਸਮਾਰਟ ਸਿਟੀ ਇਕ ਨਵੀਂ ਤਰ੍ਹਾਂ ਦੀ 'ਇੰਟਰਨੈਟ ਆਫ਼ ਥਿੰਗਸ' (ਆਈ.ਓ.ਟੀ.) ਨਾਮ ਇੰਡਸਟਰੀਜ਼ 'ਤੇ ਨਿਰਭਰ ਹੋਵੇਗੀ ਜਿਸ ਦੇ ਤਹਿਤ ਅਰਬਾਂ ਦੀ ਤੈਦਾਦ ਵਿਚ 'ਇਮਬੈਡਿਡ ਸੈਂਸਰ' ਦੀ ਲੋੜ ਹੋਵੇਗੀ। ਰਿਸਰਚ ਪੇਪਰ 'ਚ ਦੱਸਿਆ ਗਿਆ ਹੈ ਕਿ ਸੰਨ 2020 ਤੱਕ 50 ਅਰਬ ਕਰੋੜ ਸੈਂਸਰ ਦੀ ਲੋੜ ਹੋਵੇਗੀ ਜਿਸ ਦਾ ਅੰਦਾਜਨ ਵਪਾਰ 14 ਲੱਖ ਕਰੋੜ ਅਮਰੀਕੀ ਡਾਲਰ ਪਹੁੰਚ ਜਾਵੇਗਾ। ਇਨ੍ਹਾਂ ਉਪਕਰਣਾਂ ਤੇ ਅਮਰੀਕਾ ਤੇ ਹੋਰ ਵਿਦੇਸ਼ੀ ਕੰਪਨੀਆਂ ਦੀ ਅਜਾਰੇਦਾਰੀ ਹੋਣ ਕਰਕੇ ਇਹ ਉਨ੍ਹਾਂ ਦੀ ਮਨਮਾਨੀ ਕੀਮਤ ਵਸੂਲਣਗੀਆਂ ਅਤੇ ਇਸ ਤਰ੍ਹਾਂ ਅਸੀਂ ਪੱਕੇ ਤੌਰ 'ਤੇ ਉਨ੍ਹਾਂ ਦੇ ਗੁਲਾਮ ਬਣ ਜਾਣਗੇ। ਇਹ ਅਥਾਹ ਮੁਨਾਫ਼ੇ ਨੂੰ ਬਣਾਈ ਰੱਖਣ ਲਈ ਇਹ 'ਇੰਟਲੈਕਚੁਅਲ ਪ੍ਰਾਪਰਟੀ ਰਾਈਟ' ਨੂੰ ਸਖ਼ਤੀ ਨਾਲ ਲਾਗੂ ਕਰੇਗੀ। ਇਹ ਅਥਾਹ ਆਮਦਨ ਤੋਂ ਹੱਲਾਸ਼ੇਰੀ ਲੈ ਕੇ ਹੀ ਵਿਸ਼ਵ ਪੂੰਜੀਵਾਦ ਨੇ ਆਪਣੇ ਪ੍ਰਚਾਰ ਦੇ ਸਮੁੱਚੇ ਸਾਧਨਾ ਨੂੰ 'ਸਮਾਰਟ ਸਿਟੀ' ਨਾਂ ਦੀ ਇਸ ਨਵੀਂ ਵਸਤ ਨੂੰ ਵੇਚਣ ਲਈ ਝੋਂਕ ਦਿੱਤਾ ਹੈ ਪਰ ਬਾਜ਼ਾਰ ਵਿਚ ਉਤਾਰੇ ਗਏ ਇਸ ਉਤਪਾਦ ਨੇ ਲੋਕਪੱਖੀ ਲੋਕਾਂ, ਪਾਰਟੀਆਂ ਤੇ ਸੰਸਥਾਵਾਂ ਨੂੰ ਚਿੰਤਤ ਕਰ ਦਿੱਤਾ ਹੈ। ਇਸ ਨਾਲ ਅਨੇਕਾਂ ਸਵਾਲ ਖੜ੍ਹੇ ਹੋ ਗਏ ਹਨ। ਲੋਕ ਕਹਿ ਰਹੇ ਹਨ ਕਿ ਮੁਕਤ ਬਾਜ਼ਾਰ ਦੀਆਂ ਆਰਥਿਕ ਨੀਤੀਆਂ ਨੇ ਪੂੰਜੀ ਨੂੰ ਬਹੁਤ ਥੋੜ੍ਹੇ ਹੱਥਾਂ 'ਚ ਕੇਂਦਰਤ ਕਰ ਦਿੱਤਾ ਹੈ, ਇਸ ਲਈ ਇਹ ਥੋੜ੍ਹੇ ਜਿਹੇ ਲੋਕ ਆਪਣੇ ਆਪ ਨੂੰ ਆਮ ਲੋਕਾਂ ਤੋਂ ਸੁਰੱਖਿਅਤ ਰੱਖਣ ਲਈ ਇਸ ਤਰ੍ਹਾਂ ਦੇ ਬਖਤਰਬੰਦ ਸ਼ਹਿਰਾਂ ਦੀ ਉਸਾਰੀ ਕਰਵਾ ਰਹੇ ਹਨ। ਇਹ ਚਰਚਾ ਹੋਣ ਲੱਗੀ ਹੈ ਕਿ ਇਨ੍ਹਾਂ ਸਮਾਰਟ ਸਿਟੀਜ਼ ਦੇ ਮਾਧਿਅਮ ਨਾਲ ਸੰਸਾਰ ਬੈਂਕ ਨੂੰ ਸੱਦਾ ਦੇਣ ਵਾਲੀਆਂ ਕਾਲੀਆਂ ਤਾਕਤਾਂ 'ਮਾਸ ਸਰਵੇਲੈਂਸ' ਕਰ ਰਹੀਆਂ ਹਨ। ਇਸ ਤਰ੍ਹਾਂ ਦੇ ਸ਼ਹਿਰ 'ਇਲੈਕਟ੍ਰਾਨਿਕ ਪੁਲਿਸ ਸਟੇਟ' ਜਾਂ 'ਨਿਗਰਾਨੀ ਰਾਜ' 'ਚ ਬਦਲ ਗਏ ਹਨ। ਪ੍ਰਾਈਵੇਸੀ ਇੰਟਰਨੈਸ਼ਨਲ ਨੇ 2007 'ਚ ਸਰਵੇ ਕਰਵਾਇਆ ਜਿਸ 'ਚ ਪਾਇਆ ਕਿ ਦੁਨੀਆ ਦੇ 47 ਦੇਸ਼ਾਂ 'ਚ ਲੋਕ ਨਿਗਰਾਨੀ ਵਧੀ ਹੈ ਤੇ ਲੋਕਾਂ ਦੀ ਨਿਜਤਾ ਦੇ ਸੁਰੱਖਿਆ ਉਪਾਵਾਂ ਨੂੰ ਖੋਰਾ ਲੱਗਿਆ ਹੈ। ਉਸੇ ਸਾਲ ਅਮਰੀਕੀ ਸਿਵਲ ਲਿਬਰਟੀ ਨੇ ਬਿਆਨ ਦਿੱਤਾ ਕਿ ਅਸੀਂ 'ਨਿਗਰਾਨੀ ਰਾਜ' ਦੇ ਖਤਰੇ ਨਾਲ ਘਿਰ ਗਏ ਹਾਂ ਅਤੇ ਸਾਡਾ ਭਵਿੱਖ ਹਨ੍ਹੇਰੇ 'ਚ ਡੁੱਬ ਗਿਆ ਹੈ ਕਿਉਂਕਿ ਸਾਡੀ ਹਰ ਸਰਗਰਮੀ, ਸਾਡਾ ਲੈਣ-ਦੇਣ, ਹਰ ਇਕ ਗੱਲਬਾਤ ਰਿਕਾਰਡ ਤੇ ਸੁਰੱਖਿਅਤ ਕੀਤਾ ਜਾ ਰਿਹਾ ਹੈ ਤਾਂ ਕਿ ਭਵਿੱਖ 'ਚ ਹਾਕਮ ਉਸ ਨੂੰ ਸਾਡੇ ਖਿਲਾਫ਼ ਵਰਤ ਸਕਣ।

ਭਾਰਤ 'ਚ ਸਾਰਟ ਸਿਟੀਜ਼ ਦਾ ਜੋ ਲੱਖਾਂ ਕਰੋੜਾਂ ਰੁਪਏ ਦਾ ਕਾਰੋਬਾਰ ਬਹੁਕੌਮੀ ਕੰਪਨੀਆਂ ਨੂੰ ਦਿਸ ਰਿਹਾ ਹੈ ਉਸ ਦੇ ਲਈ ਉਸ ਨੂੰ ਵੱਡੇ ਪੈਮਾਨੇ 'ਤੇ ਜ਼ਮੀਨ ਚਾਹੀਦੀ ਹੈ। ਜ਼ਮੀਨ ਪ੍ਰਾਪਤੀ ਨੂੰ ਬਦਲੇ ਜਾਣ ਦੀ ਮੋਦੀ ਸਰਕਾਰ ਦੀ ਬੇਚੈਨੀ ਪਿਛੇ ਦੀ ਇਸ ਹਕੀਕਤ ਨੂੰ ਸਾਨੂੰ ਸਮਝਣਾ ਪੈਣਾ ਹੈ। ਦੇਸ਼ ਭਰ 'ਚ ਕਿਸਾਨਾਂ ਦੇ ਵਿਰੋਧ ਕਾਰਨ ਸਰਕਾਰ ਫਿਲਹਾਲ ਕਮਜ਼ੋਰ ਪੈਂਦੀ ਨਜ਼ਰ ਆ ਰਹੀ ਹੈ ਪਰ ਸਾਨੂੰ ਇਸ ਨਾਲ ਕਿਸੇ ਖੁਸ਼ਫਹਿਮੀ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਹੈ ਕਿਉਂਕਿ ਸਰਕਾਰ ਫਿਰ ਇਸ ਦੇ ਲਈ ਨਵੇਂ ਤਰੀਕੇ ਅਪਨਾ ਕੇ ਲਗਾਤਾਰ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੇਗੀ। ਇਸ ਪਿਛੇ ਜੋ ਨਿਗਮਸ਼ਾਹੀ ਦਾ ਦਬਾਅ ਹੈ ਉਸ ਨੂੰ ਵੀ ਸਾਨੂੰ ਸਮਝਣਾ ਹੋਵੇਗਾ। ਭੇੜੀਏ ਦੇ ਸ਼ਿਕਾਰ 'ਤੇ ਝਪਟਣ ਤੋਂ ਪਹਿਲਾਂ ਜੋ ਉਸ ਦੀਆਂ ਅੱਖਾਂ 'ਚ ਚਮਕ ਆ ਜਾਂਦੀ ਹੈ ਬਿਲਕੁਲ ਵੈਸੀ ਹੀ ਚਮਕ ਅੱਜ ਜਦ ਸਮਾਰਟ ਸਿਟੀ ਦੀ ਚਰਚਾ ਹੁੰਦੀ ਹੈ ਤਾਂ ਬਹੁਕੌਮੀ ਕੰਪਨੀਆਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਦੀ ਅੱਖਾਂ 'ਚ ਦਿਸਦੀ ਹੈ। ਹੁਣ ਵੇਖਣਾ ਇਹ ਹੈ ਕਿ ਲੋਕ ਆਪਸ 'ਚ ਲੜ ਕੇ ਉਸ ਚਮਕ ਨੂੰ ਵਧਾਉਣਗੇ ਜਾਂ ਆਪਣੇ ਸੰਘਰਸ਼ਾਂ ਜ਼ਰੀਏ ਉਸ ਚਮਕ ਨੂੰ ਮੰਦੀ ਕਰ ਦੇਣਗੇ।

98156-29301

# ਕੈਨੇਡਾ ਦੀਆਂ ਫੈਡਰਲ ਚੋਣਾਂ

(ਸਫ਼ਾ 1 ਦੀ ਬਾਕੀ)

ਖੱਟੀਆਂ ਹਨ।

**ਪਾਰਲੀਮੈਂਟ ਦੀ ਬਣਤਰ** : ਕੈਨੇਡਾ ਦੀ ਪਾਰਲੀਮੈਂਟ ਦੇ ਤਿੰਨ ਅੰਗ ਹਨ। ਪਹਿਲਾ ਹੈ ਮਹਾਰਾਨੀ ਇੰਗਲੈਂਡ ਦਾ ਤਾਜ। ਕਿਉਂਕਿ ਕੈਨੇਡਾ ਦਾ ਸੰਵਿਧਾਨ ਰਾਜਸ਼ਾਹੀ ਮੁਖੀ ਹੈ। ਮਹਾਰਾਨੀ ਕੈਨੇਡਾ ਵਾਸਤੇ ਵਾਇਸ ਰਾਏ ਦੀ ਨਿਯੁਕਤੀ ਕਰਦੀ ਹੈ। ਉਹ ਮਹਾਰਾਨੀ ਦਾ ਤਾਬਿਆਦਾਰ ਹੁੰਦਾ ਹੈ। ਇਸ ਵੇਲੇ ਡੇਵਿਡ ਲਾਇਡ ਜੌਹਨਸਟਨ ਹੈ। ਉਹ ਇਕ ਅਕਤੂਬਰ 2010 ਤੋਂ ਹੈ। ਮਹਾਰਾਨੀ ਇੰਗਲੈਂਡ ਕੈਨੇਡਾ ਦੀ ਨਾਮ ਸਰੀਕ ਮੁਖੀ ਹੈ। ਦੂਜਾ ਅੰਗ ਹੈ ਸੈਨੇਟ ਉਪਰਲਾ ਸਦਨ। ਇਸ ਦੇ ਇਸ ਵੇਲੇ 105 ਮੈਂਬਰ ਹਨ। ਇਹ ਸਾਰੇ ਦੇ ਸਾਰੇ ਪ੍ਰਧਾਨ ਮੰਤਰੀ ਦੀ ਸਲਾਹ ਨਾਲ ਗਵਰਨਰ ਜਨਰਲ-ਵਾਇਸਰਾਏ ਵਲੋਂ ਨਾਮਜ਼ਦ ਕੀਤੇ ਜਾਂਦੇ ਹਨ। ਇਸ ਵਿਚ ਫਸਟ ਨੇਸ਼ਨਜ਼, ਘੱਟ ਗਿਣਤੀ ਪੇਸ਼ਾਵਰ ਲੋਕ ਜਿਵੇਂ ਸਾਇੰਸਦਾਨ, ਵਕੀਲ, ਅਧਿਆਪਕ, ਡਾਕਟਰ, ਉਦਯੋਗਪਤੀ ਵਪਾਰੀ ਅਤੇ ਕਿਸਾਨ ਆਦਿ ਲਾਬੀਆਂ ਨੂੰ ਨਾਮਜ਼ਦ ਕੀਤਾ ਜਾਂਦਾ ਹੈ। ਇਸ ਕੋਲ ਹੇਠਲੇ ਸਦਨ ਭਾਵ ਹਾਊਸ ਆਫ਼ ਕਾਮਨਜ਼-ਪਾਰਲੀਮੈਂਟ ਦੀਆਂ ਸਾਰੀਆਂ ਸ਼ਕਤੀਆਂ ਹੁੰਦੀਆਂ ਹਨ। ਤੀਜਾ ਅੰਗ ਹੈ ਹਾਊਸ ਆਫ਼ ਕਾਮਨਜ਼-ਹੇਠਲਾ ਸਦਨ। ਇਸ ਦੀਆਂ ਇਸ ਵੇਲੇ 308 ਸੀਟਾਂ ਹਨ। ਇਸ ਦੇ ਸਾਰੇ ਮੈਂਬਰ ਬਾਲਗ ਵੋਟ ਅਧਿਕਾਰ ਰਾਹੀਂ ਚੁਣ ਕੇ ਆਉਂਦੇ ਹਨ। ਚੋਣ ਪਾਸਟ ਦੀ ਪੋਸਟ ਸਿਧਾਂਤ ਭਾਵ ਜੋ ਵੱਧ ਵੋਟਾਂ ਲੈ ਗਿਆ ਉਹ ਚੁਣਿਆ ਜਾਂਦਾ ਹੈ-ਸਾਡੇ ਦੇਸ਼ ਵਿਚ ਵੀ ਇਉਂ ਹੀ ਹੈ। ਜੋ ਇਨ੍ਹਾਂ ਤਿੰਨਾਂ ਅੰਗਾਂ ਨੂੰ ਮਿਲਾ ਕੇ ਕੈਨੇਡਾ ਦੀ ਪਾਰਲੀਮੈਂਟ ਬਣਦੀ ਹੈ।

ਹਾਊਸ ਆਫ਼ ਕਾਮਨਜ਼ ਵਿਚ ਜਿਸ ਪਾਰਟੀ ਦੀਆਂ ਬਹੁਗਿਣਤੀ ਸੀਟਾਂ ਹੁੰਦੀਆਂ ਹਨ, ਉਹ ਸਰਕਾਰ ਬਣਾਉਂਦੀ ਹੈ। ਸਟੀਫ਼ਨ ਹਾਰਪਰ ਕੰਜ਼ਰਵੇਟਿਵ ਪਾਰਟੀ ਦਾ 2006 ਤੋਂ ਲੈ ਕੇ ਦੁਬਾਰਾ 2011 ਵਿਚ ਬਣਿਆ ਪ੍ਰਧਾਨ ਮੰਤਰੀ ਹੈ। ਮੰਤਰੀ ਮੰਡਲ ਦੀ ਆਮ ਗਿਣਤੀ 30 ਹੁੰਦੀ ਹੈ ਪਰ ਘੱਟ ਵੱਧ ਵੀ ਹੋ ਸਕਦੀ ਹੈ। ਇਹ ਹਾਊਸ ਪੰਜ ਸਾਲ ਲਈ ਚੁਣਿਆ ਜਾਂਦਾ ਹੈ। ਵੈਸੇ ਪ੍ਰਧਾਨ ਮੰਤਰੀ ਜਾਂ ਮੰਤਰੀ ਸੈਨੇਟ ਵਿਚੋਂ ਵੀ ਹੋ ਸਕਦੇ ਹਨ।

**ਕੈਨੇਡਾ ਅਤੇ ਬਾਕੀ ਦੁਨੀਆ** : ਕੈਨੇਡਾ ਦੁਨੀਆ ਦੇ ਸ਼ਕਤੀ ਪੱਲੜ ਵਿਚ ਕੋਈ ਬਹੁਤੀ ਅਹਿਮੀਅਤ ਨਹੀਂ ਰੱਖਦਾ। ਇਸ ਦੇ ਕਈ ਕਾਰਨ ਹਨ। ਆਬਾਦੀ ਬੜੀ ਘੱਟ ਹੈ ਇਸ ਲਈ ਵੱਡੀ ਵਪਾਰਕ ਮੰਡੀ ਨਹੀਂ ਹੁੰਦੀ। ਸਥਿਤੀ ਦੁਨੀਆ ਦਾ ਇਕ ਸਿਰਾ ਹੈ। ਸਨਅਤੀ ਤੌਰ 'ਤੇ ਵੀ ਕੋਈ ਵੱਡੀ ਅਹਿਮੀਅਤ ਨਹੀਂ। ਇਸ ਦੇ ਪਾਸਕੂ ਕੋਲ ਦਾ ਸਭ ਤੋਂ ਵੱਡਾ ਕਾਰਨ ਇਸ ਦਾ ਅਮਰੀਕਾ ਵਰਗੀ ਮਹਾਂਸ਼ਕਤੀ ਦਾ ਪਿਛਲੱਗਪੁਣਾ ਹੈ। ਸਟੀਫ਼ਨ ਹਾਰਪਰ ਨੇ ਤਾਂ ਇਸ ਨੂੰ ਅਮਰੀਕਾ ਦੀ ਇਕ ਬਸਤੀ ਦਾ ਹੀ ਰੂਪ ਦੇ ਰੱਖਿਆ ਹੈ। ਭਾਵੇਂ ਵਿਸ਼ਵ ਪੱਧਰ 'ਤੇ ਕੈਨੇਡਾ ਦੀ ਬਹੁਤੀ ਵੁਕਤ ਨਹੀਂ ਫਿਰ ਵੀ ਇਹ ਅੰਦਾਜਨ 60 ਕੁ ਵਿਸ਼ਵ ਸੰਸਥਾਵਾਂ ਦਾ ਮੈਂਬਰ ਹੈ। ਯੂ. ਐਨ. ਓ., ਯੂਨੈਸਕੋ, ਆਈ. ਐਮ. ਐਫ਼. ਸੰਸਾਰ ਬੈਂਕ, ਨੈਟੋ, ਨਾਫ਼ਤਾ ਆਦਿ। ਇਨ੍ਹਾਂ ਸਾਰਿਆਂ ਵਿਚ ਇਹ ਅਮਰੀਕਾ ਦੀ ਵੋਟ ਹੈ। ਇਸ ਤਰ੍ਹਾਂ ਇਹ ਅਮਰੀਕਾ ਦਾ ਰਾਜਨੀਤਕ ਦੱਬੂ ਹੈ। ਅਮਰੀਕਾ ਇਸਨੂੰ ਆਰਕਟਿਕ ਖੇਤਰ ਦੇ ਬਰਫ਼ੀਲੇ ਇਲਾਕੇ ਵਿਚ ਰੂਸ ਨਾਲ ਉਲਝਾਉਣ ਲਈ ਯਤਨਸ਼ੀਲ ਹੈ।

**ਵਿਧੀ ਵਿਧਾਨ** : ਕੈਨੇਡਾ ਦਾ ਹਰ ਬਾਲਗ ਸ਼ਹਿਰੀ ਵੋਟ ਦਾ ਹੱਕ ਰੱਖਦਾ ਹੈ ਅਤੇ ਆਮ ਵੀ ਚੋਣ ਲੜ ਸਕਦਾ ਹੈ। ਇਥੋਂ ਦਾ ਪੂਰਾ ਵਿਧੀ ਵਿਧਾਨ ਆਮ ਕਰਕੇ ਇੰਗਲੈਂਡ ਦੀ ਤਰਜ਼ ਦਾ ਹੈ। ਹਾਊਸ ਆਫ਼ ਕਾਮਨਜ਼ ਦਾ ਬਹੁਤਾ ਕੰਮਕਾਜ ਇਸ ਦੀਆਂ ਗਠਿਤ ਕਮੇਟੀਆਂ ਰਾਹੀਂ ਹੀ ਹੁੰਦਾ ਹੈ। ਹਾਊਸ ਦਾ ਸਪੀਕਰ ਕੁੱਲ ਮੈਂਬਰਾਂ ਦੁਆਰਾ ਚੁਣਿਆ ਜਾਂਦਾ ਹੈ। ਕਮੇਟੀਆਂ ਵਿਚ ਵੀ ਪਾਰਟੀਆਂ ਨੂੰ ਵੋਟ ਦੀ ਅਨੁਪਾਤਕ ਵਿਧੀ ਦੁਆਰਾ ਨੁਮਾਇੰਦਗੀ ਦਿੱਤੀ ਜਾਂਦੀ ਹੈ। ਸੱਤਾਧਾਰੀ ਪਾਰਟੀ ਤੋਂ ਦੂਜੇ ਨੰਬਰ 'ਤੇ ਰਹੀ ਪਾਰਟੀ ਨੂੰ ਵਿਰੋਧੀ ਧਿਰ ਦਾ ਦਰਜਾ ਮਿਲਦਾ ਹੈ।

**ਕੈਨੇਡਾ ਦਾ ਪਾਰਟੀ ਸਿਸਟਮ** : ਕੈਨੇਡਾ ਦੀ ਰਾਜਨੀਤੀ ਬਹੁ-ਪਾਰਟੀ ਆਧਾਰਤ ਹੈ। ਪਹਿਲਾਂ ਦੱਸੇ ਅਨੁਸਾਰ ਲਗਪਗ ਵੀਹ ਪਾਰਟੀਆਂ 2015 ਦੇ ਚੋਣ ਮੈਦਾਨ ਵਿਚ ਹਨ। ਸਿਰੇ ਦੀਆਂ ਸੱਜੀਆਂ ਪਾਰਟੀਆਂ ਅਤੇ ਇਮੀਗਰੇਸ਼ਨ ਅਤੇ ਨਸਲਪ੍ਰਸਤ ਪਾਰਟੀਆਂ ਤੋਂ ਲੈ ਕੇ ਕਮਿਊਨਿਸਟ ਪਾਰਟੀ ਤੱਕ ਕਈ ਰੰਗਾਂ ਦੀਆਂ ਪਾਰਟੀਆਂ ਹਨ। 2011 ਤੱਕ ਲਿਬਰਲ ਪਾਰਟੀ ਵਿਰੋਧੀ ਧਿਰ ਸੀ ਪਰ 2011 ਦੀਆਂ 41ਵੀਆਂ ਚੋਣਾਂ ਵਿਚ ਇਸ ਤੋਂ ਇਹ ਸੱਤਾ ਐਨ.ਡੀ.ਪੀ. ਨੇ ਖੋਹ ਲਈ ਹੈ। ਇਸ ਦਾ ਵੱਡਾ ਕਾਰਨ ਲਿਬਰਲਾ ਵਲੋਂ ਬਹੁਤ ਸਾਰੇ ਵਿਵਾਦਤ ਮੁੱਦਿਆਂ 'ਤੇ ਕੰਜ਼ਰਵੇਟਿਵਾਂ ਦੀ ਹਮਾਇਤ ਕਰਨ ਦਾ ਸੀ।

**ਚੋਣਾਂ ਦੇ ਮੁੱਦੇ** : ਵਿਵਾਦਤ ਮੁੱਦਿਆਂ ਵਿਚ ਪ੍ਰਮੁੱਖ ਕਾਰਨ ਓਂਟਾਰੀਓ ਦੇ ਸਨਅਤੀ ਮਜ਼ਦੂਰਾਂ ਦੇ ਹੱਕੀ ਘੋਲਾਂ ਨੂੰ ਕੁਚਲਣਾ ਸੀ। ਇਸ ਤੋਂ ਬਿਨਾਂ ਵੱਡੇ ਸਰਮਾਏਦਾਰਾਂ ਨੂੰ ਜਿਨ੍ਹਾਂ ਦੀਆਂ ਅਸਲ ਜੜ੍ਹਾਂ ਅਮਰੀਕਾ ਵਿਚ ਹਨ, ਨੂੰ ਦਿੱਤੀਆਂ ਟੈਕਸ ਛੋਟਾਂ ਇਨ। ਉਨ੍ਹਾਂ ਨੂੰ ਛੋਟਾਂ ਦੇ ਕੇ ਉਹੀ ਬੋਝ ਮੱਧ ਵਰਗ ਅਤੇ ਗਰੀਬਾਂ 'ਤੇ ਪਾ ਦਿੱਤਾ ਗਿਆ। ਸਰਕਾਰੀ ਖੇਤਰ ਦੇ ਅਦਾਰਿਆਂ ਅਤੇ ਸੇਵਾਵਾਂ ਜਿਵੇਂ, ਸਿੱਖਿਆ, ਸਿਹਤ, ਆਵਾਜਾਈ, ਸੀਨੀਅਰ ਸੰਭਾਲ ਅਤੇ ਵਿਸ਼ੇਸ਼ ਲੋੜਾਂ ਦਾ ਵਰਗ, ਬੀਮਾ ਨੀਤੀਆਂ ਮਹਿੰਗੀਆਂ ਕਰਨੀਆਂ ਸ਼ਾਮਲ ਹਨ।

ਸਭ ਤੋਂ ਵੱਡਾ ਮੁੱਦਾ ਕੈਨੇਡਾ ਦਾ ਨੈਟੋ ਅਤੇ ਅਮਰੀਕਾ ਦੇ ਦਰਸਾ ਕਾਰਨ ਵਿਸ਼ਵ ਪੱਧਰ 'ਤੇ ਸਰਮਾਏਦਾਰੀ ਹਮਲਿਆਂ ਵਿਚ ਹਿੱਸੇਦਾਰੀ ਕਰਨੀ ਜਿਵੇਂ ਅਫ਼ਗਾਨਸਤਾਨ, ਇਰਾਕ, ਲੀਬੀਆ, ਸੀਰੀਆ ਆਦਿ ਵਿਚ। ਇਰਾਨ ਵਿਚ ਵੀ ਪ੍ਰਮਾਣੂ ਹਥਿਆਰਾਂ ਅਤੇ ਵਪਾਰਕ ਨਾਕੇਬੰਦੀ ਅਤੇ ਫਲਸਤੀਨ-ਇਜ਼ਰਾਈਲ ਝਗੜੇ ਵਿਚ ਸਾਜ਼ਿਸ਼ੀ ਚੁੱਪੀ ਵੀ ਮੁੱਦੇ ਹਨ। ਇਹ ਮੁੱਦੇ ਕੈਨੇਡਾ ਵਾਸਤੇ ਮਹਿੰਗੇ ਸਾਬਤ ਹੋ ਰਹੇ ਹਨ। ਇਨ੍ਹਾਂ ਵਿਚੋਂ ਕੈਨੇਡਾ ਨੇ ਖੱਟਿਆ ਵੀ ਕੁਝ ਨਹੀਂ ਗੁਆਇਆ ਹੀ ਹੈ।

ਇਸ ਕਰਕੇ ਜਿਹੜੀ ਵੀ ਪਾਰਟੀ ਉਕਤ ਮੁੱਦਿਆਂ ਬਾਰੇ ਉਲਟ ਦਿਸ਼ਾਵੀ ਨੀਤੀਆਂ, 2015 ਦੀਆਂ ਆ ਰਹੀਆਂ ਚੋਣਾਂ ਵਿਚ ਲੋਕਾਂ ਸਾਹਮਣੇ ਰੱਖੇਗੀ, ਉਹ ਹੀ ਜਿੱਤ ਦੀ ਆਸ ਰੱਖ ਸਕਦੀ ਹੈ। ਦੋ ਹੋਰ ਮੁੱਦੇ ਨਸਲੀ ਭੇਦਭਾਵ ਅਤੇ ਅ-ਪਾਰਦਰਸ਼ੀ ਇਮੀਗਰੇਸ਼ਨ ਨੀਤੀ ਜੋ ਸਰਕਾਰ ਵਲੋਂ ਬਦਲੀ ਗਈ ਹੈ ਜਿਸ ਅਨੁਸਾਰ ਪਹਿਲਾਂ ਵਾਲਾ ਵਿਧਾਨ ਉਲਟ ਕੇ ਔਖਾ ਅਤੇ ਮਨਮਰਜ਼ੀ ਵਾਲਾ ਕਰ ਦਿੱਤਾ ਗਿਆ ਹੈ, ਵੀ ਵੱਡੇ ਮੁੱਦੇ ਹਨ। ਸਿਤਮ ਜ਼ਰੀਫ਼ੀ ਇਹ ਹੈ ਕਿ ਪੰਜਾਬੀਆਂ ਦੇ ਚੋਣਾਂ ਲੜ ਰਹੇ ਲੋਕ ਇਨ੍ਹਾਂ ਮੁੱਦਿਆਂ ਦੀ ਬਜਾਏ, ਆਪੋ ਆਪਣੀਆਂ ਪਾਰਟੀਆਂ ਦੀ ਹੀ ਬੋਲੀ ਬੋਲ ਰਹੇ ਹਨ। ਸਿਰਫ਼ ਤੇ ਸਿਰਫ਼ ਖੱਬੇ ਪੱਖੀ ਉਮੀਦਵਾਰ ਹੀ ਇਨ੍ਹਾਂ ਦੋਸ਼ਾਂ 'ਤੇ ਉਂਗਲ ਰੱਖ ਰਹੇ ਹਨ।

ਕਨੇਡੀਅਨ ਜੰਮਪਲ ਨੌਜਵਾਨ ਖਦਰ ਕਿੰਨੇ ਸਾਲ ਬਿਨਾਂ ਵਜ੍ਹਾ ਅਮਰੀਕਾ ਦੀਆਂ ਜੇਲ੍ਹਾਂ ਵਿਚ ਸੜਦਾ ਰਿਹਾ, ਪਰ ਉਸਦੀ ਸਰਕਾਰ ਨੇ ਬਾਤ ਨਹੀਂ ਪੁੱਛੀ। ਆਖਰਕਾਰ ਕੋਰਟ ਕੇਸ ਹੋਣ 'ਤੇ ਹੀ ਸਰਕਾਰ ਹਰਕਤ ਵਿਚ ਆਈ।

ਕੈਨੇਡੀਅਨ ਸ਼ਹਿਰੀ ਸੰਸਾਰਕ ਪੱਧਰ 'ਤੇ ਵਾਪਰ ਰਹੀ ਵਾਤਾਵਰਣਕ ਤਬਦੀਲੀ ਤੋਂ ਵੀ ਚਿੰਤਤ ਹਨ। ਕੈਨੇਡਾ ਧੁਰ ਉਤਰ ਵਿਚ ਹੋਣ ਕਾਰਨ ਵਧੀ ਤਪਸ਼ ਦਾ ਅਸਰ ਸਭ ਤੋਂ ਪਹਿਲਾਂ ਧਰੁਵੀ ਖੇਤਰਾਂ ਵਿਚ ਹੀ ਪੈ ਰਿਹਾ ਹੈ। ਇਸ ਕਰਕੇ ਕੈਨੇਡਾ ਇਸ ਬਿਪਤਾ ਵਿਚ ਫਸਣ ਹੀ ਵਾਲਾ ਹੈ। ਇਸ ਦੀ ਚਿੰਤਾ ਵੀ ਲੋਕਾਂ ਨੂੰ ਹੈ। ਜਿਹੜੀ ਉਹ ਇਨ੍ਹਾਂ ਚੋਣਾਂ ਵਿਚ ਜ਼ਾਹਿਰ ਕਰਨਗੇ।

**ਮੁੱਕਦੀ ਗੱਲ** : ਪਿਛਲੇ ਕੁਝ ਸਮੇਂ ਤੋਂ ਐਨ. ਡੀ. ਪੀ. ਨਵਿਆਂ ਖੇਤਰਾਂ ਵਿਚ ਆਪਣੇ ਖਾਤੇ ਖੋਲ੍ਹ ਰਹੀ ਹੈ। ਪੱਛਮੀ ਰਾਜਾਂ ਵਿਚ ਉਸਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਲੋਕਾਂ ਨੂੰ ਵੀ ਉਸ ਤੇ ਵੱਡੀਆਂ ਆਸਾਂ ਹਨ। ਸ਼ਾਇਦ 2015 ਵਿਚ ਉਹ ਕੇਂਦਰੀ ਸੱਤਾ 'ਤੇ ਕਾਬਜ਼ ਹੋ ਜਾਵੇ। ਪਰ ਵੱਡਾ ਸਵਾਲ ਇਹ ਹੈ ਕਿ ਕੀ ਉਹ ਓਂਟਾਰੀਓ ਅਤੇ ਕਿਊਬੈਕ ਵਿਚ ਵੀ ਬਿਲਰਲਾ ਨੂੰ ਪਛਾੜ ਸਕੇਗੀ। ਕੰਜ਼ਰਵੇਟਿਵਾਂ ਦੀ ਤਾਂ ਇਸ ਵਾਲਾ ਖੇਡ ਪੂੱਗ ਚੁੱਲੀ ਲੱਗਦੀ ਹੈ। ਯੂਰਪ ਵਿਚੋਂ, ਇੰਗਲੈਂਡ ਵਿਚੋਂ ਇਹੀ ਸੰਦੇਸ਼ ਆ ਰਹੇ ਹਨ।

# ਭਾਰਤ ਦੇ ਅਣਸਾਵੇਂ ਵਿਕਾਸ ਦਾ ਸੰਕਟ ਤੇ ਰਾਖਵੇਂਕਰਨ ਦੀ ਸੌੜੀ ਰਾਜਨੀਤੀ



## ਨਰਭਿੰਦਰ

2002 ਤੋਂ ਪਿਛੋਂ ਗੁਜਰਾਤ ਇਕ ਵਾਰ ਫੇਰ ਦੰਗਿਆਂ ਦੀ ਲਪੇਟ 'ਚ ਆਇਆ ਹੈ। ਇਸ ਵਾਰੀ ਦੰਗੇ ਘੱਟ ਗਿਣਤੀ ਸਮੁਦਾਏ ਦੇ ਵਿਰੁੱਧ ਨਹੀਂ ਸਗੋਂ ਬਹੁਗਿਣਤੀ ਸਮੁਦਾਏ ਦੇ ਹੀ ਇਕ ਹਿੱਸੇ, ਜਿਸਦੀ ਇਹ ਮੰਗ ਕਿ ਉਹਨੂੰ ਪਛੜੇ ਵਰਗਾਂ 'ਚ ਸ਼ਾਮਲ ਕਰਕੇ ਰਿਜ਼ਰਵੇਸ਼ਨ ਦਿੱਤੀ ਜਾਵੇ, ਦੇ ਵਿਰੋਧ ਵਜੋਂ ਸਾਹਮਣੇ ਆਏ। ਜੇ 2002 'ਚ ਬਹੁਗਿਣਤੀ ਨੂੰ ਇਹ ਸਮਝਾ ਦਿੱਤਾ ਗਿਆ ਸੀ ਕਿ ਹਿੰਸਾ, ਲੋਕਤੰਤਰ ਵਿਚ ਵੀ ਸੱਤਾ ਹਥਿਆਉਣ ਦਾ ਇਕ ਕਾਰਗਰ ਹਥਿਆਰ ਹੈ ਅਤੇ ਸੱਤਾਧਾਰੀਆਂ ਨੇ ਇਹ ਵੀ ਵਿਖਾ ਦਿੱਤਾ ਕਿ ਹਿੰਸਾ ਨੂੰ ਇੱਛਾ ਅਨੁਸਾਰ ਲੋੜ ਪੈਣ 'ਤੇ ਰੋਕ ਵੀ ਸਕਦੇ ਹਨ। ਕੁੱਲ ਮਿਲਾ ਕੇ ਹਾਕਮ ਜਮਾਤਾਂ ਅੰਦਰ ਹੀ ਹਿੰਸਾ ਦੀ ਰਾਜਨੀਤੀ ਮੂੰਹ ਚੜ੍ਹ ਬੋਲ ਰਹੀ ਹੈ।

ਸੱਤਾ ਦੇ ਪਾਟੀਦਾਰਾਂ (ਪਟੇਲਾਂ) ਭਾਵ ਹਿੱਸੇਦਾਰਾਂ ਦੇ ਅੰਦੋਲਨ ਨੂੰ ਰੋਕਣ ਲਈ ਜਿਵੇਂ ਸੱਤਾ ਨੇ ਦਮਨ ਕੀਤਾ ਹੈ, ਉਸ ਦੇ ਉਲਟ ਕਿ ਪਾਟੀਦਾਰ (ਭਾਈਵਾਲਾਂ) ਨੇ ਵੀ ਉਨ੍ਹਾਂ ਹੀ ਹਿੰਸਕ ਤਰੀਕੇ ਨਾਲ ਜਵਾਬ ਦਿੱਤਾ। ਉਹ ਰਾਜ ਜਿਹੜਾ 13 ਸਾਲ ਪਹਿਲਾਂ ਤਿੰਨ ਦਿਨ ਤੱਕ ਦੰਗਾ ਵੇਖਦਾ ਰਿਹਾ, ਉਸੇ ਰਾਜ ਨੇ ਅੱਠ ਘੰਟੇ ਦੇ ਅੰਦਰ ਅੰਦਰ ਫੌਜ ਬੁਲਾ ਕੇ ਅੱਧੇ ਰਾਜ ਨੂੰ ਫੌਜ ਹਵਾਲਾ ਕਰ ਦਿੱਤਾ।

ਪਟੇਲ ਸਮੁਦਾਏ ਗੁਜਰਾਤ ਦੀ ਆਬਾਦੀ ਦਾ 12 ਫੀਸਦੀ ਹੈ ਅਤੇ ਸਿਤਮ ਦੀ ਗੱਲ ਇਹ ਹੈ ਕਿ ਇਹ ਭਾਜਪਾ ਦਾ ਬਹੁਤ ਜ਼ਿਆਦਾ ਪ੍ਰੰਪਰਾਗਤ ਹਮਾਇਤੀ ਰਿਹਾ ਹੈ। ਰਾਜ ਦੇ ਮੁੱਖ ਮੰਤਰੀ ਦੀ ਕੁਰਸੀ ਵੀ ਪਟੇਲ ਕੋਲ ਹੈ ਅਤੇ ਅੱਧੀ ਦਰਜਨ ਤੋਂ ਵੱਧ ਮੰਤਰੀ ਮੰਡਲ ਵਿਚ ਵੀ ਪਟੇਲ ਬੈਠੇ ਨੇ ਇਹ ਸਾਧਨ ਸੰਪਨ ਸਮੁਦਾਏ ਜਾਣਿਆ ਜਾਂਦਾ ਹੈ। ਜਿਥੇ ਪਟੇਲ ਸਮੁਦਾਏ ਆਪਣੀ ਜਾਤੀ ਪ੍ਰਤੀਬੱਧਤਾ ਲਈ ਚਰਚਿਤ ਹੈ, ਉਥੇ 2002 ਦੇ ਮੁਸਲਿਮ ਵਿਰੋਧੀ ਦੰਗਿਆਂ ਦੀ ਅਗਵਾਈ ਵੀ ਪਟੇਲਾਂ ਦੇ ਹੱਥ ਹੋਣ ਦੀ ਚਰਚਾ ਰਹੀ ਹੈ। ਇਹ ਉਹੋ ਪਟੇਲ ਸਮੁਦਾਏ ਹੈ ਜਿਹੜਾ ਮੰਡਲ ਵਿਰੋਧੀ ਰਿਹਾ ਹੈ ਅਤੇ ਜਿਹਨੇ 1980 ਦੇ ਦਹਾਕੇ ਵਿਚ ਪਛੜੇ, ਦਲਿਤਾਂ ਅਤੇ ਸਵਰਨਾਂ ਦੀ ਤਾਕਤ ਨਾਲ ਸੱਤਾ 'ਚ ਆਏ ਮਾਘਵ ਸਿੰਘ ਸੋਲੰਕੀ ਵਰਗੇ ਮੁੱਖ ਮੰਤਰੀ ਨੂੰ ਠੁੱਸ ਕਰਕੇ ਰੱਖ ਦਿੱਤਾ ਸੀ। ਸੂਬੇ 'ਚ ਸੰਪਨ ਜ਼ਮੀਨੀ ਮਾਲਕੀ ਵਾਲਾ ਇਹ ਵਰਗ ਅੱਜ ਰਿਜ਼ਰਵੇਸ਼ਨ ਦੇ ਕੋਟੇ ਦੀ ਮੰਗ ਕਰ ਰਿਹਾ ਹੈ। ਗੁਜਰਾਤ ਦੇ 22 ਸਾਲਾ ਨੌਜਵਾਨ ਹਾਰਦਿਕ ਪਟੇਲ ਨੂੰ ਪਟੇਲ ਸਮੁਦਾਏ ਨੇ ਜਿਵੇਂ ਬੱਸਾਂ ਤੇ ਹੋਰ ਵਾਹਨ ਸਾੜ ਸਾੜ ਕੇ ਅਤੇ ਰੈਲੀਆਂ 'ਚ ਭੀੜ ਇਕੱਠੀ ਕਰਕੇ ਹਮਾਇਤ ਦਿੱਤੀ ਹੈ ਅਤੇ ਆਪਣੇ ਆਪ ਨੂੰ ਪਛੜਿਆ ਵਰਗ ਪ੍ਰਵਾਨ ਕਰਾਉਣ ਲਈ ਹਕੂਮਤ ਉਤੇ ਦਬਾਅ ਬਣਾਇਆ ਹੈ ।

ਇਸ ਅੰਦੋਲਨ ਨੇ 'ਸਭ ਦਾ ਸਾਥ ਸਭ ਦਾ ਵਿਕਾਸ' ਦੇ ਖ਼ੋਖਲੇ ਦਰਸ਼ਨ ਨੂੰ ਵੀ ਉਜਾਗਰ ਕਰ ਦਿੱਤਾ। ਗੁਜਰਾਤ ਜਿਸਨੂੰ ਮਾਡਲ ਬਣਾ ਕੇ ਪੇਸ਼ ਕੀਤਾ ਗਿਆ, ਉਥੋਂ ਹੀ ਰੁਜ਼ਗਾਰ ਵਿਹੂਣੇ ਵਿਕਾਸ ਦੇ ਖਿਲਾਫ਼ ਇਕ ਜ਼ੋਰਦਾਰ ਆਵਾਜ਼ ਸੁਣਾਈ ਦਿੱਤੀ। ਬੇਸ਼ੱਕ ਇਹ ਆਵਾਜ਼ ਸੱਤਾ ਦੇ ਪਾਟੀਦਾਰਾਂ (ਪਟੇਲਾਂ) ਵਲੋਂ ਹੋਰ ਪਛੜੀਆਂ ਜਾਤੀਆਂ 'ਚ ਪਟੇਲਾਂ ਨੂੰ ਸ਼ਾਮਲ ਦੀ ਮੰਗ ਜਾਂ ਫਿਰ ਜਾਤੀ ਆਧਾਰਤ ਰਾਖਵਾਂਕਰਨ ਖਤਮ ਕਰਨ ਦੇ ਨਾਅਰੇ ਹੇਠ ਆਈ । ਪਰ 25 ਅਗਸਤ (ਮੰਗਲਵਾਰ) ਨੂੰ ਗੁਜਰਾਤ ਦੇ ਸਭ ਕੋਨਿਆਂ 'ਚੋਂ ਆਏ ਪੰਜ ਲੱਖ ਤੋਂ ਵੱਧ ਪਾਟੀਦਾਰਾਂ ਨੇ 'ਜੈ ਸਰਦਾਰ', 'ਜੈ ਪਟੇਲ' ਜਾਂ 'ਜੈ ਪਾਟੀਦਾਰ' ਵਰਗੇ ਨਾਅਰਿਆਂ ਨਾਲ ਇਕ ਵੱਖਰੀ ਕਿਸਮ ਦਾ ਜਨੂੰਨ ਉਭਾਰ ਕੇ ਸਾਹਮਣੇ ਲਿਆਂਦਾ ਹੈ। ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ 1981 'ਚ ਰਾਖਾਂਵਾਕਰਨ ਦਾ ਵਿਰੋਧ ਕਰਨ ਵਾਲਾ ਪਟੇਲ ਸਮੁਦਾਏ ਹੀ ਪਹਿਲਾਂ ਸਮੁਦਾਏ ਸੀ ਅਤੇ 1985 ਵਿਚ ਵੀ ਹੋਰ ਪਛੜੇ ਵਰਗਾਂ ਦੇ ਰਿਜ਼ਰਵੇਸ਼ਨ ਦੇ ਵਿਰੋਧ ਵਿਚ ਹੀ ਇਹ ਸਮੁਦਾਏ ਸੀ। ਬੇਸ਼ੱਕ 1985 ਤੋਂ ਪਿਛੋਂ ਬੜੇ ਸ਼ਾਂਤਰਾਨਾ ਢੰਗ ਨਾਲ ਰਾਖਵਾਂਕਰਨ ਵਿਰੋਧੀ ਇਸ ਅੰਦੋਲਨ ਨੂੰ ਆਰ. ਐਸ. ਐਸ. ਵਿਸ਼ਵ ਹਿੰਦੂ ਪ੍ਰੀਸ਼ਦ ਤੇ ਹੋਰ ਕੱਟੜਪੰਥੀ ਤਾਕਤਾਂ ਨੇ ਬੜੀ ਚਲਾਕੀ ਤੇ ਹੁਸ਼ਿਆਰੀ ਨਾਲ ਦੂਸਰਾ ਮੋੜ ਦੇ ਕੇ ਮੁਸਲਿਮ ਵਿਰੋਧੀ ਅੰਦੋਲਨ 'ਚ ਤਬਦੀਲ ਕਰ ਦਿੱਤਾ ਸੀ। ਅਜੋਕੇ ਇਸ ਸੌੜੇ ਹਿੱਤਾਂ ਵਾਲੇ ਪਟੇਲਾਂ (ਪਾਟੀਦਾਰਾਂ) ਦੇ ਅੰਦਲਨ ਨੂੰ ਅਦਿਵਾਸੀ ਗੁਜਰਾਤੀਆਂ ਨੇ ਉਸੇ ਤਰ੍ਹਾਂ ਦਾ ਨੈਤਿਕ ਤੇ ਭੌਤਿਕ ਸਮਰਥਨ ਦਿੱਤਾ ਹੈ ਜਿਹੋ ਜਿਹਾ ਉਨ੍ਹਾਂ ਸੰਘ ਪਰਿਵਾਰ ਦੇ ਹਿੰਦੂਤਵੀ ਮੁਹਿੰਮ ਨੂੰ ਦਿੱਤਾ ਸੀ।

ਅਜੋਕੇ ਪਟੇਲਾਂ ਦੇ ਅੰਦੋਲਨ ਨੂੰ ਹਮਾਇਤ ਦੇਣ ਵਾਲੇ ਰਾਜ ਦੇ ਸੰਪਨ ਅਤੇ ਰਾਜ ਦਰਬਾਰ ਵਿਚ ਪੂਰੀ ਪੈਂਠ ਰੱਖਣ ਵਾਲੇ ਲੇਊਵਾ ਅਤੇ ਕਾਡਵਾ ਪਾਟੀਦਾਰ ਹੀ ਹਨ, ਜਿਹੜੇ ਰਾਜ ਦੀ ਜਨ ਸੰਖਿਆ ਵਿਚ 12 ਫੀਸਦੀ ਹਨ ਅਤੇ ਅਮੀਰ ਅਤੇ ਦਰਮਿਆਨੀ ਕਿਸਾਨੀ ਵਿਚ ਇਹ ਸਭ ਤੋਂ ਵੱਡਾ ਸਮੁਦਾਏ ਹੈ। ਇਹ ਉਹ ਵਰਗ ਹੈ ਜਿਹੜਾ 19ਵੀਂ ਸਦੀ ਦੀ ਆਖਰੀ ਚੌਥਾਈ ਤੋਂ ਹੀ ਸੰਪਨ ਪਾਟੀਦਾਰ ਵਰਗ, ਖੇਤੀ ਤੋਂ ਹੋਣ ਵਾਲੀ ਵਾਧੂ ਆਮਦਨ ਦਾ ਨਿਵੇਸ਼ ਵਪਾਰ ਵਣਜ ਅਤੇ ਉਦਯੋਗਾਂ ਭਾਵ ਦਸਤਕਾਰੀ ਤੇ ਹੋਰ ਕੰਮ ਧੰਦਿਆਂ 'ਚ ਕਰਦਾ ਰਿਹਾ ਹੈ। ਇਸ ਸਮੁਦਾਏ ਨੇ ਪਹਿਲ ਅਮਰੀਕਾ ਅਤੇ ਪਿਛੋਂ ਇੰਗਲੈਂਡ ਵੱਲ ਵੀ ਪ੍ਰਵਾਸ ਕੀਤਾ ਜਿਸ ਨਾਲ ਇਨ੍ਹਾਂ ਦੀ ਅਮੀਰੀ ਦੀ ਦਰ ਹੋਰਾਂ ਨਾਲੋਂ ਵਧੇਰੇ ਵਧੀ। ਕਹਿਣ ਦਾ ਮਤਲਬ ਇਹ ਕਿ ਇਹ ਇਕ ਆਦਰਸ਼ ਸਮੁਦਾਏ ਹੈ ਅਮੀਰੀ ਪੱਖੋਂ ਆਰਥਿਕ ਉਦੇਸ਼ਾਂ ਲਈ ਅਮਰੀਕਾ ਜਾਂ ਹੋਰ ਦੇਸ਼ਾਂ 'ਚ ਜਾਣ ਵਾਲੇ ਇਸ ਸਮੁਦਾਏ 'ਚ ਸਰਵਵਿਆਪਕ ਲਾਲਸਾਵਾਂ ਵੇਖੀਆਂ ਜਾ ਸਕਦੀਆਂ ਹਨ। ਗੁਜਰਾਤ ਦੇ ਸ਼ਹਿਰੀ ਇਲਾਕਿਆਂ ਵਿਚ ਸਥਾਪਤ ਪੇਸ਼ਾਵਾਰਨਾ ਅਤੇ ਕਾਰੋਬਾਰੀਆਂ ਨੂੰ ਛੱਡ ਕੇ ਬਹੁਗਿਣਤੀ ਲੋਕ ਮਾਨਸਿਕ ਜਾਂ ਸਰੀਰਕ ਕਿਰਤ ਕਰਨ ਵਾਲੇ ਕਰਮਚਾਰੀ ਹਨ ਜਾਂ ਫਿਰ ਸਵੈ-ਰੁਜ਼ਗਾਰ 'ਚ ਲੱਗੇ ਜਾਂ ਟੈਕਸਟਾਈਲ ਉਦਯੋਗ ਅਤੇ ਹੀਰਾ ਤਰਾਸ਼ਨ ਦੀ ਕਟਾਈ ਕਰਨ ਵਾਲੇ ਕਾਰਖਾਨਿਆਂ 'ਚ ਕੰਮ ਕਰਨ ਵਾਲੇ ਸਮਰਥ ਕਾਰੀਗਰ ਹਨ। ਦੁਨੀਆ ਦੇ ਹਰ ਦਸ ਹੀਰਿਆਂ 'ਚੋਂ ਅੱਠ ਦੀ ਕਟਾਈ ਤੇ ਤਰਾਸ਼ਨ ਦਾ ਕੰਮ ਗੁਜਰਾਤ ਦੇ ਸੂਰਤ ਤੇ ਹੇਠ ਸ਼ਹਿਰਾਂ ਵਿਚ ਹੀ ਹੁੰਦਾ ਹੈ।

ਹਾਲਤ ਇਹ ਕਿ ਉਦਯੋਗ ਭਾਵ ਹੀਰਾ ਉਦਯੋਗ ਪਿਛਲੇ ਕਈ ਮਹੀਨਿਆਂ ਤੋਂ ਗਹਿਰੇ ਸੰਕਟ ਵਿਚ ਹੈ। ਇਹਦੀਆਂ ਇਕਾਈਆਂ ਬੰਦ ਹੋ ਰਹੀਆਂ ਹਨ ਅਤੇ ਵੱਡੀ ਪੱਧਰ ਉਤੇ ਹੀਰਾ ਤਰਾਸ਼ ਕਾਰੀਗਰਾਂ ਦੀ ਛਾਂਟੀ ਹੋਈ ਹੈ ਜਿਸ ਦੇ ਸਿੱਟੇ ਵਜੋਂ ਪਾਟੀਦਾਰ (ਪਟੇਲ) ਸਮੁਦਾਏ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਅਤੇ ਇਹੋ ਹੀ ਬੇਚੈਨੀ ਕਿਸੇ ਹੋਰ ਕਾਰਨ ਰਾਹੀਂ ਬਾਹਰ ਆਈ ਹੈ। ਇਹੀ ਹਾਲ ਖੇਤੀ ਦਾ ਹੈ। ਬੇਸ਼ੱਕ ਗੁਜਰਾਤ ਵਿਚ ਖੇਤੀ ਵਿਕਾਸ ਦਰ 8 ਫੀਸਦੀ ਦਰ 'ਤੇ ਰਹੀ ਹੈ ਅਤੇ ਸਿੰਚਾਈ ਸਹੂਲਤਾਂ ਵੀ ਦੇਸ਼ ਮੁਕਾਬਲੇ ਚੰਗੀਆਂ ਹਨ, ਪਰ ਇਹ ਵਿਕਾਸ ਵੀ ਸਰਵਵਿਆਪਕ ਸਥਾਈ ਨਹੀਂ ਸੀ। ਅਣਸਾਵੇਂ ਵਿਕਾਸ ਵਿਚ ਦਰਮਿਆਨੇ ਤੇ ਛੋਟੇ ਕਿਸਾਨ ਪਿਛੇ ਰਹਿ ਗਏ। ਇਹਦਾ ਸਿੱਟਾ ਇਹ ਨਿਕਲਿਆ ਕਿ ਸੰਪਨ ਪਟੇਲ (ਪਾਈਦਾਰ) ਸਮੁਦਾਏ ਵਿਚ ਅੱਜ ਹਰ ਤੀਸਰਾ ਵਿਅਕਤੀ ਛੋਟਾ ਜਾਂ ਦਰਮਿਆਨਾ ਕਿਸਾਨ ਜਾਂ ਫਿਰ ਭੂਮੀਹੀਣ ਮਜ਼ਦੂਰ ਵਿਚ ਤਬਦੀਲ ਹੋ ਗਿਆ ਹੈ। ਉੱਚੀਆਂ ਖਾਹਿਸ਼ਾਂ ਅਤੇ ਆਰਥਿਕ ਘਟਸਾਵੇਂ ਮਨ ਕਾਰਨ ਹੇਠਲੀ ਆਰਥਿਕ ਪੁਜੀਸ਼ਨ ਇਹ ਤਣਾਅ ਭਰੀ ਜ਼ਿੰਦਗੀ ਦੀ ਹਕੀਕਤ ਵੀ ਬੇਚੈਨੀ ਦਾ ਕਾਰਨ ਬਣੀ ਹੈ। ਦੇਸ਼ ਦੇ ਹੋਰਾਂ ਕਿਸਾਨਾਂ ਵਾਂਗੂੰ ਇਹ ਸਮੁਦਾਏ ਵਿਚ ਵੀ ਖੁਦਕਸ਼ੀ ਦਾ ਰੁਝਾਨ ਪ੍ਰਬਲ ਹੋਇਆ ਹੈ। ਹਾਰਦਿਕ ਪਟੇਲ (ਲਹਿਰ ਦਾ ਆਗੂ) ਨੇ ਇਸ ਖੁਦਕਸ਼ੀਆਂ ਦੇ ਮਾਮਲੇ ਵਿਚ ਵੀ ਆਵਾਜ਼ ਉਠਾਈ ਜਿਸ 'ਚੋਂ ਉਹਨੂੰ ਪਟੇਲ ਸਮੁਦਾਏ ਦੀ ਹਮਾਇਤ ਮਿਲੀ। ਸੋ ਪਟੇਲ ਅੰਦੋਲਨ ਦੀ ਜਨਮ ਭੂਮੀ ਉਹ ਅਣਸਾਵਾਂ ਅਤੇ ਖੋਹਖਿੰਡ ਵਾਲਾ ਪੂੰਜੀਵਾਦੀ ਵਿਕਾਸ ਹੈ ਜਿਹਨੇ ਸਖ਼ਤ ਮਿਹਨਤ ਕਰਨ ਵਾਲੇ ਛੋਟੇ ਉਦਮੀਆਂ ਕਾਰੋਬਾਰੀਆਂ ਕਿਸਾਨਾਂ ਤੇ ਹੋਰ ਕਿੱਤਿਆਂ ਨੂੰ (ਹੜੱਪ) ਨਿਗਲ ਲਿਆ ਹੈ। ਭਾਵ ਹਰ ਖੇਤਰ ਵਿਚ ਛੋਟੀ ਪੂੰਜੀ ਨੂੰ ਵੱਡੀ ਹੜਪ ਰਹੀ ਹੈ। ਜਿਵੇਂ ਅਸੀਂ ਪਿਛੇ ਦੱਸਿਆ ਸੀ ਕਿ ਜਿਹੜਾ ਪਟੇਲ ਸਮੁਦਾਏ ਨੌਕਰੀਆਂ 'ਚ ਰਾਖਵੇਂਕਰਨ ਦੀ ਮੰਗ ਲੈ ਕੇ ਸੜਕਾਂ ਉਤੇ ਹੈ, ਉਸੇ ਸਮੁਦਾਏ ਦਾ ਗੁਜਰਾਤ ਰਾਜ ਦਾ ਮੁੱਖ ਮੰਤਰੀ ਹੈ, ਭਾਜਪਾ ਦਾ ਪ੍ਰਦੇਸ਼ ਪ੍ਰਧਾਨ ਪਟੇਲ ਹੈ, ਸੱਤ ਮੰਤਰੀ ਪਟੇਲ ਹਨ, ਅੱਧਾ ਦਰਜਨ ਲੋਕ ਸਭਾ ਮੈਂਬਰ ਅਤੇ ਤਿੰਨ ਦਰਜਨ ਵਿਧਾਨ ਸਭਾ ਮੈਂਬਰ ਹਨ ਜਿਹੜੇ ਬਿਨਾਂ ਕਿਸੇ ਕਾਨੂੰਨੀ ਰਾਖਵਾਂਕਰਨ ਦੇ ਬਣੇ ਬੈਠੇ ਹਨ। ਦਰਅਸਲ ਪੂੰਜੀ ਦੇ ਇਸ ਅਣਸਾਵੇਂ ਅਤੇ ਦੂਜੇ ਨੂੰ ਲਤਾੜ ਕੇ ਅੱਗੇ ਲੰਘਣ ਵਾਲੇ ਪੂੰਜੀ ਵਿਕਾਸ ਮਾਡਲ ਨੇ ਭਾਰਤ ਦੇ ਹਰ ਪਛੜੇ ਸਮੁਦਾਏ ਹੀ ਨਹੀਂ ਸੰਪਨ ਸਮੁਦਾਇਆਂ ਵਿਚ ਵੀ ਇਕ ਵਿਸ਼ੇਸ਼ ਕਿਸਮ ਦੀ ਭਾਵਨਾ ਨੂੰ ਉਤੇਜਿਤ ਤੇ ਤੇਜ਼ ਕੀਤਾ ਹੈ ।ਲੱਠ ਮਾਰ ਵੰਨਗੀ ਜਿਹੜੀ ਜਨੂੰਨ ਦੀ ਪੱਧਰ ਉਤੇ ਹੈ ਅਤੇ ਜਿਹਨੂੰ ਉਪਰਲੀ ਮਲਾਈਦਾਰ ਪਰਤ ਬੜੀ ਚਲਾਕ ਨਾਲ ਰਾਜਨੀਤੀ ਪ੍ਰੈਸ਼ਰ ਗਰੁੱਪ ਅਤੇ ਆਪਣੀ ਰਾਜਸੀ ਪੁੱਗਤ ਦੀ ਪੈਂਠ ਬਣਾ ਕੇ ਰੱਖਦੀ ਹੈ। ਪਟੇਲ ਸਮੁਦਾਏ ਬੇਸ਼ੱਕ ਵਰਣ ਵਿਵਸਥਾ ਦੇ ਲਿਹਾਜ਼ ਨਾਲ ਇਹ ਸੂਦਰਾਂ ਦੇ ਨੇੜੇ ਕਿਉਂ ਨਾ ਹੋਵੇ ਪਰ ਸਮਾਜਿਕ ਤੇ ਰਾਜਨੀਤਕ ਪਹੁੰਚ ਦੇ ਲਿਹਾਜ ਇਹ ਇਕ ਦੋ ਸਦੀਆਂ ਤੋਂ ਸੰਪਨ ਤੇ ਦਬੰਗ ਵਰਗਾਂ ਵਾਲਾ ਰਵੱਈਆ ਅਤੇ ਰੁਤਬਾ (ਸਥਾਨ) ਰੱਖਦੇ ਹਨ। ਜਿਵੇਂ ਅਸੀਂ ਕਹਿ ਰਹੇ ਸੀ ਕਿ ਪਟੇਲ ਵਰਗ ਦੇ ਉਹ ਹਿੱਸੇ ਜਿਹੜੇ ਪੂੰਜੀ ਦੇ ਅੰਨੇ ਵਿਕਾਸ ਦੀ ਲਤਾੜ ਵਿਚ ਆਏ ਉਨ੍ਹਾਂ 'ਚ ਪੇਂਡੂ ਖੇਤਰ ਦੇ ਵਰਗਾਂ ਨੇ ਆਲੇ ਦੁਆਲੇ ਦੇ ਸ਼ਹਿਰੀ ਇਲਾਕਿਆਂ ਵਿਚ ਖੇਤੀ ਤੋਂ ਛੁੱਟ ਹੋਰ ਧੰਦਿਆਂ 'ਚ ਰੁਜ਼ਗਾਰ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਕਿ ਉਹ ਸ਼ਹਿਰੀ ਮੱਧ ਵਰਗ ਦਾ ਹਿੱਸਾ ਬਣ ਸਕਣ। ਪਰ ਸ਼ਹਿਰੀ ਵਿਕਾਸ ਦਰ ਜਿਥੇ ਹਰ ਕਾਰੋਬਾਰ ਨੂੰ ਵੱਡੀ ਕਾਰਪੋਰੇਟੀ ਪੂੰਜੀ ਨੇ ਪ੍ਰਭਾਵਿਤ ਕੀਤਾ, ਨੇ ਉਨ੍ਹਾਂ ਦੀਆਂ ਖਾਹਿਸ਼ਾਂ ਤੇ ਉਮੀਦਾਂ ਨੂੰ ਬੂਰ ਪਾਉਣ ਦੀ ਥਾਂ ਮਸਲਕੇ ਰੱਖ ਦਿੱਤਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਜਰਾਤ ਵਿਚ ਆਰਥਿਕ ਵਿਕਾਸ ਵਿਸ਼ੇਸ਼ ਕਰਕੇ ਮੁਢਲੇ ਨਿਰਮਾਣ ਦੇ ਰੂਪ ਵਿਚ ਦੂਸਰੇ ਰਾਜਾਂ ਦੇ ਮੁਕਾਬਲੇ ਵਧੇਰੇ ਹੈ ਪਰ ਜਿਹੜਾ ਰੁਜ਼ਗਾਰ ਮਿਲ ਰਿਹਾ ਹੈ, ਉਹ ਗੁਣਵੰਤਤਾ ਪੱਖੋਂ ਨੌਜਵਾਨਾਂ ਦੀਆਂ ਉਮੀਦਾਂ ਉਤੇ ਖਰਾ ਨਹੀਂ ਉਤਰਦਾ। ਭਾਵ ਇਹ ਕਿ ਜਿਵੇਂ ਅੰਮ੍ਰਿਤਸਰ, ਗੁਰਦਾਸਪੁਰ ਦੇ ਜਾਂ ਪੰਜਾਬ ਦੇ ਹੀ ਜੱਟਾਂ ਦੇ ਮੁੰਡਿਆਂ ਨੂੰ ਕਿਸੇ ਫੈਕਟਰੀ ਚ ਦਿਹਾੜੀ ਜਾਣਾ ਪਵੇ ਤਾਂ ਉਹ ਹਜ਼ਮ ਨਹੀਂ ਹੁੰਦਾ। ਇਹੋ ਹਾਲ ਪਟੇਲਾਂ ਦੇ ਨੌਜਵਾਨਾਂ ਦੀ ਹੈ। ਭਾਵ ਗੁਜਰਾਤ ਵਿਚ ਰੁਜ਼ਗਾਰ ਦੇ ਮੌਕੇ ਗੈਰ ਜਥੇਬੰਦਕ ਖੇਤਰਾਂ ਵਿਚ ਹਨ, ਜਿਥੇ ਸਮਾਜਿਕ ਸੁਰੱਖਿਆ ਬਿਲਕੁਲ ਨਹੀਂ। ਗੁਜਰਾਤ ਵਿਚ ਮਜ਼ਦੂਰੀ ਦੀ ਦਰ ਵੀ ਬਾਕੀ ਸੂਬਿਆਂ ਨਾਲੋਂ ਘੱਟ ਹੈ ਜਿਸ ਨਾਲ ਇਕ ਵਿਸ਼ੇਸ਼ ਸਮਾਜਿਕ ਰੁਤਬੇ ਵਾਲੇ ਸਮੁਦਾਏ ਦਾ ਜੀਵਨ ਨਿਰਬਾਹ ਅਸੰਭਵ ਹੈ। ਸੰਗਠਿਤ ਖੇਤਰ ਵਿਚ ਰੁਜ਼ਗਾਰ ਵਧੇਰੇ ਅਸਥਾਈ ਅਤੇ ਠੇਕੇ ਉੱਤੇ ਹਨ। ਸੋ ਜ਼ਿਆਦਾਤਰ ਸੰਪਨ ਸਮੁਦਾਏ ਦੇ ਨੌਜਵਾਨਾਂ ਲਈ ਭਵਿੱਖ ਦੀ ਚਿੰਤਾ ਸਤਾਉਂਦੀ ਹੈ। ਸੋ ਸੰਪਨ ਸਮੁਦਾਏ ਦੇ ਇਹ ਨੌਜਵਾਨ ਜਿਵੇਂ ਗੁਜਰਾਤ ਦੇ ਪਟੇਲ ਸਰਕਾਰੀ ਨੌਕਰੀ ਨੂੰ ਹੀ ਇਕੋ ਇਕ ਸੁਰੱਖਿਅਤ ਅਤੇ ਸਨਮਾਨਜਨਕ ਰੁਜ਼ਗਾਰ ਵਜੋਂ ਵੇਖਦੇ ਹਨ ਜਿਸ ਦੇ ਉਹ ਕਾਬਿਲ ਵੀ ਹਨ ਅਤੇ ਜੋ ਉਨ੍ਹਾਂ ਨੂੰ ਉਪਲਬਧ ਹੋਣਾ ਚਾਹੀਦਾ ਹੈ ਪਰ ਪਿਛਲੇਰੇ ਦਹਾਕਿਆਂ ਦੇ ਉਦਾਰੀਕਰਨ ਨਿੱਜੀਕਰਨ ਦੇ ਦੌਰ ਨੇ ਸਰਕਾਰੀ ਸਥਾਈ ਰੁਜ਼ਗਾਰ ਬਹੁਤ ਸੀਮਤ ਕਰ ਦਿੱਤੇ ਹਨ। ਹਰ ਰਾਜ ਸਰਕਾਰ ਉਨ੍ਹਾਂ ਖਾਲੀ ਅਸਾਮੀਆਂ ਨੂੰ ਵੀ ਨਹੀਂ ਭਰ ਰਹੀ, ਜਿਥੇ ਕਿ ਭਰਤੀ ਕੀਤੀ ਜਾ ਸਕਦੀ ਹੈ। ਇਹ ਨੌਜਵਾਨ ਜਿਹੜੇ ਸਿੱਧੇ ਇਨ੍ਹਾਂ ਨੌਕਰੀਆਂ ਨੂੰ ਹਾਸਲ ਕਰਨ ਦੀ ਲਲਕ 'ਚ ਹਨ, ਲਈ ਹਕੂਮਤ ਵਲੋਂ ਲੜਾਈ ਸੇਧਤ ਕਰਨ ਦੀ ਥਾਂ ਉਸ ਗਲਤ ਦਿਸ਼ਾ ਵਲ ਸੇਧਤ ਕਰ ਰਹੇ ਹਨ ਜਿਥੇ ਵੱਖ-ਵੱਖ ਸਮੁਦਾਇਆਂ ਵਿਚ ਤਣਾਅ ਤੇ ਨਫ਼ਰਤ ਵਧਦੀ ਹੈ। ਇਨ੍ਹਾਂ ਸੰਪਨ ਸਮੁਦਾਇਆਂ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਇੰਝ ਲਗਦਾ ਹੈ ਕਿ ਜਿਵੇਂ ਉਨ੍ਹਾਂ ਦਾ ਹਿੱਸਾ ਹੇਠਲੇ ਵਰਗਾਂ ਲੋਕ ਨਿਗਲ ਰਹੇ ਹਨ ਜਦੋਂਕਿ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਦੀ ਜ਼ਿੰਮੇਵਾਰੀ ਹਕੂਮਤ ਅਤੇ ਉਸ ਵਿਵਸਥਾ ਦੀ ਹੈ ਜਿਹੜੀ ਰੁਜ਼ਗਾਰ ਦੇ ਵਿਸ਼ਾਲ (ਆਧਾਰ) ਖੇਤਰ ਨਹੀਂ ਤਲਾਸ਼ ਰਹੀ। ਸਗੋਂ ਪਹਿਲੇ ਰੁਜ਼ਗਾਰ ਦੀਆਂ ਅਸਾਮੀਆਂ ਨੂੰ ਵੀ ਸੰਗੋੜ ਰਹੀ ਹੈ।

ਉਮੀਦਾਂ, ਖਾਹਿਸ਼ਾਂ ਅਤੇ ਲਾਲਸਾਵਾਂ ਨਾਲ ਉਤਪੋਤ ਇਹ ਨੌਜਵਾਨ ਪ੍ਰੋਫੈਸ਼ਨਲ ਕਾਲਜਾਂ, ਮੈਡੀਕਲ ਜਾਂ ਸੂਚਨਾ, ਸੰਚਾਰ ਆਦਿ ਤਕਨੀਕ ਦੇ ਖੇਤਰ ਦੀਆਂ ਸੰਸਥਾਵਾਂ ਹਾਸਲ ਕਰ ਸਕਣ ਅਤੇ ਸਮਾਜਿਕ ਮਾਣ ਮਰਿਆਦਾਂ ਅਤੇ ਸੰਪਤੀ ਦੀ ਪੂਰਤੀ ਕਰ ਸਕਣ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਉਨ੍ਹਾਂ ਤੋਂ ਘੱਟ ਨੰਬਰਾਂ ਵਾਲੇ 'ਲੋਕ' ਉਨ੍ਹਾਂ ਦੀਆਂ ਸੀਟਾਂ ਲੈ ਜਾਂਦੇ ਹਨ ਅਤੇ ਉਨ੍ਹਾਂ ਨੂੰ ਵਧ ਫੀਸਾਂ ਦੇ ਕੇ ਪ੍ਰਾਈਵੇਟ ਕਾਲਜਾਂ ਵਿਚ ਦਾਖਲਾ ਲੈਣਾ ਪੈਂਦਾ ਹੈ ਕਿਉਂਕਿ ਸਰਕਾਰੀ ਕਾਲਜਾਂ ਦੇ ਦਰਵਾਜ਼ੇ ਉਨ੍ਹਾਂ ਲਈ ਬੰਦ ਹਨ। ਹਕੀਕਤ ਇਹ ਹੈ ਕਿ ਪਿਛਲੇਰੇ ਵੀਹ ਸਾਲਾਂ ਤੋਂ ਵਿਸ਼ੇਸ਼ ਕਰਕੇ ਕੇਂਦਰੀ ਤੇ ਰਾਜ ਹਕੂਮਤਾਂ ਨੇ ਸਰਕਾਰੀ ਖੇਤਰ ਦੇ ਕਾਲਜਾਂ ਨੂੰ ਦਿੱਤੀ ਸਹਾਇਤਾ/ਫੰਡ ਦੇਣ ਤੋਂ ਹੀ ਹੱਥ ਖਿੱਚ ਲਏ ਹਨ। ਉਂਝ ਪਹਿਲਾਂ ਵੀ ਦੇਸ਼ ਦੀਆਂ ਲੋੜਾਂ ਨੂੰ ਧਿਆਨ 'ਚ ਰੱਖਕੇ ਵਿਦਿਅਕ ਪ੍ਰਬੰਧ ਦੀ ਸਰਕਾਰੀ ਨਿਗਰਾਨੀ ਹੇਠ ਉਸਾਰੀ ਕੀਤੀ ਹੀ ਨਹੀਂ ਸੀ ਗਈ। ਪਰ ਉਦਾਰੀਕਰਨ ਤੇ ਨਿੱਜੀਕਰਨ ਪਿਛੋਂ ਤਾਂ ਪੂਰੀ ਉੱਚੀ ਤੇ ਪ੍ਰੋਫ਼ੈਸ਼ਨਲ ਵਿਸ਼ੇਸ਼ ਕਰਕੇ ਮੈਡੀਕਲ ਦੀ ਵਿਦਿਆ ਨੂੰ ਨਿੱਜ ਪੂੰਜੀ ਦੇ ਹਵਾਲੇ ਕਰਨ ਦੀ ਕਵਾਇਦ ਸ਼ੁਰੂ ਹੋ ਗਈ ਸੀ ਜਿਸ ਦਾ ਸਿੱਟਾ ਅੱਜ ਸਾਹਮਣੇ ਆ ਰਿਹਾ ਹੈ। ਇਹ ਕਿਸੇ ਹਕੂਮਤ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਦੇਸ਼ ਦੀ ਆਬਾਦੀ ਅਤੇ ਵਿਕਾਸ ਦੀਆਂ ਲੋੜਾਂ ਮੁਤਾਬਕ ਉਚੇਰੇ ਤਕਨੀਕੀ ਤੇ ਮੈਡੀਕਲ ਵਿਦਿਆ ਲਈ ਆਪਣੇ ਨੌਜਵਾਨਾਂ ਲਈ ਮੁਫ਼ਤ ਮੌਕੇ ਮੁਹੱਈਆ ਕਰਾਏ ਪਰ ਸਰਕਾਰ ਨੇ ਜਦੋਂ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਈ, ਤਾਂ ਗੁੱਸਾ ਨਫ਼ਰਤ ਤੇ ਰੋਹ ਇਸ ਪ੍ਰਬੰਧ ਵਿਰੁੱਧ ਉਠਣਾ ਚਾਹੀਦਾ ਹੈ ਨਾਕਿ ਉਨ੍ਹਾਂ ਸਮੁਦਾਇਆਂ ਪ੍ਰਤੀ ਜਿਹੜੇ ਪਹਿਲਾਂ ਹੀ ਸਦੀਆਂ ਤੋਂ ਲਤਾੜੇ ਹਨ। ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ 'ਚ ਖੜੋਤ ਦਾ ਆਉਣਾ ਅਤੇ ਨਿੱਜੀ ਪੂੰਜੀ ਵਲੋਂ ਪੋਸ਼ਿਤ ਸੰਸਥਾਵਾਂ ਦਾ ਗਿਣਤੀ ਵੀ ਫੈਲਰਾਨਾ ਪਸਰਨਾ ਇਕ ਚਿੰਤਾ ਦਾ ਵਿਸ਼ਾ ਹੈ। ਮਿਸਾਲ ਲਈ 2001 ਤੋਂ ਲੈ ਕੇ 2015 ਤੱਕ ਜੇ ਸਰਕਾਰੀ ਸੰਸਥਾਵਾਂ ਭਾਵ ਕਾਲਜਾਂ ਵਿਚ 31 ਫੀਸਦੀ ਦੀ ਦਰ ਨਾਲ ਸੀਟਾਂ ਦਾ ਵਾਧਾ ਹੋਇਆ ਹੈ ਤਾਂ ਨਿੱਜੀ ਧਨ ਨਾਲ ਪਲਣ ਵਾਲੀਆਂ ਸੰਸਥਾਵਾਂ ਕਾਲਜਾਂ ਵਿਚ 600 ਫੀਸਦੀ ਨਾਲ ਵਾਧਾ ਹੋਇਆ ਹੈ। ਸਰਕਾਰੀ ਕਾਲਜਾਂ ਦੇ ਮੁਕਾਬਲੇ ਨਿੱਜੀ ਕਾਲਜਾਂ ਦੀ ਫੀਸ ਸੱਤ ਅੱਠ ਗੁਣਾ ਵਧੇਰੇ ਹੈ। ਭਾਵ ਜੇ ਸਰਕਾਰ ਕਾਲਜ 'ਚ 60000 ਰੁਪਏ ਔਸਤਨ ਹੈ ਤਾਂ ਨਿੱਜੀ ਕਾਲਜ 'ਚ ਇਹੋ ਫੀਸ ਔਸਤਨ 4 ਤੋਂ 6 ਲੱਖ ਰੁਪਏ ਤੋਂ ਲੈ ਕੇ 35-40 ਲੱਖ ਤੱਕ ਹੈ। ਜਿਹੜੀ ਵਧੇਰੇ ਮੱਧ ਵਰਗੀ ਪਰਿਵਾਰਾਂ ਦੀ ਪਹੁੰਚ ਤੋਂ ਬਾਹਰ ਹੈ। ਇਹ ਸਮੱਸਿਆ ਪੂਰੇ ਪ੍ਰਬੰਧ ਨਾਲ ਹੈ ਉਸ ਹਕੂਮਤ ਨਾਲ ਸਬੰਧ ਹੈ ਜਿਹਦੀ ਪਹੁੰਚ ਦੇਸ਼ ਦੇ ਨੌਜਵਾਨਾਂ ਪ੍ਰਤੀ ਗੈਰ ਸੰਜੀਦਾ ਹੈ, ਦੇਸ਼ ਦੇ ਵਿਕਾਸ ਪ੍ਰਤੀ ਗੈਰ ਗੰਭੀਰਤਾ ਵਾਲੀ ਹੈ ਅਤੇ ਜਿਸ ਹਕੂਮਤ ਨੇ ਹੋਰ ਕਾਰੋਬਾਰਾਂ ਵਾਂਗੂੰ ਵਿਦਿਆ ਨੂੰ ਵੀ ਇਕ ਕਾਰੋਬਾਰ ਬਣਾ ਕੇ ਨਿੱਜੀ ਪੂੰਜੀ ਦੇ ਅੱਗੇ ਸੁੱਟ ਦਿੱਤਾ ਹੈ। ਸਾਧਨ ਸੰਪਨ ਸਮੁਦਾਇਆਂ ਦੇ ਇਨ੍ਹਾਂ ਗਰੀਬ ਨੌਜਵਾਨਾਂ ਨੂੰ ਇਸ ਰਾਖਵਾਂਕਰਨ ਵਿਰੋਧੀ ਅੰਦੋਲਨ ਰਾਹੀਂ ਦੂਸਰੀਆਂ ਨੀਵੀਆਂ ਜਾਤੀਆਂ ਪ੍ਰਤੀ ਭੇਦਭਾਵ ਨਫ਼ਰਤ ਫੈਲਾਉਣ ਦਾ ਕੰਮ ਇਨ੍ਹਾਂ ਸਮੁਦਾਇਆਂ ਦੇ ਸੰਪਨ ਤੇ ਤਾਕਤਵਰ ਲੋਕ ਕਰ ਰਹੇ ਹਨ। ਭਾਵ ਉਹ ਇਨ੍ਹਾਂ ਨੌਜਵਾਨਾਂ ਦੇ ਬੇਚੈਨੀ ਦੇ ਗੁੱਸੇ ਨੇ ਹਕੂਮਤ ਤੇ ਰਾਜ ਦੀਆਂ ਨੀਤੀਆਂ ਵੱਲ ਸੇਧਤ ਹੋਣ ਤੋਂ ਪਹਿਲਾਂ ਹੀ ਗਲਤ ਦਿਸ਼ਾ ਵੱਲ ਮੋੜ ਦੇਣ। ਨਹੀਂ ਤਾਂ ਇਹ ਬੇਚੈਨੀ ਤੇ ਗੱਸਾ ਹਕੂਮਤ ਵਲ ਆਵੇਗਾ। ਯਾਦ ਰਹੇ 25 ਅਗਸਤ ਦੀ ਰੈਲੀ ਦਾ ਸਾਰਾ ਖਰਚਾ ਸੰਪਨ ਤੇ ਤਾਕਤਵਰ ਪਟੇਲ ਸਮੁਦਾਏ ਨੇ ਹੀ ਆਰਥਿਕ ਕਰਕੇ ਦਿੱਤਾ ਸੀ।

ਇਹ ਮਾਮਲਾ ਇਥੋਂ ਤੱਕ ਨਹੀਂ ਜਿਵੇਂ ਅਸੀਂ ਇਸ਼ਾਰਾ ਕੀਤਾ ਸੀ ਕਿ ਰੁਜ਼ਗਾਰ ਵਿਹੂਣਾ ਵਿਕਾਸ ਵੱਡੀ ਪੱਧਰੀ ਉਤੇ ਛੋਟੇ ਕਾਰੋਬਾਰਾਂ, ਨੌਕਰੀ ਦੇ ਵਸੀਲਿਆਂ ਵਿਦਿਆ ਦੇ ਮੌਕਿਆਂ ਨੂੰ ਤਹਿਸ਼-ਨਹਿਸ਼ ਕਰਦਾ ਵਧ ਰਿਹਾ ਹੈ। ਇਸ ਮੌਕੇ ਉਨ੍ਹਾਂ ਹਾਕਮਾਂ ਲਈ ਰਾਖਵਾਂਕਰਨ ਦਾ ਮੁੱਦਾ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਆਪਸ ਵਿਚ ਉਲਝਾਉਣਾ ਸਭ ਤੋਂ ਵਧੱ ਕਾਰਗਰ ਹਥਿਆਰ ਹੈ। ਦੇਸ਼ 'ਚ ਪੂੰਜੀਵਾਦੀ ਵਿਕਾਸ ਦੀ ਰਫ਼ਤਾਰ ਵਧਣ ਨਾਲ ਜਿਥੇ ਵਰਗਾਂ ਦਾ ਧੁਰਵੀਕਰਨ ਤੇਜ਼ ਹੋ ਰਿਹਾ ਹੈ, ਬੇਰੁਜ਼ਗਾਰੀ ਵੱਡੀ ਪੱਧਰ ਉਤੇ ਵਧ ਰਹੀ ਹੈ, ਸਿੱਖਿਆ ਦੇ ਪਸਾਰ ਨਾਲ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਫੌਜ 'ਚ ਵਾਧਾ ਹੋ ਰਿਹਾ ਹੈ। ਇਹ ਹਕੂਮਤ ਤੇ ਹਾਕਮਾਂ ਲਈ ਮੌਤ ਦੀ ਘੰਟੀ ਵੀ ਪ੍ਰਤੀਤ ਹੋ ਰਹੀ ਹੈ। ਦੇਸ਼ 'ਚ ਬੇਰੁਜ਼ਗਾਰੀ ਦੇ ਨਾਅਰੇ ਨੂੰ ਲੈ ਕੇ ਜਾਂ ਸਰਕਾਰੀ ਨੌਕਰੀਆਂ 'ਚ ਵਾਧੇ ਨੂੰ ਲੈ ਕੇ ਹਕੂਮਤ ਵਿਰੁੱਧ ਨੌਜਵਾਨਾਂ ਦੀ ਲਹਿਰ ਦੀ ਅਣਹੋਂਦ ਦਾ ਸਿੱਟਾ

ਹੈ ਕਿ ਰੁਜ਼ਗਾਰ ਵਿਹੂਣਾ ਨੌਜਵਾਨ ਵਰਗ, ਜਿਹੜਾ ਬੇਚੈਨ, ਭ੍ਰਿਸ਼ਟਾਚਾਰ ਅਤੇ ਰਾਜਕੀ ਅਰਾਜਕਤਾ ਦਾ ਡੰਬਿਆ ਹੋਇਆ ਹੈ, ਅਤੇ ਜਿਹੜਾ ਰਾਜਸੀ ਆਗੂਆਂ ਦੇ ਚੁਣਾਵੀਂ ਲਫ਼ਾਜ਼ੀ ਦੇ ਨਾਅਰਿਆਂ ਦੇ ਭਰਮਜਾਲ 'ਚ ਫਸ ਕੇ ਦਿਸ਼ਾਹੀਣ ਹੋਇਆ ਫਿਰਦਾ ਹੈ, ਨੂੰ ਹਾਕਮ ਵਰਗਾਂ ਦੇ ਹੀ ਇਹ ਜਾਂ ਉਹ ਲੋਕ ਕਿਸੇ ਨਾ ਰੂਪ ਵਿਚ ਵਰਤ ਲੈਂਦੇ ਹਨ। ਅੱਜ ਬੇਰੁਜ਼ਗਾਰੀ ਵਿਰੁੱਧ ਲੜਨ ਵਾਲੇ ਨੌਜਵਾਨਾਂ ਨਾਲੋਂ ਰਾਖਵਾਂਕਰਨ ਦੇ ਝਗੜਿਆਂ 'ਚ ਉਤਰਨ ਵਾਲੇ ਨੌਜਵਾਨਾਂ ਦੀ ਗਿਣਤੀ ਕਈ ਸੈਂਕੜੇ ਗੁਣਾਂ ਜ਼ਿਆਦਾ ਹੈ। ਸੰਕਟਗ੍ਰਸਤ ਪੂੰਜੀਵਾਦੀ ਪ੍ਰਬੰਧ ਲਈ ਇਹੀ ਜੀਵਨਦਾਤਾ ਸਿੰਗੀ ਦਾ ਕੰਮ ਦੇ ਰਹੀ ਹੈ। ਸੋ ਦਲਿਤ ਜਾਤੀਆਂ ਅਤੇ ਹਕੀਕੀ ਪਛੜੇ ਵਰਗਾਂ ਲਈ ਰਾਖਵੇਂਕਰਨ ਮੰਗ ਦੀ ਹਮਾਇਤ ਕਰਦਿਆਂ ਦੇਸ਼ ਭਰ ਦੇ ਸੰਪਨ ਸਮੁਦਾਏ ਦੇ ਨੌਜਵਾਨਾਂ ਨੂੰ ਇਸ ਪੱਖੋਂ ਚੇਤੰਨ ਕਰਨ ਦੀ ਲੋੜ ਹੈ ਕਿ ਉਨ੍ਹਾਂ ਦੇ ਰੁਜ਼ਗਾਰ ਦੀ ਸਮੱਸਿਆ ਜਾਂ ਉਚ ਵਿਦਿਆ, ਪ੍ਰੋਫੈਸ਼ਨਲ ਜਾਂ ਡਾਕਟਰੀ ਵਿਦਿਆ ਵਿਚ ਸਥਾਨ ਦੀ ਸਮੱਸਿਆ ਦਾ ਕਾਰਨ, ਰਾਖਵਾਂਕਰਨ ਨਹੀਂ ਨਾ ਹੀ ਰਾਖਵਾਂਕਰਨ ਦੇ ਖਾਤਮੇ ਨਾਲ ਇਹ ਹੱਲ ਹੋਣ ਵਾਲੀ ਹੈ। ਇਸ ਦਾ ਹੱਲ ਮੌਜੂਦਾ ਰੁਜ਼ਗਾਰ ਵਿਹੂਣੇ ਵਿਵਸਥਾ ਪੈਦਾ ਕਰਨ ਵਾਲੇ ਸਮਾਜਿਕ ਰਾਜਨੀਤਕ ਤੇ ਆਰਥਿਕ ਢਾਂਚੇ ਨੂੰ ਖਤਮ ਕਰਕੇ ਅਜਿਹੇ ਪ੍ਰਬੰਧ ਵਿਚ ਹੈ ਜਿਥੇ ਹਰ ਇਕ ਨੂੰ ਬਰਾਬਰ ਦੇ ਅਤੇ ਲਾਜ਼ਮੀ (ਗਰਾਂਟਿਡ) ਮੌਕੇ ਮਿਲਣ। ਭਾਵ ਅਜਿਹੇ ਰਾਜਕੀ ਆਰਥਿਕ, ਸਮਾਜਿਕ ਵਿਵਸਥਾ ਜਿਥੇ ਬਰਾਬਰ ਦੀ ਵਿਦਿਆ ਬਰਾਬਰ ਦਾ ਰੁਜ਼ਗਾਰ ਅਤੇ ਵਧਣ ਦੇ ਬਰਾਬਰ ਦੇ ਮੌਕੇ ਹੋਣ। ਸਭ ਲਈ ਸਨਮਾਨਯੋਗ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਅੱਜ ਦੀ ਦੇਸ਼ ਦੀ ਜਵਾਨੀ ਨੂੰ ਵਿਸਾਲ ਪੈਮਾਨੇ ਉਤੇ ਜਥੇਬੰਦ ਕਰਨ ਦੀ ਲੋੜ ਹੈ। ਦੇਸ਼ ਵਿਚ ਹਰ ਸਮੁਦਾਏ ਵਿਸ਼ੇਸ਼ ਕਰਕੇ ਸੰਪਨ ਸਮੁਦਾਇਆਂ ਵਲੋਂ ਰਾਖਵਾਂਕਰਨ ਦੀ ਮੰਗ ਨੂੰ ਲੈ ਕੇ ਉਠ ਰਹੇ ਅੰਦੋਲਨ ਜਾਂ ਬਣ ਰਹੇ ਸੰਗਠਨ ਜਿਵੇਂ ਪਟੇਲਾਂ ਤੋਂ ਪਿਛੋਂ ਜਾਟ ਸਮੁਦਾਏ ਦੀ ਇਹ ਆਵਾਜ਼ ਘਟੇਗੀ ਜਾਂ ਕਿਸੇ ਹੋਰ ਸ਼ਕਲ 'ਚ ਕਿਸੇ ਹੋਰ ਸੂਬੇ 'ਚ ਕਿਸੇ ਹੋਰ ਰੂਪ 'ਚ ਸਾਹਮਣੇ ਆਏਗੀ ਇਕ ਚਿੰਤਾਜਨਕ ਵਰਤਾਰੇ ਹਨ ਜਿਹੜੇ ਸਮਾਜਿਕ ਏਕਤਾਨੂੰ ਖੇਰੂੰ ਖੇਰੂੰ ਕਰਨ, ਨੌਜਵਾਨ ਨੂੰ ਦਿਸ਼ਾਹੀਣ ਕਰਨ ਅਤੇ ਨਫ਼ਰਤ ਦਾ ਬੀਜ ਬੀਜਨ ਦਾ ਕੰਮ ਕਰ ਰਹੇ ਹਨ ਤੇ ਕਰਨਗੇ।

ਹਾਰਦਿਲ ਪਟੇਲ ਜਿਸਦੇ ਵਿਚਾਰ ਭਾਸ਼ਣ ਜਾਂ ਟੀ.ਵੀ. 'ਚ ਆ ਰਹੇ ਹਨ, ਖੰਡਿਤ ਹਨ। ਪਟੇਲਾਂ ਦਾ ਇਹ ਅੰਦੋਲਨ ਜਿਹੜਾ ਵਿਸ਼ੇਸ਼ ਉਚ ਵਰਗਾਂ ਵਲੋਂ ਪੋਸ਼ਿਤ ਹੈ, ਕਿ ਸਮਝੌਤੇ 'ਚ ਖਤਮ ਹੋ ਜਾਵੇਗਾ। ਪਰ ਨਾ ਬੇਰੁਜ਼ਗਾਰੀ ਦੀ ਸਮੱਸਿਆ ਖਤਮ ਹੋਵੇਗੀ ਨਾ ਹੀ ਨੌਜਵਾਨਾਂ ਲਈ ਮੁਫ਼ਤ 'ਤੇ ਲਾਜ਼ਮੀ ਉੱਚਤਮ ਵਿਦਿਆ ਅਤੇ ਰੁਜ਼ਗਾਰ ਦੀ ਗਰੰਟੀ ਵਾਲੀ ਵਿਵਸਥਾ ਦੀ ਕੋਈ ਨਿਸ਼ਾਨਦੇਹੀ ਹੋਵੇਗੀ। ਇਸ ਦੀ ਪ੍ਰਾਪਤੀ ਲਈ ਦੇਸ਼ ਦੇ ਨੌਜਵਾਨਾਂ ਨੂੰ ਇਕ ਲੰਬਾ ਅਤੇ ਹਰ ਕਿਸਮ ਦੇ ਨਿੱਜੀਕਰਨ, ਉਦਾਰੀਕਰਨ ਵਾਲੇ ਪੂੰਜੀਵਾਦੀ ਤੋਂ ਮੁਕਤ ਪ੍ਰਬੰਧ ਲਈ ਹਰ ਸਮੁਦਾਏ ਦੀ ਨੌਜਵਾਨ ਸ਼ਕਤੀ ਨੂੰ ਨਾਲ ਲੈ ਕੇ ਚਲਨਾ ਪਵੇਗਾ। ਇਕ ਐਸਾ ਵਿਸ਼ਾਲ ਅੰਦੋਲਨ ਜਿਹੜਾ ਸਮੁਦਾਏ ਦੇ ਖੇਤਰੀ ਭਾਸ਼ਾਈ, ਕਬੀਲਿਆਂ ਤੇ ਹਰ ਕਿਸਮ ਦੇ ਸੌੜੇ ਦਾਇਰੇ ਤੋਂ ਮੁਕਤ ਹੋਵੇ ਅਤੇ ਜਿਹੜਾ ਪ੍ਰਬੰਧ ਦੀ ਕਬਰ ਪੁੱਟਣ ਦੇ ਸਮਰੱਥ ਹੋਵੇ। ਅਜਿਹਾ ਅੰਦੋਲਨ ਉਚੇਰੇ ਵਿਚਾਰਧਾਰਕ ਧਰਾਤਲ ਉਤੇ ਹੀ ਉਸਾਰਿਆ ਜਾ ਸਕਦਾ ਹੈ, ਜਿਸ ਵਿਚਾਰਧਾਰਾ ਪਾਸ ਨਵੇਂ ਸਮਾਜ ਦੇ ਨਿਰਮਾਣ ਦਾ ਕੋਈ ਠੋਸ ਤੇ ਹਕੀਕੀ ਖਾਕਾ ਹੋਵੇ।

+91 93544-30211

# ਮੁਆਫ਼ੀ ਦੀ ਧਾਰਨਾ ਨਾਲ ਜੁੜਿਆ ਪੰਥਕ ਸੰਕਟ

(ਸਫ਼ਾ 15 ਦੀ ਬਾਕੀ)

ਦਲ ਦੇ ਨੁਮਾਇੰਦੇ ਇਕੱਠੇ ਵਿਚਰਦੇ ਹਨ। ਸ਼੍ਰੋਮਣੀ ਅਕਾਲੀ ਦਲ ਪੱਖੋਂ ਇਹ ਮਸਲਾ ਨਿਪਟ ਚੁੱਕਿਆ ਹੈ ਅਤੇ ਇਨ੍ਹਾਂ ਚਿੱਠੀਆਂ ਰਾਹੀਂ ਇਸ ਰੁਝਾਨ ਦਾ ਰਸਮੀ ਐਲਾਨ ਹੋਇਆ ਹੈ।

ਦਰਅਸਲ ਇਹ ਮਸਲਾ ਇਸ ਤੋਂ ਜ਼ਿਆਦਾ ਪੇਚੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਸਿਆਸੀ ਮਸਲਿਆਂ ਨੂੰ ਧਾਰਮਿਕ ਬਾਣੇ ਵਿੱਚ ਪਾਉਣ ਦਾ ਪੁਰਾਣਾ ਇਤਿਹਾਸ ਹੈ। ਇਹ ਆਪਣਾ ਸਿਆਸੀ ਲਾਹਾ ਖੱਟਣ ਤੋਂ ਬਾਅਦ ਆਪਣੇ ਰਾਹ ਪੈ ਜਾਂਦਾ ਹੈ ਪਰ ਇਸ ਦੀਆਂ ਫਾਂਟਾਂ ਮਸਲੇ ਨੂੰ ਨਿਰਾ ਧਾਰਮਿਕ ਬਣਾਈ ਰੱਖਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਸਿਆਸੀ ਦਾਅਪੇਚ ਲਈ ਨਵਾਂ ਮਸਲਾ ਚੁੱਕ ਲੈਂਦਾ ਹੈ ਪਰ ਸਮਾਜ ਵਿੱਚ ਫਿਰਕੂ ਵੰਡੀ ਦੇ ਬੀਜ ਕੇਰ ਕੇ ਪੱਲਾ ਝਾੜ ਲੈਂਦਾ ਹੈ। ਇਹ ਮਾਮਲਾ ਇਸ ਪੱਖੋਂ ਸ਼੍ਰੋਮਣੀ ਅਕਾਲੀ ਦਲ ਦੇ ਦਾਅਪੇਚ ਦੀ ਨੁਮਾਇੰਦਗੀ ਵਜੋਂ ਵੇਖਿਆ ਜਾ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਡੇਰਾ ਸੱਚਾ ਸੌਦਾ ਨੇ ਅਮਲੀ ਰੂਪ ਵਿੱਚ ਭੁੱਲਾਂ ਬਖ਼ਸ਼ਾ ਲਈਆਂ ਹਨ ਪਰ ਮੁੱਦਾ ਸੁਲਗਦਾ ਹੈ ਜੋ ਕਦੇ ਵੀ ਭਖ ਸਕਦਾ ਹੈ। ਇਸੇ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਦੀ ਮੌਕਾਪ੍ਰਸਤੀ ਫੜੀ ਜਾ ਸਕਦੀ ਹੈ।

ਡੇਰਾ ਪ੍ਰੇਮੀਆਂ ਨਾਲ ਕਲੇਸ਼ ਦੀਆਂ ਸਮਾਜਿਕ ਅਤੇ ਧਾਰਮਿਕ ਤੰਦਾਂ ਸੁਲਗਦੀਆਂ ਹਨ। ਇਹ ਕਿਸੇ ਵੀ ਘਟਨਾ ਜਾਂ ਬਿਆਨ ਨਾਲ ਭੜਕ ਸਕਦੀਆਂ ਹਨ। ਆਪਣੇ ਆਪ ਨੂੰ ਹੁਕਮਰਾਨ ਧਿਰ ਨਾਲੋਂ ਨਿਖੇੜ ਕੇ ਪੰਥਕ ਹੋਣ ਦਾ ਦਾਅਵਾ ਕਰਨ ਵਾਲੀਆਂ ਧਿਰਾਂ ਆਪਣੀ ਸਿਆਸਤ ਨੂੰ ਨਿਰੋਲ ਧਾਰਮਿਕ ਚੌਖਟੇ ਵਿੱਚੋਂ ਵੇਖਦੀਆਂ ਹਨ। ਇਨ੍ਹਾਂ ਧਿਰਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ 'ਛੱਡੇ ਹੋਏ ਧਾਰਮਿਕ ਮਸਲੇ' ਅਹਿਮ ਹਨ। ਇਨ੍ਹਾਂ ਮਸਲਿਆਂ ਨਾਲ ਭਾਵੇਂ ਸਿਆਸੀ ਪੂੰਜੀ ਇਕੱਠੀ ਕਰਨੀ ਔਖੀ ਹੈ ਪਰ ਸਰਗਰਮੀ ਕਾਇਮ ਰੱਖੀ ਜਾ ਸਕਦੀ ਹੈ। ਇਸ ਸਰਗਰਮੀ ਦੀ ਸਰਪ੍ਰਸਤੀ ਅਤੇ ਹਮਾਇਤ ਵੱਡੀਆਂ ਸਿਆਸੀ ਪਾਰਟੀਆਂ ਮੌਕੇ ਮੁਤਾਬਕ ਕਰਦੀਆਂ ਹਨ। ਉੱਤਰੀ ਅਮਰੀਕਾ ਅਤੇ ਯੂਰਪੀ ਮੁਲਕਾਂ ਵਿੱਚੋਂ ਇਸ ਸਰਗਰਮੀ ਨੂੰ ਵਿਦੇਸ਼ੀ ਪੂੰਜੀ ਚੜ੍ਹਦੀ ਹੈ ਅਤੇ ਵਿਦੇਸ਼ੀ ਮੀਡੀਆ ਵਿੱਚ ਦਿਲ ਖੁੱਲ੍ਹਵੀਂ ਥਾਂ ਮਿਲਦੀ ਹੈ। ਇਹ ਸਮੁੱਚੀ ਧਾਰਾ ਲੰਘੇ ਸਮੇਂ ਵਿੱਚ ਦਰਜ ਦੁਖਾਂਤ ਉੱਤੇ 'ਮੁਆਫ਼ ਨਾ ਕਰਨ' ਦੀ ਸਿਆਸਤ ਕਰਦੀ ਹੈ। ਇਹ ਧਾਰਾ ਸਮਕਾਲੀ ਅਤੇ ਚਿਰਕਾਲੀ ਸੁਆਲਾਂ ਨੂੰ ਮੁਖ਼ਾਤਬ ਨਹੀਂ ਹੁੰਦੀ। ਆਉਣ ਵਾਲੇ ਦਿਨਾਂ ਵਿੱਚ ਇਸ ਧਾਰਾ ਦੀ ਸਰਗਰਮੀ ਨਾਲ ਸਿੰਘ ਸਾਹਿਬਾਨ ਦੀ ਕਾਰਗੁਜ਼ਾਰੀ ਅਤੇ ਧਾਰਮਿਕ ਮਸਲਿਆਂ ਉੱਤੇ ਸਿਆਸੀ ਗ਼ਲਬੇ ਦੇ ਸੁਆਲ ਸਾਹਮਣੇ ਆਉਣ ਵਾਲੇ ਹਨ। ਇਹ ਸੁਆਲ ਆਪਣੀ ਥਾਂ ਉੱਤੇ ਜਾਇਜ਼ ਹਨ ਪਰ 'ਪੰਥਕ ਧਾਰਾ' ਇਨ੍ਹਾਂ ਦਾ ਕੋਈ ਹੱਲ ਪੇਸ਼ ਕਰਨ ਦੀ ਹਾਲਤ ਵਿੱਚ ਨਹੀਂ ਜਾਪਦੀ।

'ਪੰਥਕ ਧਾਰਾ' ਦਾ ਸਿਆਸੀ-ਅਰਥਚਾਰਾ ਇਸ ਦੀ ਉਲਾਰ ਬਿਆਨੀ ਅਤੇ ਹਮਲਾਵਰ ਰੁਖ਼ ਨਾਲ ਜੁੜਿਆ ਹੋਇਆ ਹੈ। ਇਸ ਨੂੰ ਹਮੇਸ਼ਾਂ ਦੁਸ਼ਮਣ ਦੀ ਭਾਲ ਰਹਿੰਦੀ ਹੈ ਜੋ ਪਰਾਇਆ ਹੋ ਸਕਦਾ ਹੈ, ਸਰਕਾਰੀ ਦਲਾਲ ਹੋ ਸਕਦਾ ਹੈ ਜਾਂ ਗੱਦਾਰ ਹੋ ਸਕਦਾ ਹੈ ਜਾਂ ਸੋਧਵਾਦ ਦੇ ਰਾਹ ਪਿਆ ਪੁਰਾਣਾ ਸਾਥੀ ਹੋ ਸਕਦਾ ਹੈ। ਇਸ ਧਿਰ ਦੀ ਆਪਣੀ ਵੰਨ-ਸਵੰਨਤਾ ਹੈ ਪਰ ਇਸ ਦੇ ਖ਼ਾਸੇ ਵਿੱਚ ਮੁਆਫ਼ੀ ਵਰਗੀ ਧਾਰਨਾ ਨਹੀਂ ਹੈ। ਇਹ ਆਪਣੀ ਪੜਚੋਲ ਵਿੱਚ ਆਪ ਕੀਤੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਗੱਲ ਕਰਦੀ ਹੈ ਪਰ ਕਦੇ ਗ਼ਲਤੀਆਂ ਦੀ ਤਫ਼ਸੀਲ ਵਿੱਚ ਨਹੀਂ ਪੈਂਦੀ। ਜਿਨ੍ਹਾਂ ਨੂੰ ਗ਼ਲਤੀਆਂ ਲਈ ਮੁਆਫ਼ੀ ਮੰਗਣ ਦੀ ਲੋੜ ਨਹੀਂ ਪੈਂਦੀ ਉਹ ਦੂਜੇ ਦੀਆਂ ਗ਼ਲਤੀਆਂ ਨੂੰ ਮੁਆਫ਼ ਕਰਨ ਦੀ ਕਿਵੇਂ ਸੋਚ ਸਕਦੇ ਹਨ? ਇਹ ਸੁਆਲ ਸਿਰਫ਼ ਡੇਰਾ ਸੱਚਾ ਸੌਦਾ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਇਸ ਨੂੰ ਨਾ ਹੀ 'ਪੰਥਕ ਧਾਰਾ' ਤੱਕ ਮਹਿਦੂਦ ਕੀਤਾ ਜਾ ਸਕਦਾ ਹੈ। ਇੱਕ ਪਾਸੇ ਕਿਸਾਨ ਜਥੇਬੰਦੀਆਂ ਨੇ ਲੋਕ ਦੋਖੀ ਸਿਆਸਤ ਦੀ ਸ਼ਨਾਖ਼ਤ ਕਰਕੇ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਦੂਜੇ ਪਾਸੇ ਕਿਸੇ ਨਾ ਕਿਸੇ ਹੀਲੇ 'ਪੰਥਕ ਧਾਰਾ' ਨੇ ਆਪਣੀ ਹੋਂਦ ਕਾਇਮ ਰੱਖਣੀ ਹੈ। ਇਸ ਪੂਰੇ ਸਿਆਸੀ ਪਨੇ ਤੋਂ ਮੌਜੂਦਾ ਹੁਕਮਰਾਨ ਅਤੇ ਵਿਰੋਧੀ ਪਾਰਟੀਆਂ ਕੰਨੀ ਖਿਸਕਾ ਗਈਆਂ ਹਨ ਪਰ ਵੋਟਾਂ ਮੌਕੇ ਗੁਣਾ ਉਨ੍ਹਾਂ ਵਿੱਚੋਂ ਹੀ ਪੈਣਾ ਹੈ। ਕੀ ਇਹ ਵੋਟ ਸਿਆਸਤ, 'ਪੰਥਕ ਧਾਰਾ' ਅਤੇ ਸੰਘਰਸ਼ ਦੇ ਪਿੜ ਮੱਲੀ ਬੈਠੀਆਂ ਧਿਰਾਂ ਦੀ ਸਿਆਸਤ ਦੀ ਪੜਚੋਲ ਕਰਨ ਦਾ ਮੌਕਾ ਨਹੀਂ ਹੈ?

# ਲੋਕ ਕਲਾ ਅਤੇ ਲੋਕ ਸੰਗਰਾਮ ਦੀ ਜੋਟੀ ਪਾਉਣ ਦਾ ਹੋਕਾ ਦੇ ਗਿਆ ਗੁਰਸ਼ਰਨ ਸਿੰਘ ਨੂੰ ਸਮਰਪਿਤ ਰਾਤ-ਭਰ ਦਾ ਨਾਟਕ ਮੇਲਾ

ਬਰਨਾਲਾ : ਨਾਮਵਰ ਨਾਟਕਕਾਰ ਗੁਰਸ਼ਰਨ ਸਿੰਘ ਦੇ ਵਿਛੋੜੇ ਅਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਵਾਲੀ ਰਾਤ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਨਾਟਕਾਂ ਅਤੇ ਗੀਤਾਂ ਭਰੀ ਰਾਤ ਦੇ ਤੌਰ 'ਤੇ ਮਨਾਈ ਗਈ।

ਸਥਾਨਕ ਦਾਨਾ ਮੰਡੀ ਦੇ ਵਿਸ਼ਾਲ ਪੰਡਾਲ ਵਿੱਚ ਪਲਸ ਮੰਚ ਨੇ ਲੋਕ-ਜਥੇਬੰਦੀਆਂ ਦੇ ਭਰਵੇਂ ਸਹਿਯੋਗ ਨਾਲ ਇਨਕਲਾਬੀ ਰੰਗ ਮੰਚ ਦਿਹਾੜੇ ਵਾਲੀ ਇਹ ਰਾਤ, ਸ਼ਹੀਦ ਕਰਤਾਰ ਸਿੰਘ ਸਰਾਭਾ ਉਸਦੇ ਸਾਥੀਆਂ, ਸਾਕਾ ਫੇਰੂ ਸ਼ਹਿਰ, ਸਿੰਘਾਪੁਰ ਦੀ ਫੌਜੀ ਬਗਾਵਤ, ਸਾਕਾ ਵੱਲਾ ਪੁਲ ਅਤੇ ਗ਼ਦਰ-ਲਹਿਰ ਅੰਦਰ ਸ਼ਹਾਦਤਾਂ ਦੀ ਸ਼ਤਾਬਦੀ (1915-2015) ਨੂੰ ਸਮਰਪਤ ਕੀਤੀ ਗਈ।



ਸਮਾਗਮ ਦਾ ਵਿਲੱਖਣ ਨਜ਼ਾਰਾ ਵੇਖਿਆਂ ਹੀ ਬਨਦਾ ਸੀ ਕਿ ਜਦੋਂ ਇੱਕ ਬੰਨੇ ਬੀਤੇ ਪੰਦਰਵਾੜੇ ਤੋਂ ਬਠਿੰਡਾ ਵਿਖੇ ਕਿਸਾਨਾ-ਮਜ਼ਦੂਰਾਂ ਵੱਲੋਂ ਹੱਕੀ ਮੰਗਾਂ ਲਈ ਪੱਕਾ ਮੋਰਚਾ ਦਿਨ-ਰਾਤ ਜਮਾ ਰੱਖਿਆ ਹੈ, ਜਦੋਂ ਬਠਿੰਡੇ ਨੂੰ ਜਾਂਦੇ ਮੁੱਖ ਮਾਰਗਾਂ ਉੱਪਰ ਥਾਂ-ਥਾਂ ਲਾਈਆਂ ਰੋਕਾਂ ਵਾਲੀਆਂ ਥਾਵਾਂ 'ਤੇ ਵੀ ਦਿਨ-ਰਾਤ ਧਰਨੇ ਚੱਲ ਰਹੇ ਹਨ, ਜਦੋਂ ਨਰਮੇ-ਕਪਾਹ ਦੀ ਬਰਬਾਦ ਫ਼ਸਲ ਦਾ ਮੁਆਵਜ਼ਾ ਲੈਣ ਅਤੇ ਖੁਦਕੁਸ਼ੀਆਂ ਕਰ ਰਹੇ ਕਿਸਾਨਾਂ-ਮਜ਼ਦੂਰਾਂ ਦੇ ਪਰਿਵਾਰਾਂ ਦੀ ਬਾਂਹ ਫੜਨ, ਨਕਲੀ ਬੀਜ ਅਤੇ ਕੀਟ ਨਾਸ਼ਕ ਦਵਾਈਆਂ ਦੇ ਡੀਲਰਾਂ ਹਾਕਮਾਂ ਦੀ ਮਿਲੀ ਭੁਗਤ ਨੰਗੀ ਕਰਨ ਲਈ ਲੋਕ ਸੰਘਰਸ਼ ਦਾ ਬਿਗਲ ਵੱਜਿਆ ਹੋਇਆ ਹੈ ਅਜੇਹੇ ਤਨਾਅ ਭਰੇ ਮਾਹੌਲ ਦੇ ਬਾਵਜੂਦ ਲੋਕ ਕਾਫ਼ਲੇ ਬੰਨ੍ਹਕੇ ਨਾਟਕ ਮੇਲੇ 'ਚ ਸ਼ਾਮਲ ਹੋਏ। ਇਨ੍ਹਾਂ ਕਾਫ਼ਲਿਆਂ ਵਿਚ ਔਰਤਾਂ ਦੀ ਵੱਡੀ ਗਿਣਤੀ ਨਿਵੇਕਲਾ ਰੰਗ ਭਰ ਰਹੀ ਸੀ।

ਨਾਟਕ ਮੇਲੇ 'ਚ ਮੰਨੇ-ਪ੍ਰਮੰਨੇ ਨਾਟਕਕਾਰ ਪ੍ਰੋ. ਅਜਮੇਰ ਸਿੰਘ ਔਲਖ ਨੇ ਸ਼ਮ੍ਹਾਂ ਰੌਸ਼ਨ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਗੁਰਸ਼ਰਨ ਭਾਅ ਜੀ ਦੀਆਂ ਲਿਖਤਾਂ ਡਾ. ਨਵਸ਼ਰਨ, ਡਾ. ਅਰੀਤ ਅਤੇ ਪੁੱਤਰਾਂ ਵਰਗੇ ਦਾਮਾਦ ਡਾ. ਅਤੁਲ ਨੇ ਗੁਰਸ਼ਰਨ ਸਿੰਘ, ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਉਸਦੇ ਸਾਥੀਆਂ ਨੂੰ ਫੁੱਲ-ਮਾਲਾਵਾਂ ਭੇਂਟ ਕੀਤੀਆਂ।

ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਗੁਰਸ਼ਰਨ ਭਾਅ ਜੀ ਦੀ ਪ੍ਰਤੀਬੱਧਤ ਲੋਕ ਕਲਾ ਨੂੰ ਸਲਾਮ ਕਰਦਿਆਂ ਅਹਿਦ ਪੜ੍ਹਿਆ ਜਿਸਨੂੰ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਤਣੇ ਮੁੱਕਿਆਂ ਨਾਲ ਬੁਲੰਦ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਮੰਚ 'ਤੇ ਪਲਸ ਮੰਚ ਉਸਦੇ ਸੰਗੀ-ਸਾਥੀ ਅਤੇ ਸਹਿਯੋਗੀ ਜਥੇਬੰਦੀਆਂ ਦੀ ਦਰਜਣਾ ਪ੍ਰਤੀਨਿਧ ਮੰਚ 'ਤੇ ਸੁਸ਼ੋਭਤ ਸਨ।

ਆਪਣੇ ਸੰਬੋਧਨ 'ਚ ਅਮੋਲਕ ਸਿੰਘ ਨੇ ਕਿਹਾ ਕਿ ਗੁਰਸ਼ਰਨ ਭਾਅ ਦੇ ਵਿਛੋੜੇ ਅਤੇ ਭਗਤ ਸਿੰਘ ਦੇ ਜਨਮ ਦਿਹਾੜੇ ਦੇ ਪਲ ਇਹ ਦਰਸਾਉਂਦੇ ਹਨ ਕਿ ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੀਆਂ ਅਮੁੱਲੀਆਂ ਘਾਲਨਾਵਾਂ ਸਦਾ ਅਮਿੱਟ ਰਹਿੰਦੀਆਂ ਹਨ।

ਉਹਨਾਂ ਕਿਹਾ ਕਿ ਅਜਿਹੇ ਲੋਕ ਨਾਇਕਾਂ ਦੀ ਯਾਦ 'ਚ ਮੇਲਾ ਲਾਉਣ ਦਾ ਇਤਿਹਾਸ ਅਤੇ ਸਭਿਆਚਾਰਕ ਮਹੱਤਵ ਇਹ ਹੈ ਕਿ ਲੋਕ ਕਲਾ, ਲੋਕਾਂ ਅਤੇ ਲੋਕ ਘੋਲਾਂ ਦੀ ਵਿਸ਼ਾਲ ਅਤੇ ਮਜ਼ਬੂਤ ਗਲਵੱਕੜੀ ਪਾਈ ਜਾਏ।

ਅਮੋਲਕ ਸਿੰਘ ਨੇ ਵੰਗਾਰਮਈ ਅੰਦਾਜ਼ 'ਚ ਸੱਦਾ ਦਿੱਤਾ ਕਿ ਗੁਰਸ਼ਰਨ ਭਾਅ ਜੀ, ਸ਼ਹੀਦ ਭਗਤ ਸਿੰਘ ਅਤੇ 100 ਵਰ੍ਹੇ ਪਹਿਲਾਂ ਸ਼ਹੀਦੀ ਜਾਮ ਪੀਣ ਵਾਲੇ ਮੁਕਤੀ ਸੰਗਰਾਮੀਏ ਦੇਸੀ-ਬਦੇਸੀ ਲੁੱਟ, ਕੁੱਟ, ਵਿਤਕਰੀ ਅਤੇ ਜਬਰ ਸਿਤਮ ਤੇ ਮੁਕਤ ਸਾਂਝੀਵਾਲਤਾ ਵਾਲਾ ਨਵਾਂ ਨਰੋਆ ਸਮਾਜ ਸਿਰਜਣ ਦੇ ਆਦਰਸ਼ਾਂ ਨੂੰ ਪਰਨਾਏ ਹੋਏ ਸਨ, ਵੇਲਾ ਆ ਗਿਆ ਹੈ ਕਿ ਅਸੀਂ ਰਵਾਇਤਾਂ ਦੇ ਕੈਦੀ ਬਣਨ ਦੀ ਬਜਾਏ, ਉਹਨਾਂ ਸੁਪਨਿਆਂ ਦੀ ਪੂਰਤੀ ਲਈ ਆਪਣੇ ਹਿੱਸੇ ਦੀ ਮਸ਼ਾਲ ਲੈ ਕੇ ਮੈਦਾਨ 'ਚ ਨਿੱਤਰੀਏ।

ਪ੍ਰੋ. ਅਜਮੇਰ ਸਿੰਘ ਔਲਖ ਨੇ ਕਿਹਾ ਕਿ ਗੁਰਸ਼ਰਨ ਸਿੰਘ ਦਾ ਰੰਗ ਮੰਚ ਨਾ ਬੁੱਢਾ ਹੋਵੇਗਾ, ਨਾ ਕਦੇ ਮਰੇਗਾ।

ਡਾ. ਨਵਸ਼ਰਨ ਡਾ. ਅਰੀਤ ਅਤੇ ਡਾ. ਅਤੁਲ ਨੇ ਸੁਨੇਹਾ ਦਿੱਤਾ ਕਿ ਗੁਰਸ਼ਰਨ ਸਿੰਘ ਨੇ ਹਮੇਸ਼ਾ ਕਿਰਤੀ ਜਮਾਤ ਨੂੰ ਆਪਣਾ ਪਰਿਵਾਰ ਸਮਝਿਆ, ਉਸਨੂੰ ਜਮਾਇਆ ਅਤੇ ਆਪਣਾ ਰਾਜ ਅਤੇ ਸਮਾਜ ਬਣਾਉਣ ਲਈ ਕਿਰਤੀਆਂ ਨੂੰ ਆਵਾਜ਼ ਦਿੱਤੀ, ਸਾਨੂੰ ਮਾਣ ਹੈ ਕਿ ਉਹਨਾਂ ਦਾ ਵਡੇਰਾ ਪਰਿਵਾਰ ਉਹਨਾਂ ਦੇ ਬੋਲਾਂ ਦੀ ਰੌਸ਼ਨੀ ਨੂੰ ਜਗ-ਮਗਾਉਂਦੀ ਰੱਖ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਿਹਾ ਕਿ ਕਮੇਟੀ ਲਈ ਮਾਣ ਭਰੀ ਗੱਲ ਹੈ ਕਿ ਪਲਸ ਮੰਚ, ਇਨਕਲਾਬੀ ਵਿਰਸੇ ਨੂੰ ਅਜੋਕੇ ਸਰੋਕਾਰਾ ਨਾਲ ਜੋੜਨ ਲਈ ਸੰਘਰਸ਼ਸ਼ੀਲ ਹੈ।

ਨਾਟਕ ਮੇਲੇ 'ਚ ਨੇਤੀ ਆਰਟ ਗਰੁੱਪ (ਬਲਵਿੰਦਰ ਬੁਲੇਟ) ਵੱਲੋਂ ਖੇਡੇ ਨਾਟਕ 'ਅਸੀਂ ਅੰਨਦਾਤਾ ਹੁੰਨੇ ਆਂ' ਵਿੱਚ ਕਰਜ਼ੇ ਵਿੰਨ੍ਹੀ ਖੁਦਕੁਸ਼ੀਆਂ ਲਈ ਮਜ਼ਦੂਰ-ਕਿਸਾਨੀ ਵੱਲੋਂ ਸੰਘਰਸ਼ ਦਾ ਪਰਚਮ ਉਠਾਉਣ ਦੀ ਕਹਾਣੀ ਪੇਸ਼ ਕੀਤੀ ਗਈ।

ਕੇਵਲ ਧਾਲੀਵਾਲ ਦੁਆਰਾ ਲਿਖਿਆ ਅਤੇ ਨਿਰਦੇਸ਼ਿਤ ਕੀਤਾ ਨਾਟਕ, 'ਕਿਸ ਠੱਗ ਨੇ ਲੁੱਟਿਆ ਸ਼ਹਿਰ ਮੇਰਾ' ਕਾਰਪੋਰੇਟ ਘਰਾਣਿਆਂ ਅਤੇ ਮਾਲ-ਪਲਾਜ਼ਿਆਂ ਦੇ ਵਿਛੇ ਜਾਲ ਵੱਲੋਂ ਕੌਮੀ ਮਾਲ ਖਜਾਨਿਆਂ ਦੀ ਲੁੱਟ ਖਿਲਾਫ਼ ਉੱਠਣ ਦਾ ਸੱਦਾ ਦੇ ਗਿਆ।

ਗੁਰਸ਼ਰਨ ਭਾਅ ਜੀ ਦਾ ਲਿਖਿਆ ਅਤੇ ਹਰਵਿੰਦਰ ਦੀਵਾਨਾ ਵੱਲੋਂ ਨਿਰਦੇਸ਼ਿਤ ਕੀਤਾ 'ਸਿਉਂਕ' ਚੇਤਨਾ ਕਲਾ ਕੇਂਦਰ ਬਰਨਾਲਾ ਦੀ ਟੀਮ ਵੱਲੋਂ ਪੇਸ਼ ਕੀਤਾ ਗਿਆ ਜੋ ਨੌਜਵਾਨ ਪੀੜ੍ਹੀ ਨੂੰ ਦਰਪੇਸ਼ ਬੇਰੁਜ਼ਗਾਰੀ ਦੀ ਸਮੱਸਿਆ ਤੋਂ ਮੁਕਤੀ ਦਾ ਰਾਹ-ਦਸੇਰਾ ਹੋ ਨਿੱਬੜਿਆ।

ਸਫ਼ਦਰ ਹਾਸ਼ਮੀ ਦਾ ਲਿਖਿਆ ਨਵਚਿੰਤਨ ਕਲਾ ਮੰਚ ਬਿਆਸ (ਹੰਸਾ ਸਿੰਘ) ਵੱਲੋਂ ਪੇਸ਼ ਨਾਟਕ 'ਔਰਤ' ਕੁਲ ਵਸੋਂ ਦੀ ਅੱਧੀ ਆਬਾਦੀ ਔਰਤ ਵਰਗ ਨੂੰ ਆਪਣੀ ਮੁਕਤੀ ਲਈ ਜਾਗਣ ਦਾ ਹੋਕਾ ਦੇ ਗਿਆ।

'ਤੈਂ ਕੀ ਦਰਦ ਨਾ ਆਇਆ' ਨੇਤੀ ਆਰਟ ਗਰੁੱਪ (ਬਲਵਿੰਦਰ ਬੁਲਟ) ਦਾ ਨਾਟਕ ਇਸ ਰਾਤ ਦੇ ਸਿਖਰ 'ਤੇ ਪੰਜਾਬ ਅੰਦਰ ਉੱਠ ਰਹੇ ਬੇਜ਼ਮੀਨੇ ਲੋਕਾਂ ਦੇ ਘੋਲਾਂ, ਉਹਨਾਂ ਉੱਪਰ ਢਾਹੇ ਜਾ ਰਹੇ ਜਬਰ ਦੀ ਰੌਂਗਟੇ ਖੜ੍ਹੇ ਕਰਦੀ ਕਹਾਣੀ ਪੇਸ਼ ਕਰ ਗਿਆ।

ਮਾਸਟਰ ਰਾਮ ਕੁਮਾਰ ਦੀ ਨਿਰਦੇਸ਼ਨਾ 'ਚ ਲੋਕ ਸੰਗੀਤ ਮੰਡਲੀ ਭਦੌੜ, ਕਵੀਸ਼ਰੀ ਜਥਾ ਰਸੂਲਪੁਰ, ਜੁਗਰਾਜ ਧੌਲਾ, ਇਕਬਾਲ ਉਦਾਸੀ, ਅੰਮ੍ਰਿਤਪਾਲ ਬਠਿੰਡਾ ਅਤੇ ਅਜਮੇਰ ਅਕਲੀਆ ਨੇ ਗੀਤ ਪੇਸ਼ ਕੀਤੇ।

ਮੇਲੇ ਦੇ ਮੰਚ ਸੰਚਾਲਕ ਕੰਵਲਜੀਤ ਖੰਨਾ ਨੇ ਜੋ ਮਤੇ ਪੇਸ਼ ਕੀਤਾ ਉਨ੍ਹਾਂ ਨੂੰ ਭਰੇ ਪੰਡਾਲ ਦੁਆਰਾ ਪ੍ਰਵਾਨਗੀ ਦਿੱਤੀ ਗਈ ਜਿੰਨ੍ਹਾਂ 'ਚ ਮੰਗ ਕੀਤੀ ਗਈ ਕਿ ਮਜ਼ਦੂਰਾਂ ਕਿਸਾਨਾਂ ਦੇ ਚੱਲ ਰਹੇ ਸੰਘਰਸ਼ ਦੀਆਂ ਹੱਕੀ ਮੰਗਾਂ ਨੂੰ ਫੌਰੀ ਪ੍ਰਵਾਨ ਕੀਤਾ ਜਾਵੇ, ਸਿੱਖਿਆ ਅਤੇ ਸਮਾਜੀ ਸੱਭਿਆਚਾਰ ਦਾ ਭਗਵਾਂਉਕਰਨ ਬੰਦ ਕੀਤਾ ਜਾਵੇ, ਡਾ. ਦਭੋਲਕਰ, ਡਾ. ਐਮ.ਐਮ. ਕੁਲਬਰਗੀ ਵਰਗੇ ਕਲਮਕਾਰਾਂ ਉੱਪਰ ਕਾਤਲਾਨਾ ਹੱਲੇ ਬੋਲਣ ਵਾਲੀਆਂ ਫਿਰਕੂ ਤਾਕਤਾਂ ਨੂੰ ਨੱਥ ਪਾਈ ਜਾਵੇ ਅਤੇ ਲੋਕਾਂ ਦੇ ਮੌਲਿਕ ਅਧਿਕਾਰਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਉੱਪਰ ਧਾਵ ਬੋਲਣੇ ਬੰਦ ਕੀਤੇ ਜਾਣ। ਇਸ ਮੌਕੇ ਜਿੱਥੇ ਭਰਾਤਰੀ ਜਥੇਬੰਦੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਉੱਥੇ ਉਹਨਾਂ ਮੰਚ ਵੱਲੋਂ ਇਨਕਲਾਬੀ ਸੱਭਿਆਚਾਰਕ ਮੇਲਿਆਂ ਦੀ ਇਹ ਲੜੀ ਪ੍ਰਭਾਵਸ਼ਾਲੀ ਅੰਦਾਜ਼ 'ਚ ਭਵਿੱਖ 'ਚ ਵੀ ਜਾਰੀ ਰੱਖਣ ਦਾ ਵਿਸ਼ਵਾਸ ਦਿੱਤਾ।

## ਕਿਸਾਨ-ਕੰਮੀ-ਕਰਾਂਤੀ

ਗਾਣਿਆਂ ਵਾਲੇ ਜੱਟ ਦਾ ਥੋਨੂੰ ਸੱਚ ਸੁਣਾਵਣ ਲੱਗਾਂ ਹਾਂ
ਪੂਰ ਬਿਆਈਆਂ ਪਾਟੇ ਜੀਹਦੇ ਨੈਣੀਂ ਨੀਂਦਰ ਰੜਕੇ

ਵੇਚ ਵੱਟ ਕੇ ਹਾੜੀ ਸਾਉਣੀ ਹਿਸਾਬ ਨਿਬੇੜਨ ਚੱਲਿਆ
ਮੁੱਠੀ ਵਿੱਚ ਕਲੇਜ਼ਾ ਆਇਆ, ਫੜਕ ਫੜਕ ਦਿਲ ਧੜਕੇ

ਕੁਝ ਪਰਨੋਟਾਂ 'ਤੇ 'ਗੂਠੇ ਲਾ ਗਿਆ ਸੀ ਤੇਰਾ ਬਾਪੂ
ਕਾਗਜ਼ ਕੱਢ ਦਿਖਾਏ ਆੜਤੀਏ ਨੇ ਮਿੰਟ ਕੁ ਮਾਤਮ ਕਰਕੇ

ਆਪੇ ਹੀ ਤਾਂ ਕਹਿੰਦੇ ਹੋ ਧਰਤੀ ਮਾਂ ਹੁੰਦੀ ਏ ਕਿਰਤੀ ਦੀ
ਫਿਰ ਕੀ ਹਾਲਤ ਹੁੰਦੀ ਹੋਣੀ ਉਸਦੀ ਮਾਂ ਨੂੰ ਗਹਿਣੇ ਧਰਕੇ

ਕੁਝ ਡੇਗ- ਮੁਕੱਦਮਾ ਖਾ ਗਏ ਕੁਝ ਰੱਖ ਲਈ ਬੈਂਕਾ ਮੜ ਕੇ
ਰਹਿੰਦੀ ਧੀ ਦੇ ਵਿਆਹ 'ਤੇ ਵਿਕ ਗਈ ਬਾਕੀ ਨਾਨਕ ਛੱਕਾਂ ਭਰਕੇ

ਸ਼ਾਮੀ ਦੁੱਧ ਚੁਆਵੇ, ਰਾਤੀਂ ਧਾਗਾ ਮਿੱਲ ਨੂੰ ਜਾਵੇ,ਸਬਜ਼ੀ ਵੇਚੇ ਤੜਕੇ
ਵਾਂਗ ਜ਼ਮੂਰੇ ਨੱਚੇ ਬੰਦਾ, ਢਿੱਡ ਦਾ ਡਮਰੂ ਖੜਕੇ

ਚੁੱਕ ਲੈ ਝੰਡਾ ਵਿਚ ਮੈਦਾਨੀ, ਨਾ ਰੋ ਅੰਦਿਰ ਵੜ ਕੇ
ਰੋ ਧੋ ਕੇ ਤਾਂ ਭੀਖ ਮਿਲੇ ਬਸ ਹੱਕ ਮਿਲਦੇ ਨੇ ਲੜ ਕੇ

ਏਹ ਨਾਲ਼ਿਆਂ ਦੀ ਕੀ ਹਸਤੀ ਜੋ ਖੇਤ ਨਾ ਸਿੰਜਣ ਸਾਡੇ
ਦਰਿਆਵਾਂ ਦੇ ਰੁਖ ਮੁੜਦੇ, ਬੰਦਾ ਖੜ ਜਾਂਦਾ ਜਦ ਅੜਕੇ....

-ਜਸਕਰਨ

## ਬੰਦੂਕਾਂ ਵਾਲਾ ਸੱਭਿਆਚਾਰ

ਵੇਖ ਮੇਰੇ ਵੀਰ
'ਦਮੂਖਾਂ' ਬੀਜਣ ਵਾਲੇ ਭਗਤ ਸਿੰਘ!
ਤੂੰ ਆਪਣੀ ਮਾਤ-ਭੂਮੀ ਲਈ
ਆਪਣੇ ਦੀਨ ਲਈ
ਆਪਣੇ ਈਮਾਨ ਲਈ
ਖੇਤਾਂ 'ਚ ਬੀਜਦਾ ਸੀ 'ਦਮੂਖਾਂ'।
ਵੇਖ,
ਤੇਰੀ ਭਾਰਤ ਮਾਂ ਜਾਏ
ਤੇਰੀ ਪੰਜਾਬ ਮਾਂ ਦੇ ਪੁੱਤਰ
ਫ਼ਿਜ਼ਾ 'ਚ ਦਹਿਸ਼ਤ ਘੋਲਦਾ
ਪਟਾਕੇ ਪਾਉਣ ਵਾਲਾ ਅਸਲਾ ਭਾਲਦੇ ਨੇ
ਲਿਸ਼-ਲਿਸ਼ ਕਰਦੇ ਜਵਾਨ ਵਰ੍ਹੇ
ਨਸ਼ੇ ਦੀਆਂ ਸਰਿੰਜਾਂ 'ਚ ਗਾਲਦੇ ਨੇ।
ਲੰਡੀਆਂ ਜੀਪਾਂ ਦੇ ਟਿਊਬਲੈੱਸ ਟਾਇਰਾਂ ਹੇਠ
ਮਿੱਧਿਆ ਜਾ ਰਿਹੈ
ਤੇਰਾ ਰਾਤਾਂ ਜਾਗ-ਜਾਗ ਕੇ ਪੜ੍ਹਿਆ
ਪੁਸਤਕ ਸੱਭਿਆਚਾਰ ਮੇਰੇ ਵੀਰ
ਉਨ੍ਹਾਂ ਦੀ ਫੇਸ-ਬੁੱਕ ਨੂੰ 'ਸੂਟ' ਨਹੀਂ ਕਰਦੇ
ਤੇਰੇ ਜੇਲ 'ਚ ਲਿਖੇ ਡਾਇਰੀਆਂ ਦੇ ਪੰਨੇ।
ਵੇਖ ਮੇਰੇ ਵੀਰ!
ਕਿੰਨੀ ਬਦਲ ਦਿੱਤੀ ਹੈ
ਗੀਤਾਂ ਦੇ ਅਖੌਤੀ ਵਣਜਾਰਿਆਂ ਨੇ
ਜੱਟ ਦੀ ਪਰਿਭਾਸ਼ਾ
ਸਜਾ ਦਿੱਤੀ ਹੈ ਉਸ ਦੇ ਕਿਰਤੀ ਹੱਥਾਂ 'ਤੇ
ਹਿੰਸਾ ਦੀ ਮਹਿੰਦੀ।
ਆ ਗਏ ਨੇ ਤੇਰੀ ਮਾਂ ਜਾਏ
ਸਤਰੰਗੇ ਸੁਪਨਿਆਂ ਦੇ ਛਲਾਵੇ 'ਚ
ਤੇਰੇ ਚੋਲੇ ਦੇ ਬਸੰਤੀ ਰੰਗ ਦਾ ਚੇਤਾ
ਉਨ੍ਹਾਂ ਨੂੰ ਸਿਰਫ਼ 'ਅਠਾਈ ਸਤੰਬਰ'
ਤੇ 'ਤੇਈ ਮਾਰਚ' ਨੂੰ ਹੀ ਆਉਂਦਾ ਹੈ।
ਉਨ੍ਹਾਂ ਨੂੰ ਤਾਂ ਸਿਰਫ਼
ਤੇਰੀ ਤਸਵੀਰ 'ਤੇ ਛਪਿਆ 'ਪਿਸਟਲ' ਹੀ ਦਿੱਸਦਾ ਏ
ਉਨ੍ਹਾਂ ਨੂੰ ਨਹੀਂ ਦਿੱਸਦਾ
ਤੇਰੇ ਮੱਥੇ 'ਚ ਜਗਦਾ
ਚੇਤਨਾ ਦਾ ਦੀਪ
ਤੇਰੀਆਂ ਅੱਖਾਂ 'ਚ ਮਘਦਾ
ਇਲਮ ਦਾ ਸੂਰਜ
ਤੇਰੇ ਸਿਰ 'ਤੇ ਸਜੀ
ਅਦਬ ਦੀ ਪਗੜੀ।
ਉਨ੍ਹਾਂ ਨੂੰ ਤਾਂ ਬਾਪ ਦੀ ਜੇਬ 'ਚੋਂ
ਤੇ ਮਾਂ ਦੀ ਮੈਲੀ ਚੁੰਨੀ ਦੇ ਲੜ 'ਚ ਬੰਨ੍ਹੇ
ਸਿੱਕਿਆਂ 'ਚੋਂ ਹੀ ਦਿੱਸਦਾ ਏ ਇਨਕਲਾਬ।
ਮੇਰੇ ਵੀਰ,
ਅਸੀਂ ਹਿੰਸਾ ਦੇ ਯੁੱਗ 'ਚ ਜੀਅ ਰਹੇ ਹਾਂ
ਇਸ ਯੁੱਗ ਦੇ ਪੈਗੰਬਰਾਂ ਨੂੰ ਕੌਣ ਸਮਝਾਵੇ
ਤੇਰੇ 'ਦਮੂਖਾਂ' ਬੀਜਣ ਦੇ ਮਨੋਰਥ ਦਾ ਸੱਚ।
ਵੇਖ ਸਾਡਾ ਸੱਭਿਆਚਾਰ
ਹੁਣ ਬੰਦੂਕਾਂ ਵਾਲਾ ਸੱਭਿਆਚਾਰ ਬਣ ਗਿਆ....!

- ਸਰਬਜੀਤ ਕੌਰ ਜੱਸ
ਸੰਪਰਕ: 95014-85511

## ਨੌਜਵਾਨ ਦਾ ਚਿੰਤਨ

ਮੈਂ ਜੋਬਨ ਰੁੱਤੇ ਨਹੀਂ ਮਰਨਾ
ਨਾ ਚਾਹਵਾਂ ਕਿਸੇ ਸਾਹਿਬਾਂ ਪਿਛੇ
ਇਕੱਲਾ ਹੀ ਜੰਡ ਹੇਠ ਵੱਢਿਆ ਜਾਵਾਂ
ਨਾ ਬਣ ਕੇ ਗੁਲਾਮ ਕਿਸੇ ਹੀਰ ਦਾ
ਬਾਰਾਂ ਵਰ੍ਹੇ ਮੈਂ ਮੱਝੀਆਂ ਚਰਾਵਾਂ
ਮੈਂ ਤਾਂ ਕੁਝ ਕਰਨਾ ਚਾਹੁੰਦਾ ਹਾਂ
ਸੀਸ ਤਲੀ 'ਤੇ ਧਰਨਾ ਚਾਹੁੰਦਾ ਹਾਂ
ਮੈਂ ਜੋਬਨ ਰੁੱਤੇ ਨਹੀਂ ਮਰਨਾ....

ਨਾ ਚਾਹਵਾਂ ਕਿਸੇ ਲੀਡਰ ਦੇ ਨਸ਼ੇੜੀ ਗੈਂਗ ਦਾ
ਅੰਗ ਬਣ ਨਸ਼ਿਆਂ ਦੀ ਤਸਕਰੀ ਕਰਨਾ
ਹਾਂ ਹਾਂ ਮੈਂ ਆਸ਼ਕ ਹਾਂ
ਮਹਿਬੂਬ ਆਜ਼ਾਦੀ ਦਾ ਆਸ਼ਕ
ਮੈਂ ਚਾਹੁੰਦਾ ਹਾਂ ਬਣਨਾ
ਖ਼ੂਨ ਪਸੀਨਾ ਵਹਾਉਂਦੇ ਮਜਦੂਰਾਂ
ਮੰਡੀਆਂ ਵਿਚ ਰੁਲਦੇ ਕਿਰਸਾਨਾਂ
ਦੀਆਂ ਵੇਦਨਾਵਾਂ ਆਸ਼ਾਵਾਂ ਦਾ ਸਾਥੀ
ਮੈਂ ਜੋਬਨ ਰੁੱਤੇ ਨਹੀਂ ਮਰਨਾ....

ਮੈਂ ਝੁੱਗੀਆਂ-ਝੌਂਪੜੀਆਂ 'ਚ ਰਹਿੰਦੇ
ਕੂੜੇ ਦੇ ਢੇਰਾਂ 'ਚੋਂ ਲਿਫਾਫੇ ਚੁਗਦੇ
ਬੱਚਿਆਂ ਦਾ ਜਿਉਣ ਬਦਲਣਾ ਚਾਹੁੰਦਾ ਹਾਂ।
ਮੈਂ ਜੋਬਨ ਰੁੱਤੇ ਨਹੀਂ ਮਰਨਾ....

ਮੇਰੀ ਕਲਮ ਨਹੀਂ ਗਾਏਗੀ
ਦਿੱਖ-ਅਦਿੱਖ ਦਾਤਾ ਦੇ ਸੋਹਲੇ
ਬਸ ਮਘਦਾ ਇਕ ਸੂਰਜ ਬਣ
ਕੰਮੀਆਂ ਦੇ ਵਿਹੜੇ ਰੁਸ਼ਨਾਏਗੀ।
ਮੈਂ ਤਾਂ ਚਾਹੁੰਦਾ ਹਾਂ ਲੋਕਾਂ ਸੰਗ ਰਹਿਣਾ
ਮਲਕ ਭਾਗੋਆਂ ਦੇ ਪੂੜਿਆਂ ਨੂੰ ਛੱਡ
ਲਾਲੋ ਦੀ ਸੁੱਚੀ ਰੋਟੀ ਮਨ ਨੂੰ ਭਾਏਗੀ।
ਮੈਂ ਜੋਬਨ ਰੁੱਤੇ ਨਹੀਂ ਮਰਨਾ....

ਜ਼ਿੰਦਗੀ ਹੀ ਜੀਵਨ-ਜਾਚ ਸਿਖਾ ਦੇਵੇ
ਗੋਬਿੰਦ ਦੇ ਵਾਰਸ ਬਣਾ ਸਿਰਾ ਪਾਰ ਕਰਾ ਦੇਵੇ।
ਸੋਨ-ਸਵੇਰ ਨੇ ਹਰ ਹਾਲਤ
ਹੈ ਕੁੱਲੀਆਂ 'ਚ ਦਸਤਕ ਦੇਣੀ
'ਯਾਰੜੇ ਦਾ ਸੱਥਰ' ਇਹੋ ਗੱਲ ਸਮਝਾ ਦੇਵੇ।

- ਕਮਲ ਦੀਪ ਸਿੰਘ ਜਲੂਰ

## ਕੋਨਾ ਕੋਨਾ ਰੁਸ਼ਨਾ ਲਿਆ ਓਸਨੇ ਘਰ ਦਾ

ਕੋਨਾ ਕੋਨਾ ਰੁਸ਼ਨਾ ਲਿਆ ਓਸਨੇ ਘਰ ਦਾ
ਆਪਣੀ ਜ਼ਮੀਰ ਦਾ ਦੀਵਾ ਬੁਝਾ ਕੇ
ਚੁੱਭਣਗੇ ਸੂਲਾਂ ਬਣ ਨਾ ਸੋਚ ਛਾਂ ਕਰਨਗੇ
ਪਾਲਦੈਂ ਬੂਟੇ ਜੋ ਪਾਣੀ ਫ਼ਰੇਬ ਦੇ ਪਾ ਕੇ
...

ਲੂਣਾ 'ਤੇ ਪੂਰਨ ਅੱਜ ਕੱਲ ਹੋ ਗਏ ਰਜ਼ਾਮੰਦ ਨੇ
ਬਿਰਧ ਆਸ਼ਰਮ ਇੱਛਰਾਂ ਸੌਂ ਗਈ ਕੁਰਲਾ ਕੇ
ਗੋਰਖਾਂ, ਧੰਦੇ ਵਿੱਚ ਲਏ ਸੁੰਦਰਾ ਪਰਣਾ ਲਈ
ਵੇਚ ਦਿੱਤੀ ਸਰਵਣਾਂ ਬਹਿੰਗੀ ਬਜ਼ਾਰ ਜਾ ਕੇ

ਗ਼ਮ ਸੀ ਜੁਦਾਈ ਦਾ ਤਾਂ ਕਾਰੋਬਾਰ ਨਾ ਕਰਦਾ
ਪਰਿਆਂ 'ਚ ਮੇਰੇ ਇਸ਼ਕ ਦੇ ਕਿੱਸੇ ਸੁਣਾ ਕੇ
ਤੇਰੇ ਨੌਹਾਂ 'ਚ ਟੋਟੇ ਨੇ ਸਾਡੀਆਂ ਆਂਦਰਾਂ ਦੇ
ਚੰਗੀ ਪੁਗਾਈ ਸਾਂਝ ਤੂੰ ਨੌਂਹ ਮਾਸ ਦੀ ਬਣਾਕੇ

ਆਲਣੇ ਬਣਾ ਰਹੇ ਪਰਿੰਦੇ ਮੁੜ ਤੀਲੇ ਜੋੜ ਕੇ
ਲੰਘੀ ਹੈ ਕੋਲ਼ ਦੀ ਸਾਜ਼ਿਸ਼ ਹਵਾ ਮੁਸਕਰਾ ਕੇ
ਮੁੜ ਅੜਿੱਕਾ ਬਣਨਗੇ ਵਖ਼ਤ ਰਹਿੰਦੇ ਰੋਕ ਲੈ
ਲਾਇਆ ਸੁਨੇਹਾ ਚੁਗ਼ਲ ਨੇ ਝੱਖੜਾਂ ਨੂੰ ਜਾ ਕੇ

ਬੜੇ ਗਾ ਲਏ ਇਸ਼ਕ – ਮੁਸ਼ਕ ਦੇ ਮਰਸੀਏ
ਆ ਹੁਣ ਵੇਖ ਜ਼ਰਾ ਪੀੜ ਲੋਕਾਂ ਦੀ ਵੰਡਾ ਕੇ
ਹਿਜ਼ਰਾਂ ਦਾ ਸੇਕ ਭੈੜਾ ਜਾਂ ਬੁਰੀ ਏ ਭੁੱਖ ਦੱਸੀਂ
ਪਹਿਲਾਂ ਦੇਖ ਪੰਜ ਸੱਤ ਰਾਤਾਂ ਭੁੱਖਿਆਂ ਲੰਘਾ ਕੇ

## ਅਸੀਂ ਭਗਤ ਸਿੰਘ ਦੇ ਕੀ ਲੱਗਦੇ

ਬੰਨ੍ਹ ਕੇਸਰੀ ਪੱਗਾਂ ਲੜ੍ਹ ਛੱਡ, ਪੋਜ ਬਣਾ ਛੱਡਦੇ
ਸਾਲ ਚ ਇੱਕ ਦਿਨ ਬੁੱਤ ਉੱਤੇ ਦੋ ਫੁੱਲ ਚੜ੍ਹਾ ਛੱਡਦੇ
ਉਂਝ ਉਸਦੇ ਵੇਖੇ ਸੁਪਨਿਆਂ ਦੇ ਗਲ਼ ਗੂੰਠਾ ਦੇ ਘੰਢੀ ਦੱਬਦੇ
ਸਾਡਾ ਭਗਤ ਸਿੰਘ ਕੀ ਲੱਗਦਾ ਏ,
ਅਸੀਂ ਭਗਤ ਸਿੰਘ ਦੇ ਕੀ ਲੱਗਦੇ
"ਖੰਘੇ ਸੀ ਤਾਂ ਟੰਗੇ" ਵਾਲਾ ਹੋਕਾ ਲਾਉਂਦੇ ਦੀ
ਗੱਡੀਆਂ ਪਿੱਛੇ ਫੋਟੋ ਲਾਕੇ ਮੁੱਛ ਚੜ੍ਹਾਉਂਦੇ ਦੀ
ਓਹਦੀ ਅਣਮੁੱਲੀ ਕੁਰਬਾਨੀ ਦੀ ਸਸਤੀ ਜਿਹੀ ਕੀਮਤ ਪਾ ਛੱਡਦੇ
ਸਾਡਾ ਭਗਤ ਸਿੰਘ ਕੀ ਲੱਗਦਾ ਏ, ਅਸੀਂ ਭਗਤ ਸਿੰਘ ਦੇ ਕੀ ਲੱਗਦੇ
ਸਿੱਖ ਤਾਂ ਲਾਉਣ ਸਕੀਮਾਂ ਉਸਨੂੰ ਪੱਗ ਪਹਿਨਾਉਣ ਦੀਆਂ
ਹਿੰਦੂ ਜੁਗਤਾਂ ਘੜਦੇ ਨੇ ਉਹਤੇ ਟੋਪੀ ਪਾਉਣ ਦੀਆਂ
ਖਿੱਚ ਧੂਹ ਵਿੱਚ ਉਹਦੇ ਵਿਚਾਰਾਂ ਦੀ ਨਿੱਤ ਹੀ ਤਾਂ ਅਰਥੀ ਹਾਂ ਕੱਢਦੇ
ਸਾਡਾ ਭਗਤ ਸਿੰਘ ਕੀ ਲੱਗਦਾ ਏ, ਅਸੀਂ ਭਗਤ ਸਿੰਘ ਦੇ ਕੀ ਲੱਗਦੇ
ਹੱਕ ਸੱਚ ਤੇ ਨਿਆਂ ਲਈ ਜਿਸ ਦਿਨ ਸਿੱਖ ਲਾਂਗੇ ਲੜਨਾਂ
ਯੋਧੇ ਦੇ ਵਾਰਿਸ ਅਖਵਾਉਣ ਹੱਕਦਾਰ ਉਦੋਂ ਬਣਨਾ
ਕਦ ਗੱਲਾਂ ਦੇ ਘੜਾਹ ਨਾਲ ਪਾਲੀਏ ਭੁੱਖੇ ਢਿੱਡ ਰੱਜਦੇ
ਸਾਡਾ ਭਗਤ ਸਿੰਘ ਕੀ ਲੱਗਦਾ ਏ, ਅਸੀਂ ਭਗਤ ਸਿੰਘ ਦੇ ਕੀ ਲੱਗਦੇ।

- ਸਤਨਾਮ ਪਾਲੀਆ

## ਕਵੀ

ਜੇ ਤੇਰੀ ਕਲਮ
ਸੱਤਾ ਦੇ ਤੱਖਤਾਂ ਤੇ ਬੈਠੇ ਲੋਕਾਂ ਦੇ
ਸੋਹਲੇ ਗਾਉਂਦੀ ਹੈ
ਹਰ ਬੇ-ਇਨਸਾਫੀ
ਧੱਕੇ – ਸ਼ਾਹੀ ਅਤੇ
ਲੁੱਟ ਘਸੁੱਟ ਨੂੰ ਨਜ਼ਰ ਅੰਦਾਜ਼ ਕਰ
ਸ਼ਾਹੀ ਫੁਰਮਾਨਾਂ ਮੂਹਰੇ ਸਿਰ ਝੁਕਾਉਂਦੀ ਹੈ
ਕਿਰਤੀ ਕਾਮਿਆਂ ਦੇ ਲਹੂ ਪਸੀਨੇ ਦੀ
ਲੁੱਟ ਹੁੰਦੀ ਦੇਖ
ਤੇਰੀ ਕਲਮ ਦੇ ਸੀਨੇ 'ਚ
ਰੋਹ ਨਹੀਂ ਜਾਗਦਾ
ਹਰ ਭੁੱਖਾ ਢਿੱਡ
ਤੈਨੂੰ ਆਪਣਾ ਢਿੱਡ ਨਹੀਂ ਜਾਪਦਾ
ਧਰਤੀ ਦੀ ਹਿੱਕ ਤੇ ਵਰ੍ਹਦਾ
ਅੱਗ ਦਾ ਮੀਂਹ
ਤੇਰੀ ਕਲਮ ਦੀ ਰੂਹ ਨਹੀਂ ਸਾੜਦਾ
ਤੇ ਤੇਰਾ ਗੀਤ
ਤੇਰੇ ਆਪਣੇ ਪੇਟ ਤੋਂ ਛੁੱਟ
ਕਿਤੇ ਹੋਰ ਨਿਗਾਹ ਨਹੀਂ ਮਾਰਦਾ
ਤਾਂ ਮੁਆਫ਼ ਕਰੀਂ ਮਿਤਰਾ
ਤੂੰ ਕਵੀ ਨਹੀਂ
ਤੂੰ
ਮੌਕਾਪ੍ਰਸਤ ਜਾਂ ਝੋਲੀ ਚੁੱਕ
ਤਾਂ ਹੋ ਸਕਦਾ ਹੈਂ
ਪਰ ਕਵੀ ਨਹੀਂ

- ਸੁਰਿੰਦਰ ਗੀਤ

## ਸਾਡੀਆਂ ਵੋਟਾਂ




ਲੋਕ-ਤੰਤਰ ਦਾ ਤਾਜ ਸੱਜਾ ਕੇ
ਸ਼ਾਹੀ ਤੱਖਤਾਂ ਤੇ ਉਹ ਬੈਠੇ
ਸਾਡੀ ਥਾਂ ਤਾਂ ਰਹਿ ਗਈ ਹੁਣ
ਤੱਖਤਾਂ ਦੇ ਪਾਵਿਆਂ ਦੇ ਥੱਲੇ
ਆਜ਼ਾਦੀ ਦਿਵਸ ਹੋਵੇ
ਜਾਂ ਹੋਵੇ ਗਣ-ਤੰਤਰ ਦਾ ਦਿਨ
ਲੈਲੋਕ-ਤੰਤਰ ਦੇ ਛੱਪੜ ਦੇ ਵਿੱਚ
ਤਰਦੀਆਂ ਫਿਰਦੀਆਂ
ਰੱਤ ਪੀਣੀਆਂ ਜੋਕਾਂ
ਲੋਕ ਰਾਜ ਦਾ ਰੋਂਦਾ ਚਿਹਰਾ
ਪੂੰਝਣ ਦੇ ਲਈ
ਥਾਂ ਥਾਂ ਤੇ ਲਹਿਰਾਉਣ ਤਿਰੰਗੇ
ਜਿੰਨ੍ਹਾਂ ਦੇ ਢਿੱਡਾਂ ਵਿੱਚ ਡੂੰਘੇ
ਗੱਡੇ ਜਾਂਦੇ ਨੇ ਇਹ ਝੰਡੇ
ਉਹਨਾਂ ਨੂੰ ਇਹ ਆਖ ਦਿੰਦੇ ਨੇ
ਇਹ ਹਨ ਸਾਡੀਆਂ ਵੋਟਾਂ

ਸੁਰਿੰਦਰ ਗੀਤ

Gill Appliances & Heating Services
Residential, Commercial Service and Installation
24 Hour Service
Call: Surinder Gill
905.460.5544
***Repair and Install duct, heating, humidifier, air conditioner, water heater, dish washer, dryer, stove, fridge***

# ‘ਸ਼ਬਦਾਂ ਦਾ ਜਾਦੂਗਰ-ਐਸ ਅਸ਼ੋਕ ਭੌਰਾ’ ਪੁਸਤਕ ਰਿਲੀਜ਼ ਸਮਾਰੋਹ

## ਟੋਰਾਂਟੋ ’ਚ ਪੰਜਾਬੀਆਂ ਦੇ ਭਰਵੇਂ ਇਕੱਠ ’ਚ ਅਸ਼ੋਕ ਭੌਰੇ ਦੀ ਵਾਰਤਿਕ ਸ਼ੈਲੀ ਦੀ ਖ਼ੂਬ ਹੋਈ ਪ੍ਰਸ਼ੰਸਾ

ਟੋਰਾਂਟੋ (ਬਿਓਰੋ) – ‘ਪਿਛਲੇ ਢਾਈ ਦਹਾਕਿਆਂ ਵਿਚ ਜਿਸ ਤਰ੍ਹਾਂ ਦੀ ਆਪਣੀ ਸਾਹਿਤਕ ਸ਼ੈਲੀ ਨਾਲ ਐਸ ਅਸ਼ੋਕ ਭੌਰਾ ਨੇ ਪੰਜਾਬੀ ਸਾਹਿਤ ਨੂੰ ਨਵੀਆਂ ਪੈੜਾਂ ’ਤੇ ਲੀਹਾਂ ਦਿੱਤੀਆਂ ਹਨ ਉਸ ਨਾਲ ਨਾ ਸਿਰਫ ਪੰਜਾਬੀ ਜ਼ੁਬਾਨ ਨੂੰ ਮਾਣ ਮਿਲਿਆ ਹੈ ਸਗੋਂ ਪੰਜਾਬ ਦਾ ਸਮੁੱਚਾ ਸਾਹਿਤਕ ਜਗਤ ਇਸ ਗੱਲ ’ਤੇ ਵੀ ਫਖਰ ਮਹਿਸੂਸ ਕਰਦਾ ਰਹੇਗਾ ਕਿ ਤਸ਼ਬੀਹਾਂ, ਸਰਲਤਾ ਅਤੇ ਆਮ ਬੋਲਚਾਲ ਨੂੰ ਜਿਸ ਤਰ੍ਹਾਂ ਉਹਨੇ ਸ਼ਬਦਾਂ ਵਿਚ ਬੰਨ੍ਹਿਆਂ ਹੈ ਉਸ ਨੂੰ ਨਜ਼ਰ ਕੀਲਣ ਵਾਂਗ ਕੋਈ ਜਾਦੂਗਰ ਹੀ ਬੰਨ੍ਹ ਸਕਦਾ ਹੈ। ਇਸ ਲਈ ਅਸ਼ੋਕ ਭੌਰੇ ਬਾਰੇ ਲਿਖੀ ਪੁਸਤਕ ਨੂੰ ਸੰਪਾਦਤ ਕਰਦਿਆਂ ਮੈਨੂੰ ਵੀ ਲੱਗਾ ਹੈ ਕਿ ਮੈਂ ਉਸਨੂੰ ਸ਼ਬਦਾਂ ਦਾ ਜਾਦੂਗਰ ਕਹਿ ਕੇ ਅਹਿਸਾਨ ਨਹੀਂ ਕੀਤਾ ਹੈ ਸਗੋਂ ਬਣਦਾ ਫਰਜ਼ ਹੀ ਨਿਭਾਇਆ ਹੈ। ਆਸ ਵੀ ਕਰਾਂਗੇ ਕਿ ਉਹ ਪੰਜਾਬੀ ਬੋਲੀ ਅਤੇ ਭਾਸ਼ਾ ਨੂੰ ਅਮੀਰ ਬਣਾਉਣ ਵਿਚ ਆਪਣਾ ਯੋਗਦਾਨ ਲਗਾਤਾਰ ਪਾਉਂਦਾ ਰਹੇਗਾ।’ ਉਪਰੋਕਤ ਸ਼ਬਦ ਇਥੇ ਚਾਂਦਨੀ ਗੇਟਵੇਅ ਕਨਵੈਂਸ਼ਨ ਸੈਂਟਰ ਵਿਖੇ ‘ਸੈਂਚੁਰੀ 21 ਪ੍ਰੈਜ਼ੀਡੈਂਟ ਰਿਐਲਿਟੀ’ ਦੇ ਗੁਰਚਰਨ ਭੌਰਾ, ਸੁਖਵਿੰਦਰ ਭੌਰਾ ਅਤੇ ਯੁਨਾਈਟਿਡ ਪੰਜਾਬੀ ਹੈਰੀਟੇਜ ਆਰਗੇਨਾਈਜ਼ੇਸ਼ਨ ਕੈਨੇਡਾ ਵਲੋਂ ਜਸਪਾਲ ਗਹੂੰਣੀਆਂ ਦੀ ਅਗਵਾਈ ਵਿਚ ਕਰਵਾਏ ਗਏ ਇਸ ਪੁਸਤਕ ਰਿਲੀਜ਼ ਸਮਾਰੋਹ ਵਿਚ ਬੋਲਦਿਆਂ ਨਾਮੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਨੇ ਆਖੇ। ਅਸ਼ੋਕ ਭੌਰੇ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੈਂਦੇ ਜੱਦੀ ਪਿੰਡ ‘ਭੌਰਾ’ ਦੇ ਅਨੇਕਾਂ ਪਰਿਵਾਰ ਜਿੱਥੇ ਇਸ ਸਮਾਗਮ ਵਿਚ ਸ਼ਾਮਿਲ ਹੋਏ ਉਥੇ ਕਰੀਬ 200 ਤੋਂ ਵੱਧ ਨਾਮੀ ਸਾਹਿਤਕ, ਸਮਾਜਿਕ ਅਤੇ ਟੋਰਾਂਟੋ ਦੀਆਂ ਰਾਜਨੀਤਕ ਹਸਤੀਆਂ ਨੇ ਸ਼ਾਮਿਲ ਹੋ ਕੇ ‘ਸ਼ਬਦਾਂ ਦਾ ਜਾਦੂਗਰ- ਐਸ ਅਸ਼ੋਕ ਭੌਰਾ’ ਪੁਸਤਕ ਰਿਲੀਜ਼ ਸਮਾਰੋਹ ਨੂੰ ਯਾਦਗਾਰੀ ਬਣਾ ਦਿੱਤਾ। ਮੰਚ ਸੰਚਾਲਨ ਕਰਦਿਆਂ ਸਾਹਿਤ ’ਤੇ ਸੰਗੀਤ ਨੂੰ ਉਤਸ਼ਾਹਿਤ ਕਰਨ ਵਾਲੀ ਨਾਮੀ ਹਸਤੀ ਇਕਬਾਲ ਮਾਹਲ ਨੇ ਇਸ ਸਮਾਗਮ ਦਾ ਮੰਚ ਸੰਚਾਲਨ ਕਰਦਿਆਂ ਸ਼ੁਰੂਆਤੀ ਸ਼ਬਦਾਂ ਵਿਚ ਕਿਹਾ ਕਿ ਅਸ਼ੋਕ ਸਾਡਾ ਗੁਆਂਢੀ ਹੀ ਨਹੀਂ ਬਲਕਿ ਦੁਨੀਆਂ ਵਿਚ ਜਿਥੇ ਵੀ ਪੰਜਾਬੀ ਸਾਹਿਤ ਪ੍ਰੇਮੀ ਵਸਦੇ ਹਨ ਉਹਨਾਂ ਦੇ ਦਿਲਾਂ ਵਿਚ ਇਕ ਆਪਣੀ ਵੱਖਰੀ ਥਾਂ ਬਣਾ ਚੁੱਕਾ ਹੈ। ਉਸਦੀ ਮਿਹਨਤ ਲਗਨ ਅਤੇ ਸਿਰੜ ਦਾ ਹੀ ਸਿੱਟਾ ਹੈ ਕਿ ਉਹ ਜੰਮਿਆ ਪੰਜਾਬ ’ਚ ਹੈ, ਰਹਿੰਦਾ ਅਮਰੀਕਾ ’ਚ ਹੈ ’ਤੇ ਉਸਦੀਆਂ ਪੁਸਤਕਾਂ ਦੀ ਗੱਲ ਟੋਰਾਂਟੋ ’ਚ ਚੱਲ ਰਹੀ ਹੈ। ਪ੍ਰੋ. ਜਗੀਰ ਸਿੰਘ ਕਾਹਲੋਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਸ਼ੋਕ ਭੌਰੇ ਨੇ ਵਾਰਤਕ ਨੂੰ ਨਵੀਂ ਰੂਹ ਹੀ ਨਹੀਂ ਦਿੱਤੀ ਸਗੋਂ ਨਵੇਂ ਅਲੰਕਾਰ ’ਤੇ ਮੁਹਾਵਰਿਆਂ ਵਰਗੇ ਵਾਕ ਵੀ ਦਿੱਤੇ ਹਨ। ਉਸਦੀ ਸ਼ੈਲੀ ਬੇਹੱਦ ਸੁਆਦਲੀ ਹੈ। ਪਾਠਕ ਨੂੰ ਉਂਗਲ ਫੜ ਕੇ ਨਾਲ ਨਾਲ ਤੋਰੀ ਰੱਖਦੀ ਹੈ। ਜਿਵੇਂ ਉਹ ਲਿਖਦਾ ਹੈ ਕਿ ‘ਮਨੁੱਖ ਨੂੰ ਕਿਸੇ ਵਰਗਾ ਨਹੀਂ ਸਗੋਂ ਆਪਣੇ ਹੀ ਵਰਗਾ ਹੀ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ’, ਮੈਂ ਕਹਿ ਸਕਦਾ ਹਾਂ ਕਿ ਪੰਜਾਬੀ ਸਾਹਿਤ ਵਿਚ ਅਸ਼ੋਕ ਸੱਚੀਂ ਮੁੱਚੀਂ ਹੀ ਆਪਣੇ ਵਰਗਾ ਹੀ ਹੈ। ਰੇਡੀਓ ਪੰਜਾਬੀ ਲਹਿਰਾਂ ਦੇ ਸੰਚਾਲਕ ’ਤੇ ਨਾਮੀ ਢਾਡੀ ਕਵੀਸ਼ਰ ਰਹੇ ਸਤਿੰਦਰਪਾਲ ਸਿੰਘ ਸਿੱਧਵਾਂ ਨੇ ਅਸ਼ੋਕ ਭੌਰੇ ਦੀ ਗੱਲ ਕਰਦਿਆਂ ਕਿਹਾ ਕਿ ਉਸਨੇ ਨਾ ਸਿਰਫ ਗਾਇਕਾਂ ਬਾਰੇ, ਗੀਤਕਾਰਾਂ ਬਾਰੇ ਤੇ ਪੰਜਾਬੀ ਸਾਹਿਤ ਦੀਆਂ ਹੋਰ ਵੰਨ੍ਹਗੀਆਂ ਤੇ ਲਿਖਿਆ ਹੈ ਸਗੋਂ ਢਾਡੀਆਂ ’ਤੇ ਕਵੀਸ਼ਰਾਂ ਬਾਰੇ ਸਿੱਖ ਇਤਿਹਾਸ ਵਿਚ ਗੱਲ ਕਰਨ ਵਾਲਾ ਇਕੋ ਨਾ ਸਿਰਫ ਅਸ਼ੋਕ ਹੀ ਹੈ। ਮੇਰੇ ਪਿਤਾ ਰਣਜੀਤ ਸਿੰਘ ਸਿੱਧਵਾਂ ਅਤੇ ਬਾਪੂ ਕਰਨੈਲ ਸਿੰਘ ਪਾਰਸ ਤੋਂ ਉਸਦੇ ਸਾਡੇ ਨਾਲ ਪਰਿਵਾਰਕ ਸਬੰਧ ਰਹੇ ਹਨ।

ਨਾਵਲਕਾਰ ਇਕਬਾਲ ਸਿੰਘ ਰਾਮੂੰਵਾਲੀਆ ਨੇ ਕਿਹਾ ਕਿ ਅਸ਼ੋਕ ਨੇ ਸਾਹਿਤ ’ਤੇ ਪੰਜਾਬੀ ਸੱਭਿਆਚਾਰ ਦੇ ਪਿੜ ਅੰਦਰ ਕੰਮ ਹੀ ਏਨਾ ਕੀਤਾ ਹੈ ਕਿ ਉਸਦੀ ਗੱਲ ਤੁਰਦੀ ਹੀ ਰਹੇਗੀ। ਉਹ ਆਪਣੀ ਉਮਰ ਨਾਲੋਂ ਸਾਹਿਤ ਦੇ ਖੇਤਰ ਵਿਚ ਕਾਫੀ ਅੱਗੇ ਹੈ। ਨਵਾਂਸ਼ਹਿਰ ਤੋਂ ਮੌਜੂਦਾ ਵਿਧਾਇਕਾ ਗੁਰਇਕਬਾਲ ਕੌਰ ਬਬਲੀ ਵੀ ਇਸ ਸਮਾਗਮ ਵਿਚ ਉਚੇਚੇ ਤੌਰ ’ਤੇ ਸ਼ਾਮਿਲ ਹੋਏ ਅਤੇ ਉਹਨਾਂ ਬੋਲਦਿਆਂ ਕਿਹਾ ਕਿ ਸ੍ਰ. ਦਿਲਬਾਗ ਸਿੰਘ ਨਵਾਂਸ਼ਹਿਰ ਤੋਂ ਲੈ ਕੇ ਸਾਹਿਤ ’ਤੇ ਮੇਲਿਆਂ ਦੇ ਖੇਤਰ ਵਿਚ ਅਸ਼ੋਕ ਦੀ ਗੱਲ ਸਾਡਾ ਸਾਰਾ ਰਾਜਨੀਤਕ ਪਰਿਵਾਰ ਕਰਦਾ ਰਿਹਾ ਹੈ ਅਤੇ ਮੈਂ ਮਾਣ ਨਾਲ ਕਹਾਂਗੀ ਕਿ ਜਿਸ ਪਿੰਡ ’ਚ ਅਸ਼ੋਕ ਜੰਮਿਆਂ ਹੈ ਮੈਂ ਉਸ ਪਿੰਡ ਦੀ ਨੂੰਹ ਹਾਂ ਅਤੇ ਅਸੀਂ ਹਮੇਸ਼ਾ ਉਸਦੇ ਨਾਲ ਖੜੇ ਰਹਾਂਗੇ।

ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਇਕਬਾਲ ਮਾਹਲ, ਪ੍ਰਿੰ. ਸਰਵਣ ਸਿੰਘ, ਅਸ਼ੋਕ ਭੌਰਾ, ਗੁਰਚਰਨ ਭੌਰਾ, ਜਗੀਰ ਸਿੰਘ ਕਾਹਲੋਂ ਅਤੇ ਬਜ਼ੁਰਗ ਪੱਤਰਕਾਰ ਸੁਰਜਣ ਸਿੰਘ ਜੀਰਵੀ ਹਾਜ਼ਰ ਸਨ।

ਟੋਰਾਂਟੋ ਦੀਆਂ ਜਿਨ੍ਹਾਂ ਰਾਜਨੀਤਕ ਹਸਤੀਆਂ ਨੇ ਇਸ ਸਮਾਗਮ ਵਿਚ ਅਸ਼ੋਕ ਭੌਰਾ ਦੀ ਪੁਸਤਕ ‘ਸ਼ਬਦਾਂ ਦਾ ਜਾਦੂਗਰ’ ਦੇ ਜਾਰੀ ਹੋਣ ’ਤੇ ਵਧਾਈ ਦਿੰਦਿਆਂ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਵਿਚ ਮੈਂਬਰ ਪਾਰਲੀਮੈਂਟ ਪਰਮ ਗਿੱਲ, ਸਾਬਕ ਮੈਂਬਰ ਪਾਰਲੀਮੈਂਟ ਗੁਰਬਖਸ਼ ਸਿੰਘ ਮੱਲ੍ਹੀ, ਐਮ ਐਲ ਏ ਹਰਿੰਦਰ ਮੱਲ੍ਹੀ, ਵਿਕ ਢਿੱਲੋਂ, ਕੌਂਸਲ ਗੁਰਪ੍ਰੀਤ ਢਿੱਲੋਂ ਹਾਜ਼ਰ ਸਨ।

ਪੁਸਤਕ ਦੀ ਘੁੰਡ ਚੁਕਾਈ ਉਪਰੰਤ ਜਿਥੇ ਪੰਜਾਬੀ ਸਾਹਿਤ ਸਬੰਧੀ ਵਿਆਖਿਆ ਅਤੇ ਵਿਸ਼ਲੇਸ਼ਣ ਹੁੰਦਾ ਰਿਹਾ ਉਥੇ ਗੀਤ ਸੰਗੀਤ ਵੀ ਵਿਚ ਵਿਚਾਲੇ ਆਪਣੀ ਰੌਣਕ ਲਾਉਂਦਾ ਰਿਹਾ।

‘ਸੈਂਚੁਰੀ 21 ਰਿਐਲਿਟੀ’ ਦੇ ਗੁਰਚਰਨ ਸਿੰਘ ਭੌਰਾ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਸਾਡਾ ਪਿੰਡ ਭੌਰਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਧੂ ਸਿੰਘ ਭੌਰਾ, ਸ੍ਰ. ਦਿਲਬਾਗ ਸਿੰਘ ਨਵਾਂਸ਼ਹਿਰ, ਪ੍ਰਕਾਸ਼ ਸਿੰਘ, ਚਰਨਜੀਤ ਚੰਨੀ, ਇੰਗਲੈਂਡ ਦੀ ਉਲੰਪਿਕ ਹਾਕੀ ਟੀਮ ਦੇ ਖਿਡਾਰੀ ਰਹੇ ਕੁਲਵੀਰ ਸਿੰਘ ਭੌਰਾ ਤੇ ਜਿਥੇ ਮਾਣ ਕਰਦਾ ਰਿਹਾ ਹੈ ਉਥੇ ਅਸੀਂ ਇਸ ਗੱਲ ਤੇ ਵੀ ਫਖਰ ਮਹਿਸੂਸ ਕਰਦੇ ਹਾਂ ਕਿ ਇਸ ਪਿੰਡ ਨੇ ਅਸ਼ੋਕ ਭੌਰੇ ਵਰਗਾ ਉਹ ਸਾਹਿਤਕਾਰ ਦਿੱਤਾ ਹੈ ਜਿਸ ਦੀ ਇਸ ਵੇਲੇ ਦੁਨੀਆਂ ਭਰ ਵਿਚ ਚਰਚਾ ਹੈ ’ਤੇ ਉਸਨੂੰ ਹਰ ਵਰਗ ਵਲੋਂ ਰੱਜਵਾਂ ਮਾਣ ਸਤਿਕਾਰ ਮਿਲ ਰਿਹਾ ਹੈ।



ਪ੍ਰਧਾਨਗੀ ਮੰਡਲ ਵਿਚ ਬੈਠੇ ਹਨ ਇਕਬਾਲ ਮਾਹਲ, ਗੁਰਚਰਨ ਭੌਰਾ, ਅਸ਼ੋਕ ਭੌਰਾ, ਪ੍ਰਿੰ. ਸਰਵਣ ਸਿੰਘ ਅਤੇ ਜਗੀਰ ਸਿੰਘ ਕਾਹਲੋਂ



ਬਰੈਂਪਟਨ ਕੌਂਸਲ ਵਲੋਂ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼



ਪੁਸਤਕ ‘ਸ਼ਬਦਾਂ ਦਾ ਜਾਦੂਗਰ’ ਜਾਰੀ ਕੀਤੇ ਜਾਣ ਦੀ ਇਕ ਝਲਕ।

ਇਸ ਮੌਕੇ ’ਤੇ ਸਾਹਿਤਕ ਹਸਤੀਆਂ ਵਿਚ ‘ਪੰਜਾਬੀ ਕਲਮਾਂ ਦਾ ਕਾਫਲਾ’ ਤੋਂ ਕੁਲਵਿੰਦਰ ਖਹਿਰਾ, ਕੁਲਜੀਤ ਮਾਨ, ਪਿਆਰਾ ਸਿੰਘ ਕੁੱਦੋਵਾਲ ’ਤੇ ਮਿਸਜ਼ ਕੁੱਦੋਵਾਲ, ਪੂਰਨ ਸਿੰਘ ਪਾਂਧੀ, ਗੁਰਦਿਆਲ ਬੱਲ, ਪ੍ਰੋ. ਅਜੀਤ ਹਿਰਖੀ ਹਾਜ਼ਰ ਸਨ। ਕਈ ਗੁਰੂਘਰਾਂ ਦੇ ਮੁੱਖ ਸੇਵਾਦਾਰ, ਰਾਗੀ, ਭਾਈ ਸਮੁੱਚੇ ਟੋਰਾਂਟੋ ਤੋਂ ਅਸ਼ੋਕ ਭੌਰਾ ਦੀਆਂ ਲਿਖਤਾਂ ਦੇ ਪ੍ਰਸ਼ੰਸਕ ਹੋਣ ਦੇ ਨਾਤੇ ਸਮਾਗਮ ਵਿਚ ਸ਼ਾਮਿਲ ਹੋਏ।

ਟੋਰਾਂਟੋ ਦਾ ਸਮੁੱਚਾ ਇਲੈਕਟ੍ਰਾਨਿਕ ਅਤੇ ਪ੍ਰਿੰਟ ਮੀਡੀਆ ਹਾਜ਼ਰ ਸੀ। ਏ ਟੀ ਐਨ, ਗਲੋਬਲ ਪੰਜਾਬ ਟੀ ਵੀ, ਰੇਡੀਓ ਸਰਗਮ ਤੋਂ ਪ੍ਰੋ. ਬਲਵਿੰਦਰ ਸਿੰਘ ਧਾਲੀਵਾਲ, ਰਜਿੰਦਰ ਸੈਣੀ, ਬਲਜਿੰਦਰ ਤੰਬੜ, ਜੋਤੀ ਸ਼ਰਮਾ, ਮਿਸਟਰ ਲਾਲੀ ਅਤੇ ਰੋਜ਼ਾਨਾ ਅਜੀਤ ਤੋਂ ਹਰਜੀਤ ਸਿੰਘ ਬਾਜਵਾ ਨੇ ਹਾਜ਼ਰੀ ਭਰੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸਮਾਗਮ ਦੇ ਮੁੱਖ ਸੂਤਰਧਾਰ ਐਸ ਅਸ਼ੋਕ ਭੌਰਾ ਨੇ ਪੇਸ਼ ਕਰਦਿਆਂ ਕਿਹਾ ਕਿ ਇੰਨਾ ਪਿਆਰ ਸਾਹਿਤ ਦੇ ਖੇਤਰ ਵਿਚ ਏਨੀ ਉਮਰ ਵਿਚ ਮਿਲਣਾ ਹੀ ਉਸ ਦੀ ਪ੍ਰਾਪਤੀ ਹੈ।ਪ੍ਰਿੰ. ਸਰਵਣ ਸਿੰਘ ਦੇ ਕਹਿਣ ਵਾਂਗ ਕਿ ਮਨੁੱਖ ਦੇ ਮੂੰਹ ਵਿਚ ਦੰਦ ਤਾਂ 32 ਹੁੰਦੇ ਹਨ ਪਰ ਮੈਂ 33 ਦੇਸ਼ਾਂ ਵਿਚ ਹੁਣ ਤੱਕ ਸਰਗਰਮ ਵਿਚਰਨ ਦਾ ਮਾਣ ਹਾਸਲ ਕਰ ਸਕਿਆ ਹਾਂ ਜੋ ਸਿਰਫ ਮੇਰੀਆਂ ਸਾਹਿਤਕ ਪ੍ਰਾਪਤੀਆਂ ਦਾ ਹੀ ਸਿੱਟਾ ਹੈ।ਸ੍ਰੀ ਭੌਰਾ ਨੇ ਕਿਹਾ ਕਿਹਾ ਉਹਨਾਂ ਦਾ ਸਾਹਿਤਕ ਸਫਰ ਲੜੀਵਾਰ ਕਾਲਮਾਂ ਦੇ ਰੂਪ ਵਿਚ ਰੋਜ਼ਨਾ ‘ਅਜੀਤ’ ਜਲੰਧਰ ਨਾਲ ਢਾਈ ਦਹਾਕੇ ਜੁੜਿਆ ਰਿਹਾ ਹੈ ਅਤੇ ਉਹ ਆਪਣੇ ਪਿਤਾ ਸਮਾਨ ਹੀ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਮੰਨਦੇ ਹਨ।ਜਗ ਬਾਣੀ, ਪੰਜਾਬੀ ਟ੍ਰਿਬਿਊਨ ਅਤੇ ਪੰਜਾਬੀ ਦੇ ਸਾਹਿਤਕ ਮਾਸਿਕ ਪਰਚਿਆਂ ਤੋਂ ਬਾਅਦ ਅਮਰੀਕਾ ਵਿਚ ਪੰਜਾਬ ਟਾਈਮਜ਼ ਅਤੇ ਕੈਨੇਡਾ ਇੰਡੋ ਕਨੇਡੀਅਨ ਟਾਈਮਜ਼ ਵਿਚ ਪਿਛਲੇ ਅੱਠ ਸਾਲਾਂ ਤੋਂ ਸਥਾਈ ਕਾਲਮ ਲਿਖਣਾ ਵੀ ਮੇਰਾ ਮਾਣ ਦਾ ਬਣਦਾ ਹੈ। ਜੇ ਮੈਨੂੰ ‘ਸ਼ਬਦਾਂ ਦਾ ਜਾਦੂਗਰ’ ਕਿਹਾ ਜਾਂਦਾ ਹੈ ਜਾਂ ਨੌਜਵਾਨ ਵਰਗ ਤੋਂ ਲੈ ਕੇ ਬਜ਼ੁਰਗਾਂ ਤੱਕ ਮੇਰੀਆਂ ਲਿਖਤਾਂ ਨੂੰ ਹੱਥੀਂ ਛਾਵਾਂ ਕੀਤੀਆਂ ਜਾਂਦੀਆਂ ਹਨ ਤਾਂ ਮੈਂ ਸਮਝਦਾ ਹਾਂ ਕਿ ਮੇਰੇ ਲਿਖਣ ਅਤੇ ਜ਼ਿੰਦਗੀ ਦਾ ਮਿਸ਼ਨ ਸਫਲ ਹੈ।

ਜਸਪਾਲ ਗਹੂਣੀਆਂ, ਗੁਰਚਰਨ ਭੌਰਾ ਅਤੇ ਸੁਖਵਿੰਦਰ ਭੌਰਾ ਦੀ ਅਗਵਾਈ ਵਿਚ ਅਯੋਜਿਤ ਇਸ ਸਮਾਗਮ ਨਾਲ ਮੈਂ ਇਹ ਕਹਿ ਸਕਦਾ ਹੈ ਕਿ ਪੰਛੀ ਉਡਦਾ ਭਾਵੇਂ ਅਸਮਾਨ ਵਿਚ ਹੈ ਪਰ ਆਲਣਾ ਧਰਤੀ ’ਤੇ ਪਾ ਕੇ ਰੱਖਦਾ ਹੈ। ਪਿੰਡ ਵਾਲਿਆਂ ਵਲੋਂ ਜਿਹੜਾ ਮਾਣ ਮੈਨੂੰ ਦਿੱਤਾ ਗਿਆ ਹੈ ਉਹ ਸਭ ਤੋਂ ਵੱਡਾ ਮਹਿਸੂਸ ਕਰਦਾ ਹਾਂ। ਇਸ ਮੌਕੇ ਤੇ ਉਸਨੇ ਆਪਣੀਆਂ ਲਿਖਤਾਂ ਵਿਚੋਂ ਕੁਝ ਚੋਣਵੇਂ ਮੁਹਾਵਰਿਆਂ ਵਰਗੇ ਵਾਰਤਿਕ ਵਾਕ ਵੀ ਸੁਣਾਏ ਅਤੇ ਰਾਜਨੀਤਕ ਸਥਿਤੀ ’ਤੇ ਕਟਾਖਸ਼ ਕਰਦੇ ਕਾਵਿ ਵਿਅੰਗ ਸੁਣਾ ਕੇ ਮਹੌਲ ਨੂੰ ਇਕ ਤਰ੍ਹਾਂ ਨਾਲ ਤਾੜੀਆਂ ਵਿਚ ਵੀ ਬਦਲਿਆ। ਉਸਨੇ ਕਿਹਾ ਕਿ ਅਜਿਹੇ ਸਮਾਗਮ ਮੇਰੀਆਂ ਸਾਹਿਤਕ ਜ਼ਿੰਮੇਵਾਰੀਆਂ ਨੂੰ ਹੋਰ ਵੀ ਵਧਾਉਣਗੇ।

ਗੁਰਮਿੰਦਰ ਬੱਲ, ਕਮਲ ਸੰਧੂ, ਦਲਵੀਰ ਥਾਂਦੀ, ਗੁਰਦੀਪ ਸਿੰਘ ਚੇੜਾ, ਹਰਵਿੰਦਰ ਭੁਲਕੂ, ਰਕੇਸ਼ ਜੋਸ਼ੀ, ਹਰਜਿੰਦਰ ਚੇੜਾ, ਗੁਰਦੀਪ ਸਿੰਘ ਨੌਰਾ ਅਤੇ ਪਿੰਡ ਭੌਰਾ ਦੇ ਅਨੇਕਾਂ ਪਰਿਵਾਰ ਇਸ ਸਮਾਗਮ ਦੀ ਸ਼ੋਭਾ ਬਣੇ। ਸਾਰੇ ਆਏ ਹੋਏ ਮਹਿਮਾਨਾਂ ਲਈ ਚਾਹ ਪਾਣੀ ਦਾ ਵੀ ਵਧੀਆ ਬੰਦੋਬਸਤ ਕੀਤਾ ਗਿਆ ਸੀ।

ਸਾਹਿਤਕ ਸਮਾਗਮਾਂ ਵਿਚ ਇਸ ਤਰ੍ਹਾਂ ਪੁਸਤਕ ਰਿਲੀਜ਼ ਕਰਨ ਦੀ ਪ੍ਰੰਪਰਾ ਵੀ ਸ਼ਾਇਦ ਅਸ਼ੋਕ ਭੌਰਾ ਦੀਆਂ ਲਿਖਤਾਂ ਕਰਕੇ ਨਵੇਂ ਰੂਪ ਵਿਚ ਸਾਹਮਣੇ ਆ ਸਕੀ ਹੈ।




ਦਰਦ ਨਿਵਾਰਕ ਕਲੀਨਿਕ

ਧੌਣ ਦਾ ਦਰਦ

ਪਿੱਠ ਅਤੇ ਲੱਤਾਂ ਦਾ ਦਰਦ

ਹੋਰ ਬਹੁਤ ਸਾਰੇ ਗੁੱਪਤ ਰੋਗਾ ਦੇ ਇਲਾਜ

ਜ਼ਿਨ੍ਹਾ ਸਾਰੀਆ ਬਿਮਾਰੀਆ ਦੇ ਇਲਾਜ ਕਰਵਾ ਕੇ ਥੱਕ ਬੈਠੇ ਹੋ ਜਾ ਫਿਰ ਇੰਡੀਆ ਜਾ ਕੇ ਇਲਾਜ ਕਰਵਾਉਣਾ ਚਾਹੁੰਦੇ ਹੋ ਤਾਂ ਇੱਕ ਵਾਰੀ ਸਾਨੂੰ ਜਰੂਰ ਫਰੀ ਸਲਾਹ ਮਸ਼ਵਰੇ ਲਈ ਮਿਲੋ

ਸੁਰਿੰਦਰ ਸਿੰਘ ਸੱਗੀ

416-570-9647

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

**ਸੰਪਾਦਕ ਮੰਡਲ (ਆਨਰੇਰੀ)**

ਮਾ. ਭਜਨ ਸਿੰਘ ਕੈਲਗਰੀ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ

ਹਰਨੇਕ ਧਾਲੀਵਾਲ, ਵਿੰਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਡਾ. ਹਰਦੀਪ ਸਿੰਘ, ਗੁਐਲਫ਼
+1-226 979 5688
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com

‘ਸਰੋਕਾਰਾਂ ਦੀ ਆਵਾਜ਼’ ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਤਰਕਸ਼ੀਲ ਸੋਸਾਇਟੀ ਵਲੋਂ ਕਾਲਬੁਰਜੀ ਦੇ ਕਤਲ ਦੀ ਜ਼ੋਰਦਾਰ ਸ਼ਬਦਾਂ 'ਚ ਨਿਖੇਧੀ

ਬਰੈਂਪਟਨ, (ਡਾ ਬਲਜਿੰਦਰ ਸਿੰਘ ਸੇਖੋਂ) : ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ ਵਲੋਂ ਅਪਣੀ ਕਾਰਜਕਰਨੀ ਦੀ ਹੰਗਾਮੀ ਮੀਟਿੰਗ ਵਿਚ ਪ੍ਰਸਿੱਧ ਤਕਰਸ਼ੀਲ ਬੁੱਧੀਜੀਵੀ, ਸਾਬਕਾ ਵਾਇਸ ਚਾਂਸਲਰ ਤੇ ਕੌੜਾ ਸੱਚ ਮੂੰਹ ਤੇ ਕਹਿਣ ਲਈ ਜਾਣੇ ਜਾਂਦੇ ਪ੍ਰਾਚੀਨ ਕੱਨੜ ਸਹਿਤ ਦੇ ਖੋਜੀ ਮਾਲੇਸ਼ੱਪਾ ਕਾਲਬੁਰਜੀ ਦੇ ਸੰਭਾਵੀ ਰੂੜੀਵਾਦੀ ਕੱਟੜ ਧਾਰਮਿਕ ਜਨੂੰਨੀਆਂ ਵਲੋਂ ਕੀਤੇ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਉਨ੍ਹਾਂ ਦੇ ਕਤਲ ਨਾਲ ਲੋਕ ਹਿੱਤੂ ਤੇ ਇੱਕ ਸਾਫ ਦਿੱਲ ਵਿਦਵਾਨ ਲੋਕਾਂ ਤੋਂ ਪਿਛਾਂਹਖਿਚੂ ਤਾਕਤਾਂ ਦੁਆਰਾ ਖੋਹ ਲਿਆ ਗਿਆ ਹੈ। ਉਨ੍ਹਾਂ ਦੇ ਤਰਕਸ਼ੀਲ ਬਿਆਨਾਂ ਤੇ ਲਿਖਤਾਂ ਕਾਰਨ, ਉਨ੍ਹਾਂ ਨੂੰ ਕੱਟੜ ਹਿੰਦੂ ਫ਼ਾਂਸ਼ੀਵਾਦੀਆਂ ਵਲੋਂ ਮਿਲੀਆਂ



ਧਮਕੀਆਂ ਨੂੰ ਵੇਖਦਿਆਂ, ਪੁਲਿਸ ਸੁਰੱਖਿਆ ਦਿੱਤੀ ਗਈ ਸੀ, ਪਰ ਇਸ ਬਹਾਦਰ ਨੇ ਸੁਰੱਖਿਆ ਨੂੰ ਅਪਣੇ ਤੇ ਖੋਜੀ ਵਿਦਿਆਰਥੀਆਂ ਵਿਚਕਾਰ ਰੁਕਾਵਟ ਮੰਨਦਿਆਂ, ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਐਤਵਾਰ ਸਵੇਰੇ ਦੋ ਗੁੰਡੇ ਵਿਦਿਅਰਥੀਆਂ ਦੇ ਭੇਸ ਵਿਚ ਉਨ੍ਹਾਂ ਦੇ ਧਾਰਵਾੜ ਵਿਚਲੇ ਘਰ ਉਨ੍ਹਾਂ ਨੂੰ ਮਿਲਣ ਦੇ ਬਹਾਨੇ ਮੋਟਰ ਸਾਇਕਲ ਤੇ ਆਏ ਤੇ ਉਨ੍ਹਾਂ ਵਿਚੋਂ ਇਕ ਘਰ ਅੰਦਰ ਦਾਖਿਲ ਹੋਇਆ ਅਤੇ ਸੰਖੇਪ ਗਲਬਾਤ ਤੋਂ ਬਾਅਦ ਕਾਲਬੁਰਜੀ ਦਾ ਕਤਲ ਕਰਨ ਉਪਰੰਤ ਫਰਾਰ ਹੋ ਗਿਆ। ਸੁਸਾਇਟੀ ਕੁਝ ਕੁ ਕੱਟੜ ਧਾਰਮਿੱਕ ਜਥੇਬੰਦੀਆਂ ਵਲੋਂ ਕਾਲਬੁਰਜੀ ਦੀ ਮੌਤ ਓਪਰੰਤ ਜਸ਼ਨ ਮਨਾਏ ਜਾਣ ਤੇ ਵੀ ਗੁੱਸੇ ਤੇ ਰੋਹ ਦਾ ਇਜ਼ਹਾਰ ਕਰਦੀ ਹੈ।

ਸ੍ਰੀ ਕਾਲਬੁਰਜੀ ਕਰਨਾਟਕਾ ਦੇ ਲਿੰਗਾਇਟਸ ਮੱਧਵਰਗ ਜਾਤੀ ਵਿਚ ਪੈਦਾ ਹੋਏ ਅਤੇ ਅਪਣੀ ਇਸੇ ਜਾਤੀ ਵਿਚਲੇ ਧਾਰਮਿੱਕ ਆਗੂਆਂ ਦੇ ਜੀਵਨ ਬਾਰੇ ਖੋਜ ਕੀਤੀ। ਉਨ੍ਹਾਂ ਦੇ ਖੋਜ ਅਧਾਰਤ ਤੱਥ ਇਸ ਜਾਤੀ ਦੇ ਤੱਕੜੇ ਲੋਕਾਂ ਨੂੰ ਰਾਸ ਨਾ ਆਏ ਅਤੇ ਉਨ੍ਹਾਂ ਦੇ ਬਹੁੱਤ ਸਾਰੇ ਦੁਸ਼ਮਣ ਪੈਦਾ ਹੋ ਗਏ। ਉਹ ਹਿੰਦੂ ਧਰਮ ਵਿਚਲੀਆਂ ਕਈ ਰਹੁ ਰੀਤਾਂ ਦੇ ਕਰੜੇ ਅਲੋਚਕ ਸਨ ਅਤੇ ਮੂਰਤੀ ਪੂਜਾ ਦੇ ਸਖਤ ਖਿਲਾਫ ਸਨ। ਉਹ ਵਾਚਨਾ ਸ਼ਲੋਕਾਂ ਦੇ ਗਿਆਨੀ ਸਨ, ਜੋ ਲਿੰਗਾਇਟਸ ਸਹਿਤ ਦਾ ਮੁੱਢ ਮਨੇ ਜਾਂਦੇ ਹਨ। ਵਾਚਨਾਂ ਸਲੋਕ ਰੋਜ਼ ਦੀਆਂ ਰਹੁ ਰੀਤਾਂ ਵਾਂਗ ਹਨ, ਜੋ ਲੋਕਾਂ ਨੂੰ ਸਹੀ ਜਿੰਦਗੀ ਜਿਉਣ ਦਾ ਮਾਰਗ ਦਰਸ਼ਨ ਕਰਦੀਆਂ ਹਨ। ਉਨ੍ਹਾਂ ਵਲੋਂ ਇਨ੍ਹਾਂ ਸਲੋਕਾਂ ਦੀ ਕੀਤੀ ਵਿਆਖਿਆ ਕਾਰਨ ਇਸ ਜਾਤੀ ਦੇ ਰੂੜੀਵਾਦੀਆਂ ਵਲੋਂ ਕਈ ਵਾਰ ਜਾਨੋ ਮਾਰਨ ਦੀਆਂ ਧਮਕੀਆਂ ਦਿਤੀਆਂ ਜਾ ਚੁੱਕੀਆਂ ਸਨ। ਪਰ ਉਹ ਇਨ੍ਹਾਂ ਸਲੋਕਾਂ ਦੀ ਉਦਾਰਵਾਦੀ ਵਿਆਖਿਆ ਕਰਦੇ ਰਹੇ, ਜਿਸ ਨਾਲ ਇਸ ਜਾਤੀ ਵਿਚ ਸਥਾਪਿਕ ਸ਼ਕਤੀਆਂ ਤੇ ਧਾਰਮਿਕ ਤੌਰ ਤੇ ਹੀ ਨਹੀਂ ਸਗੋਂ ਸਿਆਸੀ ਤੇ ਆਰਥਿਕ ਤੌਰ ਤੇ ਵੀ ਮਾੜਾ ਅਸਰ ਪਿਆ। ਆਖਿਰ ਇਨ੍ਹਾਂ ਸ਼ਕਤੀਆਂ ਨੇ 1989 ਵਿਚ ਉਨ੍ਹਾਂ ਦੁਆਰਾ ਲਿਖੀ ਕਿਤਾਬ ਨੂੰ 12ਵੀ ਸਦੀ ਦੇ ਸੰਤ ਦਾ ਨਿਰਾਦਰ ਕਰਨ ਦਾ ਦੋਸ਼ ਲਾ ਕੇ ਮਾਰਨ ਦੀ ਧਮਕੀ ਦਿੱਤੀ। ਉਨ੍ਹਾਂ ਦੀਆਂ ਲਿਖਤਾਂ ਨੂੰ 43 ਸਥਾਈ ਲਿਖਾਰੀਆਂ ਨੇ ਇੱਕ ਕਮੇਟੀ ਬਣਾ ਕੇ ਅਪਣਾ ਸਮੱਰਥਣ ਦਿੱਤਾ। ਪ੍ਰੰਤੂ ਉਨ੍ਹਾਂ ਦੇ ਕਤਲ ਨੇ ਸਾਫ਼ ਕਰ ਦਿੱਤਾ ਹੈ ਕਿ ਅਜਿਹੀਆਂ ਸ਼ਕਤੀਆਂ ਕਿਸੇ ਵੀ ਤਰਕ ਨੂੰ ਸਮਝਣ ਜਾਂ ਮੰਨਣ ਦੀ ਕੋਈ ਮਨਸ਼ਾ ਨਹੀਂ ਰਖਦੀਆਂ, ਉਨ੍ਹਾਂ ਦਾ ਕੋਝਾ ਰਾਹ, ਸਹੀ ਅਵਾਜ਼ ਨੂੰ ਤਾਕਤ ਦੇ ਜ਼ੋਰ ਬੰਦ ਕਰਨਾ ਹੀ ਹੈ, ਜੋ ਅਜੋਕੇ ਸਮਾਜ ਵਿਚ ਨਿੰਦਣ ਯੋਗ ਹੈ।

ਤਰਕਸ਼ੀਲ ਸੁਸਾਇਟੀ ਸ੍ਰੀ ਕਾਲਬੁਰਜੀ ਦੇ ਕਤਲ ਤੇ ਦੁੱਖ ਦਾ ਇਜ਼ਹਾਰ ਕਰਦੀ ਹੋਈ, ਉਨ੍ਹਾਂ ਦੇ ਕਾਤਲਾਂ ਨੂੰ ਲੱਭ ਕੇ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕਰਦੀ ਹੈ। ਇਸ ਸੰਸਥਾ ਬਾਰੇ ਹੋਰ ਜਾਣਕਾਰੀ ਲਈ ਸੁਸਾਇਟੀ ਦੇ ਕੋਆਰਡੀਨੇਟਰ ਡਾ ਬਲਜਿੰਦਰ ਸੇਖੋਂ (905 781 1197) ਜਾਂ ਸਹਾਇਕ ਕੋਆਰਡੀਨੇਟਰ ਨਛੱਤਰ ਬਦੇਸ਼ਾ (647 267 3397) ਨਾਲ ਸੰਪਰਕ ਕੀਤਾ ਜਾ ਸਕਦਾ ਹੈ।













# ਸਾਮਰਾਜ ਦੀ ਉਪਜ ਦਹਿਸ਼ਤਗਰਦੀ, ਦਹਿਸ਼ਤਗਰਦੀ ਦੀ ਉਪਜ ਰਫਿਊਜੀ ਸੰਕਟ



ਪ੍ਰਿੰਸੀਪਲ ਬਲਕਾਰ ਸਿੰਘ ਬਾਜਵਾ

ਸਾਮਰਾਜ ਪਹਿਲਾਂ ਲੋਕਾਂ ਨੂੰ ਲੁੱਟਦੈ, ਜਦੋਂ ਉਹ ਜਾਂ ਉਨ੍ਹਾਂ ਦੀ ਸਰਕਾਰ ਆਕੀ ਹੋ ਜਾਂਦੀ ਹੈ, ਫਿਰ ਕੁਟਾਉਂਦੈ, ਅਤੇ ਫਿਰ ਰਫਿਊਜੀਆਂ ਦੀ ਸਥਾਪਨਾ ਲਈ ਆਪਸ ਵਿੱਚ ਵੰਡੀਆਂ ਪਾਉਂਦੈ। ਕਿੱਢੀ ਵੱਡੀ ਵਿਡੰਬਣਾ ਹੈ। ਮਾਨਵਤਾ ਦੇ ਨਾਮ ਹੇਠ ਹੁਣ ਯੂਰਪੀ ਦੇਸ਼ਾਂ ਸਮੇਤ ਉੱਤਰੀ ਅਮਰੀਕਾ, ਅਸਟਰੇਲੀਆ ਤੇ ਨਿਊਜਲੀਲੈਂਡ ਦੇ, ਰਫਿਊਜੀਆਂ ਦੇ ਕੋਟੇ ਨਿਸ਼ਚਤ ਕਰਨ ਦੇ ਚੱਕਰ ਚੱਲ ਰਹੇ ਹਨ। ਇਹ ਵਰਤਾਰਾ ਸੀਰੀਅਨ ਲੋਕਾਂ ਦੇ ਰਫਿਊਜੀ ਸੰਤਾਪ ਨੂੰ ਘਟਾਉਣ ਲਈ ਚੱਲ ਰਿਹੈ। ਉਹੀ ਸੰਤਾਪ ਜਿਹੜਾ ਵੱਖ ਵੱਖ ਮੌਕਿਆਂ 'ਤੇ ਅਫ਼ਗਾਨਿਸਤਾਨ, ਇਰਾਕ ਵਰਗੇ ਦੁਨੀਆਂ ਭਰ ਦੇ ਕਈ ਹੋਰ ਮੁਲਕਾਂ ਨੇ ਹੰਢਾਇਆ, ਅਤੇ ਹਾਲੀ ਵੀ ਹੰਢਾ ਰਹੇ ਹਨ। ਸੀਰੀਆ, ਲਿਬੀਆ ਤੇ ਲਿਬਨਾਨ ਵਰਗੇ ਦੇਸ਼ ਕੋਈ ਤੀਹ ਕੁ ਸਾਲ ਪਹਿਲਾਂ ਬੜੇ ਖੁਸ਼ਹਾਲ ਹੋਇਆ ਕਰਦੇ ਸਨ। ਸਾਡੇ ਲੋਕ ਉੱਥੇ ਨੌਕਰੀ ਕਰਨ ਜਾਂਦੇ ਹੁੰਦੇ ਸਨ। ਅੱਜ ਜਰਮਨੀ, ਗਰੀਸ, ਹੰਗਰੀ, ਕਰੋਸ਼ੀਆ, ਅਸਰਟੀਆ, ਆਦਿ ਦੇਸ਼ਾਂ ਦੇ ਦਰਾਂ 'ਤੇ ਇਹ ਲੋਕ ਰਫਿਊਜੀ ਬਣ ਆਸਰਿਆਂ ਦੀ ਭੀਖ ਮੰਗ ਰਹੇ ਹਨ। ਜਦੋਂ ਦਹਿਸ਼ਤਗਰਦੀ ਵੱਲੋਂ ਪੈਦਾ ਕੀਤੀ ਖਾਨਾਜੰਗੀ ਮੌਤ ਤੇ ਜਿਣਸੀ ਸੋਸ਼ਣ, ਬੇਹੁਰਮਤੀ ਦੇ ਅੱਖਾਂ ਸਾਹਮਣੇ ਹੁੰਦੇ ਨੰਗੇ ਨਾਚ ਨਚਾ ਰਹੀ ਹੋਵੇ, ਜੀਉਣਾ ਦੁੱਭਰ ਹੋ ਜਾਂਦੈ। ਲੋਕਾਂ ਘਰਾਂ ਤੋਂ ਨਿਕਲਣ ਲਈ ਮਜਬੂਰ ਹੋ ਗਏ ਹਨ। ਨਹੀਂ ਤਾਂ ਆਪਣੇ ਚੁੱਲ੍ਹੇ ਚੌਂਕੇ, ਘਰ-ਬਾਰ ਛੱਡਣ ਨੂੰ ਕੀਹਦਾ ਚਿੱਤ ਕਰਦੈ। ਸੀਰੀਆ ਤਾਂ 2011 ਤੋਂ ਲੈਕੇ ਇਸ ਦੀ ਮਾਰ ਝੱਲ ਰਿਹਾ ਹੈ। 3 ਲੱਖ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ 1 ਕਰੋੜ ਤੋਂ ਵੱਧ ਲੋਕ ਸ਼ਰਨਾਰਥੀ ਬਣ ਬਦੇਸ਼ੀ ਬਾਰਡਰਾਂ, ਕੰਡਿਆਲੀਆਂ ਤਾਰਾਂ, ਪੁਲਾਂ 'ਤੇ ਰੁਲ਼ ਰਹੇ ਹਨ। ਰੱਖਿਆ ਫੌਜਾਂ ਉਨ੍ਹਾਂ 'ਤੇ ਬੰਦੂਕਾਂ ਸੇਧੀ ਖੜ੍ਹੀਆਂ ਹਨ। ਕਈ ਤਾਂ ਪਹਿਲਾਂ ਹੀ ਸਮੁੰਦਰੀ ਪਾਣੀ ਵਿੱਚ ਹੀ ਮਰ ਖ਼ਪ ਗਏ। ਯੂਰਪੀ ਦੇਸ਼ਾਂ ਨੇ ਹੱਦਾਂ 'ਤੇ ਮਜ਼ਬੂਤ ਪੈਰ੍ਹੇ ਲਾ ਦਿੱਤੇ ਹਨ। ਰੇਲਾਂ ਰੋਕ ਦਿੱਤੀਆਂ ਗਈਆਂ ਹਨ। ਅੱਜ ਸੀਰੀਅਨ ਲੋਕ ਦਹਿਸ਼ਤਗਰਦਾਂ ਤੇ ਸਰਕਾਰੀ ਫੋਰਸਾਂ ਦੇ ਭੇੜ 'ਚ ਫਸੇ ਪਏ ਹਨ। ਖੌਫ਼ਜ਼ਦਾ ਲੋਕਾਂ ਲਈ ਸਭ ਤੋਂ ਸੌਖਾ ਯੂਰਪੀ ਦੇਸ਼ਾਂ ਵੱਲ ਜਾਣਾ ਹੈ। ਨਾਲੇ ਲੋਕ ਕਹਿੰਦੇ ਹਨ ਕਿ ਅੱਜ ਦਾ ਬਹੁਤਾ ਖੁਸ਼ਹਾਲ ਯੂਰਪ ਪਿਛਲੀਆਂ ਸਦੀਆਂ ਦੌਰਾਨ ਉਨ੍ਹਾਂ ਦੀ ਦੌਲਤ ਹੂੰਝਕੇ ਲਿਜਾਂਦਾ ਰਿਹਾ ਹੈ। ਹੁਣ ਦੀ ਉਨ੍ਹਾਂ ਦੀ ਮੰਦ-ਹਾਲੀ ਦੀ ਵੀ ਜ਼ਿੰਮੇਵਾਰੀ ਉਨ੍ਹਾਂ ਦੀ ਹੈ। ਯੋਰਪੀ ਦੇਸ਼ਾਂ 'ਚ ਇਹ ਸਮੱਸਿਆ ਜ਼ਿਆਦਾ ਹੈ।



21ਵੀਂ ਸਦੀ ਦੇ ਅਰੰਭ ਵਿੱਚ ਹੀ ਸੀਰੀਅਨ ਰਫਿਊਜੀ ਮਾਮਲਾ ਇੱਕ ਵੱਡਾ ਮਨੁੱਖੀ ਸੰਤਾਪ ਬਣ ਖਲੋਤੈ। ਸਮੱਸਿਆ ਸੋਸ਼ਲ ਮੀਡੀਏ 'ਚ ਹਰ ਰੋਜ਼ ਪੇਸ਼ ਹੋ ਰਹੀ ਹੈ। ਮੂਧੇ ਪਏ ਏਲਨ ਕੁਰਦ ਨਾਂਅ ਦੇ 3 ਸਾਲਾ ਬੱਚੇ ਦੀ ਲਾਸ਼ ਕਿਸੇ ਤਰ੍ਹਾ ਸਮੁੰਦਰੀ ਲਹਿਰਾਂ ਨਾਲ ਕੰਢੇ 'ਤੇ ਆ ਲੱਗੀ। ਮਾਰਮਿਕ ਫੋਟੋ ਮੀਡੀਏ 'ਚ ਆ ਰਹੀ ਹੈ। ਓਦਾਂ ਦੀ ਹੀ ਜਿੱਦਾਂ ਕਦੀ ਵੀਤਨਾਮ 'ਤੇ ਅਮਰੀਕੀ ਨਪਾਮ ਬੰਬ ਦੀ ਮਾਰ ਹੇਠ ਆਈ 9 ਸਾਲਾ ਕੁੜੀ ਝੁਲਸ ਗਈ ਸੀ। ਅੱਗ ਨਾਲ ਕਪੜੇ ਸੜ ਗਏ। ਉਸਦੀ ਨੰਗੇ ਧੜ ਚੀਕਦੀ, ਚਿਚਲਾਉਂਦੀ ਦੀ ਫੋਟੋ ਦੁਨੀਆਂ ਨੇ ਵੇਖੀ ਸੀ। (ਉਹ ਹੁਣ ਕੈਨੇਡਾ 'ਚ ਰਫਿਊਜੀ ਬਣ ਟੋਰਾਂਟੋ ਵਿਖੇ ਸਥਾਪਤ ਹੈ। ਕੈਨੇਡਾ ਨੇ ਉਸ ਨੂੰ ਅੱਜ ਕੱਲ੍ਹ ਯੂਨੈਸਕੋ ਵਿੱਚ ਸ਼ਾਂਤੀ ਦਾ ਦੂਤ ਥਾਪਿਆ ਹੋਇਐ।) ਉਸ ਫੋਟੋ ਨੇ ਦੁਨੀਆਂ 'ਚ ਤਹਿਲਕਾ ਮਚਾ ਦਿੱਤਾ। ਸ਼ਰਮ ਤੇ ਨਿਮੋਸ਼ੀ ਦੇ ਮਾਰੇ ਅਮਰੀਕਾ ਨੂੰ ਬੰਬਾਰੀ ਬੰਦ ਕਰਨੀ ਪਈ। ਆਖਿਰ ਅਮਰੀਕਨਾਂ ਨੂੰ ਵੀਤਨਾਮ ਦੀ ਰਾਜਧਾਨੀ ਸੈਗੋਨ ਦੇ ਇੱਕ ਦੋ ਛੱਤੇ ਘਰ ਤੋਂ ਹੈਲੀਕਾਪਟਰ ਰਾਹੀਂ ਭੱਜਦਿਆਂ ਨੂੰ ਦੁਨੀਆਂ ਨੇ ਵੇਖਿਆ। ਓਵੇਂ ਹੀ ਜਿਵੇਂ ਅਮਰੀਕਾ ਨੂੰ ਆਪਣੇ ਜਨਤਕ ਦਬਾਅ ਹੇਠ ਅਫਗਾਨਿਸਤਾਨ, ਇਰਾਕ 'ਚੋਂ ਫੌਜਾਂ ਕੱਢਣੀਆਂ ਪਈਆਂ ਹਨ।

ਬਹੁਤਾ ਦੂਰ ਨਾ ਜਾਈਏ। ਜ਼ਰਾ ਪਿਛਲੀ ਸਦੀ ਦੇ ਚਾਲ੍ਹੀਵਿਆਂ 'ਤੇ ਹੀ ਝਾਤ ਮਾਰੋ। ਰੰਗੀਂ ਵਸਦੇ ਲੱਖਾਂ ਬੇਕਸੂਰਾਂ ਦੇ ਖ਼ੂਨ ਨਾਲ ਹੋਲੀ ਖੇਡੀ ਗਈ, ਜਾਇਦਾਦਾਂ ਤੇ ਅਸਮਤਾਂ ਲੁੱਟੀਆਂ ਗਈਆਂ। 1947 ਦੀ ਵੰਡ ਵੇਲੇ ਦਾ ਕਹਿਰ ਅਸੀਂ ਵੇਖਿਆ ਹੀ ਨਹੀਂ, ਆਪਣੇ ਪਿੰਡਿਆਂ 'ਤੇ ਹੰਢਾਇਐ। ਪੰਜਾਬ ਦੀ ਵੰਡ ਵੇਲੇ ਹੱਦਾਂ ਤੇ ਬੈਠੇ ਅੱਜ ਦੇ ਸ਼ਰਨਾਰਥੀਆਂ ਵਾਂਗ ਪੰਜਾਬੀ ਵੀ ਕਦੀ ਹੁਸੈਨੀਵਾਲਾ, ਵਾਹਗਾ ਬਾਰਡਰ ਅਤੇ ਡੇਰਾ ਬਾਬਾ ਨਾਨਕ ਨੇੜੇ ਰਾਵੀ ਦੇ ਆਰ ਪਾਰ ਜਾਂਦੇ ਕਾਫ਼ਲਿਆਂ ਦੇ ਹਿੱਸਾ ਬਣੇ ਸੀ। ਅੰਗਰੇਜ਼ ਸਾਮਰਾਜ ਭਾਰਤ ਨੂੰ ਆਜ਼ਾਦੀ ਦੇਣ ਵੇਲੇ ਇਸ ਨੂੰ ਫਿਰਕੂ ਲੀਹਾਂ 'ਤੇ ਸ਼ੈਤਾਨੀ ਵੰਡ ਕਰਕੇ ਨਿਕਲਿਆ ਸੀ। ਆਜ਼ਾਦ ਭਾਰਤ ਦੇ ਨਵੇਂ ਹਾਕਮ ਉੱਚ ਆਹੁਦਿਆਂ ਦੀਆਂ ਸੌਂਹਾਂ ਚੁੱਕਣ 'ਚ ਲੱਗੇ ਰਹੇ, ਦੂਜੇ ਪਾਸੇ ਬੇਸਹਾਰਾ ਲੋਕ ਅੱਗਜ਼ਨੀ, ਲੁੱਟ, ਮਾਰ-ਧਾੜ ਤੇ ਬਲਾਤਕਾਰਾਂ ਦੇ ਸ਼ਿਕਾਰ ਹੁੰਦੇ ਰਹੇ। ਕਿਸੇ ਨੇ ਦੇਸ਼ ਦੀ ਅਮਨ

(ਬਾਕੀ ਸਫ਼ਾ 20 'ਤੇ)





